# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਐਮ. ਏ. (ਸਿੱਖ ਅਧਿਐਨ)** **ਸਮੈਸਟਰ ਪਹਿਲਾ**

**ਪੇਪਰ : ਚੌਥਾ (Sikh Ethics)** **ਯੂਨਿਟ : 1**

**ਮਾਧਿਅਮ : ਪੰਜਾਬੀ**

## ਪਾਠ ਨੰ.


1.1 : ਕੀਮਤ ਸਿਧਾਂਤ
(ੳ) ਅੰਦਰੂਨੀ ਅਤੇ ਬਾਹਰੀ ਮੁੱਲ
(ਅ) ਅਧਿਆਤਮਕ ਅਤੇ ਧਰਮ ਨਿਰਪੇਖ ਮੁੱਲ
1.2 : ਸੁਤਿ ਅਤੇ ਸਚਿਆਰ ਪਦ ਦੀ ਰੁਕਾਵਟਾਂ
1.3 : ਸਦਗੁਣ
(ੳ) ਸਿਆਣਪ
(ਅ) ਨਿਆਂ
(ੲ) ਸਾਹਸ
(ਸ) ਸੱਚਾਈ
(ਹ) ਨਿਮਰਤਾ
(ਕ) ਸੰਤੋਖ
1.4 : ਧਾਰਮਿਕ ਬਰਾਬਰੀ ਅਤੇ ਭਾਈਚਾਰਕ ਸਾਂਝ
1.5 : ਵਿਸ਼ਵ ਭਾਈਚਾਰਾ
1.6 : ਸਹਿਹੋਂਦ ਅਤੇ ਸਮਾਜਿਕ ਭਲਾਈ
1.7 : ਵਾਤਾਵਰਣ ਜਾਗਰੂਕਤਾ


**Department website : www.pbidde.org**

# Syllabus

**M.A. SIKH STUDIES PART- I**
**(Semester - I)**
**(2023-2024, 2024-2025 Sessions)**

## Paper IV Sikh Ethics
## ਪੇਪਰ- IV ਸਿਖ ਐਥਿਕਸ

**For Regular students Six *Periods per week per paper to be delivered.***

| For Regular/Distance Education Students | For Private Students |
|---|---|
| **Maximum Marks : 100**<br>**Theory : 75**<br>**Internal Assessment: 25** | **Maximum Marks: 100** |

| |
|---|
| **Time allowed: 3 hours**<br>**Pass marks : 35%** |

### INSTRUCTIONS FOR THE PAPER-SETTER

**(For Regular and Distance Education Students)**:

**1**. The question paper is to be divided into three Sections A, B & C. For Section A of the question paper the examiner would set 4 questions covering Section A & Section B of the syllabus. Out of the 4 questions 2 questions are to be attempted by the candidates. Each question carries 10 marks. (2X10 =20)

**2**. In section B of the question paper 7 questions are to be asked from the whole syllabus. Out of 7
Questions 5 questions are to be answered by the candidates. Each question carries 5 marks. (5X5=25)

**3.** In section C of the paper the examiner would ask 10 questions from the whole syllabus. All the questions in section C are compulsory. Each question carries 3 marks. (10X3 = 30)

### INSTRUCTIONS FOR THE CANDIDATES

Candidates will have to answer 2 questions out of 4 questions from Section- A, 5 questions out of 7 are to be answered in section-B of the questions paper. The whole of Section C is compulsory.

### ਪੇਪਰ ਸੈਟਰ ਲਈ ਹਦਾਇਤਾਂ

**(ਰੈਗੂਲਰ ਅਤੇ ਡਿਸਟੈਂਸ ਐਜੂਕੇਸ਼ਨ ਲਈ)**

੧. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਵਿਚ ਵੰਡਿਆ ਜਾਵੇਗਾ ੳ, ਅ ਅਤੇ ੲ ਪ੍ਰਸ਼ਨ ਪੱਤਰ ਦੇ ਸੈਕਸ਼ਨ ੳ ਦੇ 4 ਪ੍ਰਸ਼ਨਾਂ ਵਿਚ ਪੇਪਰ ਸੈਟਰ ਸਿਲੇਬਸ ਦੇ ਸੈਕਸ਼ਨ ਏ ਅਤੇ ਸੈਕਸ਼ਨ ਬੀ ਕਵਰ ਕਰੇਗਾ 4 ਪ੍ਰਸ਼ਨਾਂ ਵਿਚੋਂ ਵਿਦਿਆਰਥੀ 2 ਪ੍ਰਸ਼ਨ ਹੱਲ ਕਰਨਗੇ ਅਤੇ ਹਰੇਕ ਪ੍ਰਸ਼ਨ 10 ਅੰਕਾਂ ਦਾ ਹੋਵੇਗਾ (10×2=20)

2. ਭਾਗ ਅ ਵਿਚ ਸਾਰੇ ਸਿਲੇਬਸ (ਸੈਕਸ਼ਨ ਏ ਅਤੇ ਸੈਕਸ਼ਨ ਬੀ) ਵਿਚੋਂ 7 ਪ੍ਰਸ਼ਨ ਪੁੱਛੇ ਜਾਣਗੇ ਅਤੇ ਵਿਦਿਆਰਥੀਆਂ ਲਈ 7 ਪ੍ਰਸ਼ਨ ਵਿਚੋਂ 5 ਦਾ ਉੱਤਰ ਦੇਣਾ ਲਾਜ਼ਮੀ ਹੋਵੇਗਾ ਅਤੇ ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ (5×5=25)

3. ਭਾਗ-ੲ ਵਿਚੋਂ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹੋਣਗੇ ਪ੍ਰੀਖਿਅਕ ਵੱਲੋਂ ਛੋਟੇ ਉਤਰਾਂ ਵਾਲੇ 10 ਪ੍ਰਸ਼ਨ ਸਾਰੇ ਸਿਲੇਬਸ ਵਿਚੋਂ ਪੁੱਛੇ ਜਾਣਗੇ ਅਤੇ ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ (10×3=30)

ਪਰੀਖਿਆਰਥੀਆਂ ਲਈ ਹਦਾਇਤਾਂ

ਵਿਦਿਆਰਥੀਆਂ ਨੇ ਪ੍ਰਸ਼ਨ ਪੱਤਰ ਦੇ ਸੈਕਸ਼ਨ-ਏ ਦੇ 4 ਪ੍ਰਸ਼ਨਾਂ ਵਿਚੋਂ 2 ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ ਪ੍ਰਸ਼ਨ ਪੱਤਰ ਦੇ ਸੈਕਸ਼ਨ-ਬੀ ਦੇ 7 ਪ੍ਰਸ਼ਨਾਂ ਵਿਚੋਂ 5 ਪ੍ਰਸ਼ਨਾਂ ਦੇ ਉਤਰ ਦੇਣੇ ਹੋਣਗੇ ਸੈਕਸ਼ਨ-ਸੀ ਦੇ ਸਾਰੇ ਪ੍ਰਸ਼ਨਾਂ ਦੇ ਉਤਰ ਦੇਣੇ ਲਾਜ਼ਮੀ ਹੋਣਗੇ

## Paper IV Sikh Ethics

## Section-A

**Values**

1. Nature and classification of values: Instrinsic and instrumental
2. Spiritual and Secular values
3. Educational and Political values

**Virtues**

4. Wisdom, Justice, Courage
5. Nam, Dan, Ishnaan
6. Truthfulness, Humility, Contentment

## Section-B

**Equality Welfare**

7. Religious Harmony and Tolerance
8. Social Harmony: Caste and Race
9. Gender Equality and issues of women (dowry, violence& foeticide)

**Welfare**

10.Social welfare

11. Environmental Awareness
12. Bio-ethics : General Introduction

## ਸੈਕਸ਼ਨ - ਏ

**ਕੀਮਤਾਂ**

1. ਕੀਮਤਾਂ ਦਾ ਸੁਭਾਅ ਅਤੇ ਵਰਗੀਕਰਣ: ਅੰਦਰੂਨੀ ਅਤੇ ਸਾਧਨੀ ਕੀਮਤਾਂ

2. ਅਧਿਆਤਮਕ ਅਤੇ ਭੌਤਿਕ ਕੀਮਤਾਂ

3. ਵਿਦਿਅਕ ਅਤੇ ਰਾਜਨੀਤਿਕ ਕੀਮਤਾਂ

**ਸਦਗੁਣ**

4. ਬੁਧੀ (ਸਿਆਣਪ), ਨਿਆਂ, ਸਾਹਸ

5. ਨਾਮ, ਦਾਨ, ਇਸ਼ਨਾਨ

6. ਸਚਿਆਰਤਾ, ਨਿਮਰਤਾ, ਸੰਤੋਖ

## ਸੈਕਸ਼ਨ - ਬੀ

**ਬਰਾਬਰਤਾ**

7. ਧਾਰਮਿਕ ਸਦਭਾਵਨਾ ਅਤੇ ਸਹਿਣਸ਼ੀਲਤਾ

8. ਸਮਾਜਿਕ ਸਦਭਾਵਨਾ: ਜਾਤਪਾਤ ਅਤੇ ਨਸਲ

9. ਲਿੰਗ ਸਮਾਨਤਾ ਅਤੇ ਔਰਤਾਂ ਦੇ ਮੁੱਦੇ (ਦਾਜ, ਹਿੰਸਾ ਅਤੇ ਭਰੂਣ ਹੱਤਿਆ)

**ਭਲਾਈ**

10. ਸਮਾਜ ਭਲਾਈ

11. ਵਾਤਾਵਰਣਕ ਜਾਗਰੂਕਤਾ

12. ਜੀਵ-ਨੈਤਿਕਤਾ: ਆਮ ਜਾਣ-ਪਛਾਣ

## Recommended Readings


1) Avtar Singh, *Ethics of the Sikhs*
2) Santokh Singh, *Philosophical Foundations of the Sikh Value system*
3) ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ
4) *ਵਜ਼ੀਰ ਸਿੰਘ, ਨੈਤਿਕ ਨਿਯਮ (2 ਭਾਗ)*
5) ਵਜ਼ੀਰ ਸਿੰਘ, ਸਿੱਖ ਦਰਸ਼ਨਧਾਰਾ ਭਾਗ੍ਰ ਜ੍ਰ ਜ਼ਜ਼
6) ਜਸਵਿੰਦਰ ਕੌਰ ਢਿਲੋਂ, ਗੁਰੂ ਨਾਨਕ ਦੀ ਕੀਮਤ ਮੀਮਾਂਸਾ
7) ਜਗਜੀਤ ਸਿੰਘ, ਜਾਤ ਪਾਤ ਤੇ ਸਿੱਖ
8) Surjit Kaur Chahal, *Ecology, Redesigning Genes:Ethical and Sikh Perspective.*
9) Nirpinderpal Singh, *Sikh Moral Traditions*

## ਕੀਮਤ ਸਿਧਾਂਤ

1.1.1 ਉਦੇਸ਼
1.1.2 ਭੂਮਿਕਾ
1.1.3 ਅੰਦਰੂਨੀ ਅਤੇ ਬਾਹਰੀ ਕੀਮਤਾਂ
1.1.4 ਅਧਿਆਤਮਕ ਅਤੇ ਧਰਮ-ਨਿਰਪੇਖ ਕੀਮਤਾਂ
1.1.5 ਕੀਮਤਾਂ ਦੀ ਯੋਜਨਾਬੱਧ ਉਚਤਮ ਵਿਵਸਥਾ
1.1.6 ਅਭਿਆਸ ਲਈ ਪ੍ਰਸ਼ਨ
1.1.7 ਸਹਾਇਕ ਪੁਸਤਕਾਂ

### 1.1.1 ਉਦੇਸ਼

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਕੀਮਤਾਂ ਕੀ ਹਨ ਉਹਨਾਂ ਦਾ ਮਨੁੱਖੀ ਜੀਵਨ ਵਿੱਚ ਕੀ ਮਹੱਤਵ ਹੈ? ਅਤੇ ਇਹਨਾਂ ਕੀਮਤਾਂ ਦਾ ਵਰਗੀਕਰਣ ਉਚਤਮ ਕੀਮਤਾਂ ਤੱਕ ਪਹੁੰਚਣ ਵਿੱਚ ਕਿਵੇਂ ਸਹਾਈ ਹੁੰਦਾ ਹੈ ਇਸ ਦਾ ਵਰਨਣ ਕੀਤਾ ਗਿਆ ਹੈ।

### 1.1.2 ਭੂਮਿਕਾ

ਕੀਮਤ ਜਾਂ ਮੁੱਲ ਵਿਅਕਤੀ ਦੇ ਰੋਜ਼ਾਨਾ ਜੀਵਨ ਨਾਲ ਸੰਬੰਧਤ ਹਨ। ਜੋ ਕਿ ਵਿਅਕਤੀ ਦੇ ਆਰਥਿਕ, ਸਮਾਜਿਕ, ਨੈਤਿਕ ਅਤੇ ਧਾਰਮਿਕ ਜੀਵਨ ਨੂੰ ਪ੍ਰਭਾਵਤ ਕਰਦੇ ਹਨ। ਇਹ ਵਿਅਕਤੀ ਦੀ ਇੱਛਾ ਤੇ ਨਿਰਭਰ ਕਰਦਾ ਹੈ ਕਿ ਉਸਨੇ ਕਿਸ ਤਰ੍ਹਾਂ ਦੇ ਮੁੱਲ ਨੂੰ ਅਪਣਾਉਣਾ ਹੈ ਅਤੇ ਉਸਨੂੰ ਇਸ ਦੀ ਕਿੰਨੀ ਕੁ ਲੋੜ ਹੈ ਜਿਵੇਂ ਕਿ ਉਸ ਵਿਅਕਤੀ ਨੂੰ ਹੀ ਰੋਟੀ ਦੇ ਮੁੱਲ ਦਾ ਪਤਾ ਲਗ ਸਕਦਾ ਹੈ ਜਿਸਨੂੰ ਇਸ ਦੀ ਭੁੱਖ ਮਹਿਸੂਸ ਹੋ ਰਹੀ ਹੈ। ਉਨ੍ਹਾਂ ਵਿਅਕਤੀਆਂ ਨੂੰ ਪਾਣੀ ਦੇ ਮੁੱਲ ਦਾ ਅਹਿਸਾਸ ਹੁੰਦਾ ਹੈ ਜਿਥੇ ਇਸਦੀ ਕਮੀ ਹੁੰਦੀ ਹੈ। ਜੀਵਨ ਦੀਆਂ ਮੁਢਲੀਆਂ ਲੋੜਾਂ ਵਿਅਕਤੀ ਨੂੰ ਉਸ ਦੇ ਮੁੱਲ ਦਾ ਅਹਿਸਾਸ ਕਰਾਉਂਦੀਆਂ ਰਹਿੰਦੀਆਂ ਹਨ। ਚੀਜ਼ਾਂ ਦੀ ਬਹੁਤਾਤ ਜਾਂ ਘਾਟ ਉਸਦਾ ਮੁੱਲ ਨਿਰਧਾਰਤ ਕਰਦੀ ਹੈ। ਇਥੇ ਕੇਵਲ ਉਨ੍ਹਾਂ ਚੀਜ਼ਾਂ ਦੀ ਹੀ ਗੱਲ ਕੀਤੀ ਜਾ ਰਹੀ ਹੈ ਜੋ ਕਿ ਵਿਅਕਤੀ ਦੀ ਪਦਾਰਥਕ ਜ਼ਿੰਦਗੀ ਨਾਲ ਸਬੰਧ ਰਖਦੀਆਂ ਹਨ ਅਤੇ ਜਿਨ੍ਹਾਂ ਦਾ ਮੁੱਲ ਸਮੇਂ ਅਤੇ ਲੋੜ ਅਨੁਸਾਰ ਘੱਟ ਜਾਂ ਵੱਧ ਕੀਤਾ ਜਾ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਕੁੱਝ ਅਜਿਹੇ ਮੁੱਲ ਵੀ ਸਾਡੀ ਜ਼ਿੰਦਗੀ ਦਾ ਇਕ ਹਿੱਸਾ ਹਨ ਜੋ ਕਿ ਸਾਡੇ ਨੈਤਿਕ ਜੀਵਨ ਨੂੰ ਲਗਾਤਾਰ ਪ੍ਰਭਾਵਤ ਕਰਦੇ ਰਹਿੰਦੇ ਹਨ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਪਦਾਰਥਕ ਚੀਜ਼ਾਂ ਦੇ ਮੁੱਲਾਂ ਦਾ ਵੱਧ ਜਾਂ ਘੱਟ ਹੋਣਾ ਵਿਅਕਤੀ ਦੇ ਨੈਤਿਕ ਜੀਵਨ ਨੂੰ ਪ੍ਰਭਾਵਤ ਕਰਦਾ ਹੈ। ਕਿਉਂਕਿ ਹਰ ਚੀਜ਼ ਦਾ ਮੁੱਲ ਵਿਅਕਤੀ ਦੀ ਇੱਛਾ ਤੇ ਨਿਰਭਰ ਕਰਦਾ ਹੈ ਅਤੇ ਜੇ ਵਿਅਕਤੀ ਨੂੰ ਲੋੜਵੰਦ ਚੀਜ਼ ਦੀ ਪੂਰਤੀ ਹੁੰਦੀ ਰਹੇ ਤਾਂ ਹੀ ਵਿਅਕਤੀ ਆਪਣੀ ਨੈਤਿਕਤਾ ਨੂੰ ਕਾਇਮ ਰੱਖ ਸਕਦਾ ਹੈ ਅਤੇ ਜੇਕਰ ਨਤੀਜਾ ਉਲਟ ਰਹੇ ਤਾਂ ਇਹ ਵੀ ਨੈਤਿਕਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਮੁੱਲਾਂ ਨੂੰ ਦੋ ਤਰ੍ਹਾਂ ਨਾਲ ਵੇਖਿਆ ਜਾ ਸਕਦਾ ਹੈ।

1. **ਵਪਾਰ ਮੁੱਲ (Exchange Value) :-** ਇਹ ਮੁਦਰਾ ਦੇ ਆਪਣੇ ਮੁੱਲ ਨਾਲ ਸਬੰਧਿਤ ਹੈ ਜਿਸ ਮੁਦਰਾ ਨਾਲ ਵਪਾਰ ਹੋ ਰਿਹਾ ਹੈ ਉਸਦਾ ਆਪਣਾ ਕੀ ਮੁੱਲ ਹੈ ?
2. **ਉਪਭੋਗ ਮੁੱਲ (Value-in-use) :-** ਇਸ ਦਾ ਸਬੰਧ ਵਿਅਕਤੀ ਦੀ ਨਿਜੀ ਲੋੜ ਨਾਲ ਸਬੰਧਤ ਹੈ ਅਤੇ ਇਸ ਵਿਚ ਇਕ ਚੀਜ਼ ਦਾ ਮੁੱਲ ਦੂਜੀ ਚੀਜ਼ ਦੇ ਮੁੱਲ ਨੂੰ ਪ੍ਰਭਾਵਿਤ ਕਰਦਾ ਹੈ।

ਮੁੱਲ ਦਾ ਸਿਧਾ ਸਬੰਧ ਅਰਥ ਸ਼ਾਸਤਰ ਨਾਲ ਹੈ ਜਿਥੇ ਇਕ ਚੀਜ਼ ਦੀ ਕੀਮਤ ਦਾ ਵਟਾਂਦਰਾ ਪੈਸੇ ਦੇ ਰੂਪ ਵਿਚ ਜਾਂ ਕਿਸੇ ਹੋਰ ਚੀਜ਼ ਦੇ ਰੂਪ ਵਿਚ ਹੁੰਦਾ ਹੈ। ਇਹ ਕੀਮਤ ਰੋਜ਼ਾਨਾ ਬਦਲਦੀ ਰਹਿੰਦੀ ਹੈ ਅਤੇ ਚੀਜ਼ ਦੀ ਲੋੜ ਨਾ ਰਹਿਣ ਤੇ ਮੁੱਲ ਵਿਚ ਲਗਾਤਾਰ ਗਿਰਾਵਟ ਆਉਂਦੀ ਰਹਿੰਦੀ ਹੈ। ਜੋ ਚੀਜ਼ ਕੱਲ ਦੋ ਰੁਪਏ ਦੀ ਸੀ, ਹੋ ਸਕਦਾ ਹੈ ਕਿ ਅੱਜ ਉਹ ਇਕ ਰੁਪਏ ਦੀ ਹੋ ਜਾਵੇ ਜਾਂ ਤਿੰਨ ਰੁਪਏ ਦੀ। ਇਥੇ ਚੀਜ਼ ਦਾ ਮੁੱਲ ਵਿਅਕਤੀ ਦੀ ਲੋੜ ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ। ਇਹ ਮੁੱਲ ਉਪਭੋਗ ਮੁੱਲ ਦਾ ਇਕ ਹਿੱਸਾ ਹੁੰਦੇ ਹਨ। ਜੋ ਕਿ ਵਿਅਕਤੀ ਦੇ ਨੈਤਿਕ ਮੁੱਲ ਨੂੰ ਪ੍ਰਭਾਵਿਤ ਕਰ ਸਕਦੇ ਹਨ। ਨੀਤੀ ਸ਼ਾਸਤਰ ਵਿਚ ਇਹ ਵੇਖਿਆ ਜਾਂਦਾ ਹੈ ਕਿ ਉਹ ਚੀਜ਼ ਹੀ ਮੁੱਲਵਾਨ ਹੈ ਜੋ ਕਿ ਵਿਅਕਤੀ ਦੇ ਨੈਤਿਕ ਜੀਵਨ ਨੂੰ ਉੱਚਾ ਚੁੱਕਣ ਵਿਚ ਸਹਾਈ ਹੁੰਦੀ ਹੈ ਜਿਵੇਂ ਸੱਚਾਈ, ਭਲਾਈ ਆਦਿ। ਧਾਰਮਿਕ ਖੇਤਰ ਵਿਚ ਦੋ ਤਰ੍ਹਾ ਦੇ ਮੁੱਲਾਂ ਦੀ ਗੱਲ ਕੀਤੀ ਜਾਂਦੀ ਹੈ :

1. **ਨੈਤਿਕ ਮੁੱਲ** – ਇਹ ਮੁੱਲ ਵਿਅਕਤੀ ਨੂੰ ਸਮਾਜਿਕ ਤੌਰ ਤੇ ਉੱਚਾ ਚੁੱਕਣ ਵਿਚ ਯੋਗਦਾਨ ਪਾਉਂਦੇ ਹਨ।
2. **ਅਧਿਆਤਮਕ ਮੁੱਲ** – ਜਿਹੜੇ ਨੈਤਿਕ ਮੁੱਲਾਂ ਦੀ ਸਹਾਇਤਾ ਨਾਲ ਵਿਅਕਤੀ ਅਧਿਆਤਮਕ ਵਿਕਾਸ ਕਰਦਾ ਹੈ।

ਨੀਤੀ ਸ਼ਾਸਤਰ ਵਿਚ ਅਜਿਹੇ ਅਨੇਕਾਂ ਮੁੱਲਾਂ ਦਾ ਵਰਨਣ ਕੀਤਾ ਗਿਆ ਹੈ ਜੋ ਕਿ ਵਿਅਕਤੀ ਦੇ ਨੈਤਿਕ ਜੀਵਨ ਨੂੰ ਉੱਚਾ ਚੁੱਕਣ ਵਿਚ ਸਹਾਈ ਹੁੰਦੇ ਹਨ। ਇਕ ਮੁੱਲ ਦੂਜੇ ਮੁੱਲ ਉੱਤੇ ਅਧਾਰਿਤ ਹੁੰਦਾ ਹੈ ਜੋ ਕਿ ਪਹਿਲੇ ਮੁੱਲ ਨਾਲ ਹਮੇਸ਼ਾਂ ਜੁੜਿਆ ਰਹਿੰਦਾ ਹੈ ਦੂਜੇ ਮੁੱਲ ਤੱਕ ਪਹੁੰਚਣ ਤੇ ਪਹਿਲੇ ਮੁੱਲ ਦੀ ਸਾਰਥਕਤਾ ਘਟ ਨਹੀਂ ਜਾਂਦੀ ਬਲਕਿ ਪਹਿਲਾ ਮੁੱਲ ਦੂਜੇ ਮੁੱਲ ਦੀ ਤੀਜੇ ਮੁੱਲ ਤੱਕ ਪਹੁੰਚਣ ਵਿਚ ਮੱਦਦ ਕਰਦਾ ਹੈ। ਜਿਵੇਂ ਕਿ ਜੇ ਵਿਅਕਤੀ ਇਕ ਵਾਰ ਝੂਠ ਬੋਲ ਦਿੰਦਾ ਹੈ ਤਾਂ ਉਹ ਇਕ ਝੂਠ ਨੂੰ ਛੁਪਾਉਣ ਲਈ ਦੂਜਾ ਝੂਠ ਬੋਲ ਦਿੰਦਾ ਹੈ ਇਸ ਤਰ੍ਹਾਂ ਵਿਅਕਤੀ ਦਾ ਨੈਤਿਕ ਜੀਵਨ ਲਗਾਤਾਰ ਹੇਠਾਂ ਵੱਲ ਜਾਂਦਾ ਹੈ ਇਸ ਤੋਂ ਉਲਟ ਜੇਕਰ ਵਿਅਕਤੀ ਆਪਣਾ ਪਹਿਲਾ ਮੁੱਲ ਸੱਚਾਈ ਨੂੰ ਅਪਣਾ ਲਵੇ ਤਾਂ ਉਸ ਤੋਂ ਅੱਗੇ ਚੱਲਣ ਵਾਲੇ ਈਮਾਨਦਾਰੀ ਅਤੇ ਭਲਾਈ ਵਰਗੇ ਮੁੱਲ ਆਪਣੇ ਆਪ ਪਹਿਲੇ ਮੁੱਲ ਨਾਲ ਜੁੜਦੇ ਜਾਣਗੇ ਅਤੇ ਵਿਅਕਤੀ ਦਾ ਨੈਤਿਕ ਜੀਵਨ ਲਗਾਤਾਰ ਉਚਾ ਉਠਦਾ ਜਾਵੇਗਾ। ਪਹਿਲਾ ਮੁੱਲ ਵਿਅਕਤੀ ਆਪ ਵੀ ਨਿਰਧਾਰਤ ਕਰ ਸਕਦਾ ਹੈ ਅਤੇ ਇਸੇ ਅਨੁਸਾਰ ਦੂਜੇ ਮੁੱਲ ਵੀ ਇਸ ਵਿਚ ਹਿੱਸਾ ਪਾਉਂਦੇ ਹਨ। ਜਿਵੇਂ ਇਮੈਨੂਅਲ ਕਾਂਟ ਨੇ ਕਰਤਵ (duty) ਨੂੰ ਜੀਵਨ ਦਾ ਸਭ ਤੋਂ ਉੱਚਾ ਮੁੱਲ ਮੰਨਿਆ ਹੈ। ਜਾਹਨ ਸਟੂਅਰਟ ਮਿੱਲ ਨੇ ਸੁਖ ਨੂੰ ਸਭ ਤੋਂ ਉਚਤਮ ਮੰਨਿਆ ਹੈ ਅਤੇ ਕਿਹਾ ਹੈ ਕਿ ਇਸ ਦੇ ਮੁਕਾਬਲੇ ਵਿਚ ਦੂਸਰੇ ਸਾਰੇ ਮੁੱਲ ਤੁੱਛ ਹਨ। ਇਸੇ ਤਰ੍ਹਾਂ ਅਹਿੰਸਾ, ਸੱਚ, ਕਰਮ, ਅਨੁਸ਼ਾਸਨ, ਆਦਿ ਉਚਤਮ ਮੁੱਲ ਦੇ ਰੂਪ ਵਿਚ ਵੇਖੇ ਜਾ ਸਕਦੇ ਹਨ। ਮੁੱਲ ਨੂੰ ਅੱਠ ਭਾਗਾਂ ਵਿਚ ਵੰਡ ਕੇ ਵੇਖਿਆ ਗਿਆ ਹੈ।

(1) ਸਰੀਰਕ ਮੁੱਲ (Bodily Values)
(2) ਆਰਥਿਕ ਮੁੱਲ (Economic Values)
(3) ਮਨੋਰੰਜਨਾਤਮਕ ਮੁੱਲ (Recreation Values)
(4) ਸੰਸਥਾਗਤ ਮੁੱਲ (Association Values)
(5) ਚਰਿੱਤਰਾਤਮਕ ਮੁੱਲ (Character Values)
(6) ਸੌਂਦਰਯਾਤਮਕ ਮੁੱਲ (Aesthetic Values)
(7) ਬੌਧਿਕ ਮੁੱਲ (Intellectual Values)
(8) ਧਾਰਮਿਕ ਮੁੱਲ (Religious Values)

ਇਨ੍ਹਾਂ ਸਾਰੇ ਮੁੱਲਾਂ ਬਾਰੇ ਵਿਸਥਾਰ ਵਿਚ ਚਰਚਾ ਡਬਲਿਯੂ. ਐਮ. ਡਰਬਨ ਨੇ ਆਪਣੀ ਕਿਤਾਬ ''ਨੈਤਿਕਤਾ ਦੇ ਮੁਢਲੇ ਸਿਧਾਂਤ'' (Fundamentals of Ethics) ਵਿਚ ਕੀਤੀ ਹੈ। ਇਨ੍ਹਾਂ ਸਾਰੇ ਮੁੱਲਾਂ ਨੂੰ ਉਹ ਪੱਛਮੀ ਜਗਤ ਦਾ

ਧੁਰਾ ਮੰਨਦਾ ਹੈ ਅਤੇ ਕਹਿੰਦਾ ਹੈ ਕਿ ਇਨ੍ਹਾਂ ਤੋਂ ਬਿਨਾਂ ਨੈਤਿਕ ਜੀਵਨ ਦੀ ਕੋਈ ਹੋਂਦ ਹੋ ਹੀ ਨਹੀਂ ਸਕਦੀ। ਉਸਦੇ ਇਸ ਅਧਿਐਨ ਨੂੰ ਕਾਫੀ ਹੱਦ ਤੱਕ ਮਾਨਤਾ ਵੀ ਦਿੱਤੀ ਜਾ ਚੁੱਕੀ ਹੈ ਦੀ ਇਨ੍ਹਾਂ ਸਾਰੇ ਮੁੱਲਾਂ ਨੂੰ ਉਹ ਤਿੰਨ ਮੁੱਖ ਸ੍ਰੇਣੀਆਂ ਵਿਚ ਰੱਖਦਾ ਹੋਇਆ ਕਹਿੰਦਾ ਹੈ ਕਿ ਸਰੀਰਕ, ਆਰਥਿਕ ਅਤੇ ਮਨੋਰੰਜਨਾਤਮਕ ਮੁੱਲਾਂ ਨੂੰ ਸਰੀਰਕ ਮੁੱਲ ਦੇ ਰੂਪ ਵਿਚ ਸੰਸਥਾਗਤ ਅਤੇ ਚਰਿੱਤਰਾਤਮਕ ਨੂੰ ਸਮਾਜਕ ਮੁੱਲ ਦੇ ਰੂਪ ਵਿਚ ਸੌਂਦਰਯਾਤਮਕ, ਬੌਧਿਕ ਅਤੇ ਧਾਰਮਿਕ ਮੁੱਲ ਨੂੰ ਅਧਿਆਤਮਕ ਮੁੱਲ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਹ ਸਾਰੇ ਮੁੱਲ ਹੀ ਮਹੱਤਵਪੂਰਨ ਮੰਨੇ ਜਾਂਦੇ ਹਨ ਅਤੇ ਇਨ੍ਹਾਂ ਦੀ ਪੂਰਤੀ ਵੀ ਹੋਣੀ ਜ਼ਰੂਰੀ ਹੈ ਕਿਉਂਕਿ ਇਹ ਸਾਰੇ ਮੁੱਲ ਵਿਅਕਤੀ ਦੇ ਚਰਿੱਤਰ ਨਿਰਮਾਣ ਵਿਚ ਆਪਣੇ ਆਪਣੇ ਤਰੀਕੇ ਨਾਲ ਯੋਗਦਾਨ ਪਾਉਂਦੇ ਹਨ ਅਤੇ ਪਰਮਮੁੱਲ ਦੀ ਪ੍ਰਾਪਤੀ ਵਿਚ ਸਹਾਈ ਹੁੰਦੇ ਹਨ। ਪਰ ਪਰਮਮੁੱਲ ਤੱਕ ਪਹੁੰਚਣ ਤੋਂ ਪਹਿਲਾਂ ਇਹ ਮੁੱਲ ਸਮੇਂ ਅਤੇ ਸਥਾਨ ਦੀਆਂ ਸਥਿਤੀਆਂ ਅਨੁਸਾਰ ਅਕਸਰ ਬਦਲਦੇ ਰਹਿੰਦੇ ਹਨ। ਇਸ ਕਰਕੇ ਇਨ੍ਹਾਂ ਨੂੰ ਪ੍ਰੀਵਰਤਨਸ਼ੀਲ ਵੀ ਮੰਨਿਆ ਜਾਂਦਾ ਹੈ। ਹਰ ਇਕ ਮੁੱਲ ਵਿਅਕਤੀ ਨੂੰ ਮੁੱਖ ਰੱਖ ਕੇ ਬਣਾਇਆ ਗਿਆ ਹੈ ਅਤੇ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਬਣਾਇਆ ਗਿਆ ਹਰੇਕ ਮੁੱਲ ਵਿਅਕਤੀ ਦੇ ਜੀਵਨ ਦੇ ਹਰ ਖੇਤਰ ਵਿਚ ਉਸਨੂੰ ਸਹਿਯੋਗ ਦੇਵੇ। ਇਸ ਲਈ ਇਹ ਅਕਸਰ ਵੇਖਣ ਵਿਚ ਆਉਂਦਾ ਹੈ ਕਿ ਜੋ ਮੁੱਲ ਇਕ ਸਥਾਨ, ਦੇਸ਼ ਅਤੇ ਕੌਮ ਲਈ ਨੈਤਿਕ ਮੁੱਲ ਮੰਨੇ ਜਾਂਦੇ ਹਨ ਉਹੀ ਮੁੱਲ ਦੂਜੀ ਜਗ੍ਹਾ ਤੇ ਜਾ ਕੇ ਅਨੈਤਿਕ ਵੀ ਹੋ ਸਕਦੇ ਹਨ। ਜਿਵੇਂ ਕਿ ਇਕ ਦੇਸ਼ ਦੇ ਲੋਕਾਂ ਵਿਚ ਗਾਂ ਦਾ ਜਾਂ ਕਿਸੇ ਹੋਰ ਕਿਸਮ ਦੇ ਪਸ਼ੂ ਦਾ ਮਾਸ ਖਾਣਾ ਅਨੈਤਿਕ ਕੰਮ ਹੈ ਤਾਂ ਦੂਜੇ ਦੇਸ਼ ਦੇ ਲੋਕਾਂ ਵਿਚ ਇਸ ਦੀ ਵਰਤੋਂ ਆਮ ਵੇਖੀ ਜਾ ਸਕਦੀ ਹੈ। ਇਸੇ ਤਰ੍ਹਾਂ ਧਰਮ ਦੇ ਅਨੁਸਾਰ ਸ਼ਰਾਬ ਅਤੇ ਹੋਰ ਕਿਸੇ ਵੀ ਕਿਸਮ ਦਾ ਨਸ਼ਾ ਅਨੈਤਿਕ ਕੰਮ ਹੈ। ਪਰ ਕਈ ਵਾਰ ਕਈ ਠੰਢੇ ਦੇਸ਼ਾਂ ਵਿਚ ਅਜਿਹੀਆਂ ਸਥਿਤੀਆ ਪੈਦਾ ਹੋ ਜਾਂਦੀਆਂ ਹਨ ਕਿ ਵਿਅਕਤੀ ਇਨ੍ਹਾਂ ਮਾਰੂ ਸਥਿਤੀਆਂ ਤੋਂ ਬਚਣ ਲਈ ਸ਼ਰਾਬ ਆਦਿ ਦਾ ਸੇਵਨ ਆਰੰਭ ਕਰ ਦਿੰਦਾ ਹੈ ਭਾਵੇਂ ਕਿ ਉਸ ਦੇ ਧਰਮ ਵਿਚ ਇਹ ਇਕ ਅਨੈਤਿਕ ਕੰਮ ਹੈ। ਇਸ ਤੋਂ ਇਲਾਵਾ ਇਕ ਸਮਾਜ ਦੇ ਮੁੱਲ ਵੀ ਸਮੇਂ ਅਤੇ ਸਥਿਤੀ ਅਨੁਸਾਰ ਬਦਲਦੇ ਰਹਿੰਦੇ ਹਨ ਅਤੇ ਕੁਝ ਵਿਅਕਤੀ ਅਜਿਹਾ ਬਦਲਾਵ ਕਰਨ ਵਿਚ ਸਮਰਥ ਵੀ ਹੁੰਦੇ ਹਨ। ਸਮਾਂ ਆਉਣ ਤੇ ਸਮਾਜ ਦੇ ਇਕ ਮੁੱਲ ਦੂਜੇ ਮੁੱਲ ਦੀ ਥਾਂ ਲੈ ਲੈਂਦੇ ਹਨ ਅਤੇ ਪੁਰਾਣੇ ਮੁੱਲ ਨੂੰ ਬਦਲ ਦਿੰਦੇ ਹਨ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਚਾਰ ਵਰਨਾਂ (ਬ੍ਰਾਹਮਣ, ਖੱਤਰੀ, ਸ਼ੂਦਰ ਅਤੇ ਵੈਸ਼) ਵਿਚ ਵੰਡਿਆ ਹੋਇਆ ਸੀ ਅਤੇ ਉਸ ਸਮੇਂ ਹਰ ਇਕ ਵਰਣ ਦਾ ਆਪਣਾ ਆਪਣਾ ਕੰਮ ਨਿਰਧਾਰਤ ਕੀਤਾ ਗਿਆ ਸੀ। ਇਕ ਵਰਣ ਦੁਆਰਾ ਦੂਜੇ ਦੇ ਵਰਣ ਦੇ ਕਿਸੇ ਵੀ ਕੰਮ ਵਿਚ ਦਖਲ-ਅੰਦਾਜ਼ੀ ਨੂੰ ਅਨੈਤਿਕ ਸਮਝਿਆ ਜਾਂਦਾ ਸੀ ਅਤੇ ਹੇਠਲੇ ਦਰਜ਼ੇ ਦੇ ਵਰਣਾਂ ਲਈ ਤਾਂ ਸਜ਼ਾ ਦਾ ਵਿਧਾਨ ਵੀ ਸ਼ਾਮਿਲ ਸੀ। ਇਸ ਤੋਂ ਇਲਾਵਾ ਇਸਤਰੀ ਨੂੰ ਸਮਾਜ ਵਿਚ ਘਰ ਤੋਂ ਬਾਹਰ ਜਾਣ ਦੀ ਇਜ਼ਾਜਤ ਨਹੀਂ ਸੀ ਅਤੇ ਜੇਕਰ ਉਸ ਨੇ ਘਰ ਤੋਂ ਬਾਹਰ ਜਾਣਾ ਹੁੰਦਾ ਤਾਂ ਇਸ ਕੰਮ ਲਈ ਉਸਨੂੰ ਆਪਣੇ ਪਤੀ, ਪੁੱਤਰ ਜਾਂ ਪਿਤਾ ਦੀ ਸਹਾਇਤਾ ਲੈਣੀ ਪੈਂਦੀ। ਸਮਾਜ ਦੇ ਇਨ੍ਹਾਂ ਪੁਰਾਣੇ ਮੁੱਲਾਂ ਨੂੰ ਵੱਖ ਵੱਖ ਸਮੇਂ ਸੰਤਾਂ ਭਗਤਾਂ ਨੇ ਬਦਲਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਦੇ ਇਸ ਕੰਮ ਨੂੰ ਭਗਤੀ ਅੰਦੋਲਨ ਦਾ ਨਾਂ ਵੀ ਦਿੱਤਾ ਗਿਆ। ਗੁਰੂ ਨਾਨਕ ਦੇਵ ਨੇ ਆਪਣੇ ਤਰੀਕੇ ਨਾਲ ਸਮਾਜ ਦੇ ਇਨ੍ਹਾਂ ਖੋਖਲੇ ਮੁੱਲਾਂ ਨੂੰ ਬਦਲਿਆ ਅਤੇ ਇਨ੍ਹਾਂ ਨੂੰ ਪੱਕੇ ਤੌਰ ਤੇ ਜੜੋ ਪੁੱਟਣ ਲਈ ਇਕ ਨਵੇਂ ਸਿਸਟਮ ਦਾ ਆਰੰਭ ਕੀਤਾ ਜਿਸਨੂੰ ਸਿੱਖ ਜੀਵਨ ਜਾਂਚ ਦੇ ਰੂਪ ਵਿਚ ਵੇਖਿਆ ਜਾਂਦਾ ਹੈ।

### 1.1.3 ਅੰਦਰੂਨੀ ਅਤੇ ਬਾਹਰੀ ਮੁੱਲ (Intrinsic and Extrinsic Values)

ਜੋ ਵੀ ਮੁੱਲ ਬਾਹਰੀ ਤੌਰ ਤੇ ਵਿਖਾਈ ਦਿੰਦੇ ਹਨ ਉਹ ਜ਼ਰੂਰੀ ਨਹੀਂ ਕਿ ਅੰਦਰੂਨੀ ਤੌਰ ਤੇ ਵੀ ਉਨੇ ਹੀ ਮਹੱਤਵਪੂਰਨ ਹੋਣ ਕਿਉਂਕਿ ਕੁਝ ਮੁੱਲ ਕੇਵਲ ਬਾਹਰੀ ਚੀਜ਼ਾਂ ਦੀ ਵਰਤੋਂ ਲਈ ਹੀ ਠੀਕ ਹੁੰਦੇ ਹਨ ਅਤੇ ਉਹ ਵਿਅਕਤੀ ਨੂੰ ਸਰੀਰਕ ਅਤੇ ਆਰਥਿਕ ਤੌਰ ਤੇ ਪ੍ਰਭਾਵਿਤ ਕਰਦੇ ਹਨ ਜਿਵੇਂ ਧਨ ਅਤੇ ਹੋਰ ਖਾਣ ਪੀਣ ਦੀਆਂ ਵਸਤਾਂ ਆਦਿ। ਇਸ ਤੋਂ ਇਲਾਵਾ ਕੁਝ ਅੰਦਰੂਨੀ ਮੁੱਲ ਵੀ ਹੁੰਦੇ ਹਨ ਜੋ ਕਿ ਵਿਅਕਤੀ ਨੂੰ ਅੰਦਰੂਨੀ ਤੌਰ ਤੇ ਪ੍ਰਭਾਵਿਤ ਕਰਦੇ ਹਨ ਜਿਵੇਂ ਸੱਚਾਈ (Truth), ਸੁੰਦਰਤਾ (Beauty) ਅਤੇ ਭਲਾਈ (Goodness)। ਇਹ ਤਿੰਨੇ ਮੁੱਲ ਵਿਅਕਤੀ ਨੂੰ ਬੌਧਿਕ ਅਤੇ ਮਾਨਸਿਕ ਤੌਰ ਤੇ ਪ੍ਰਭਾਵਤ ਕਰਦੇ ਹਨ।

(1) **ਸੱਚਾਈ (Truth) :** ਬਹੁਤੇ ਵਿਅਕਤੀਆਂ ਲਈ ਸੱਚਾਈ ਇਕ ਉਚਤਮ ਨੈਤਿਕ ਮੁੱਲ ਹੈ ਜੋ

ਕਿ ਬਾਕੀ ਦੇ ਮੁੱਲਾਂ ਦਾ ਵੀ ਆਧਾਰ ਬਣਦੀ ਹੈ। ਸੁਖਵਾਦੀ ਇਹ ਮੰਨਦੇ ਹਨ ਕਿ ਸੱਚਾਈ ਇਸ ਕਰਕੇ ਅੱਛੀ ਹੈ ਕਿਉਂਕਿ ਇਹ ਵਿਅਕਤੀ ਨੂੰ ਸੁਖ ਪ੍ਰਦਾਨ ਕਰਦੀ ਹੈ। ਜੇਕਰ ਇਸ ਤਰ੍ਹਾਂ ਵੇਖਿਆ ਜਾਵੇ ਤਾਂ ਇਹ ਸੱਚਾਈ ਦੀ ਵਿਆਖਿਆ ਦਾ ਕੇਵਲ ਇਕ ਆਧਾਰ ਹੈ। ਇਸ ਕਰਕੇ ਸੁਖਵਾਦੀਆਂ ਦੀ ਇਸ ਪ੍ਰੀਭਾਸ਼ਾ ਨੂੰ ਪੂਰਨ ਰੂਪ ਵਿਚ ਠੀਕ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਸੱਚਾਈ ਕਈ ਵਾਰੀ ਵਿਅਕਤੀ ਨੂੰ ਦੁਖ ਵੀ ਪਹੁੰਚਾਉਂਦੀ ਹੈ ਅਤੇ ਸੱਚਾਈ ਉਤੇ ਚੱਲਣ ਵਾਲੇ ਵਿਅਕਤੀ ਨੂੰ ਦੁਨਿਆਵੀ ਵਿਰੋਧ ਦਾ ਸਾਹਮਣਾ ਅਕਸਰ ਕਰਨਾ ਪੈਂਦਾ ਹੈ। ਇਸ ਤਰ੍ਹਾਂ ਸੱਚਾਈ ਨੂੰ ਹਮੇਸ਼ਾਂ ਹੀ ਸੁੱਖ ਪਹੁੰਚਾਉਣ ਵਾਲੇ ਮੁੱਲ ਦੇ ਰੂਪ ਵਿਚ ਨਹੀਂ ਵੇਖਿਆ ਜਾ ਸਕਦਾ। ਸੱਚਾਈ ਨੂੰ ਨੈਤਿਕ ਮੁੱਲ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ ਜੋ ਕਿ ਵਿਅਕਤੀ ਨੂੰ ਕੇਵਲ ਅਧਿਆਤਮਕ ਤੌਰ ਤੇ ਉਚਾ ਚੁੱਕਣ ਦਾ ਕੰਮ ਕਰਦੀ ਹੈ। ਇਸ ਦੇ ਬਾਹਰੀ ਨਤੀਜੇ ਭਾਵੇਂ ਕੁਝ ਵੀ ਹੋਣ ਪਰ ਅੰਦਰੂਨੀ ਤੌਰ ਤੇ ਵਿਅਕਤੀ ਨੂੰ ਸੰਤੁਸ਼ਟੀ ਜ਼ਰੂਰ ਪਹੁੰਚਾਉਂਦੀ ਹੈ। ਇਸੇ ਕਰਕੇ ਬਹੁਤ ਸਾਰੇ ਮਹਾਨ ਵਿਅਕਤੀ ਕੇਵਲ ਸੱਚ ਦੇ ਰਸਤੇ ਉੱਤੇ ਚਲਣ ਦਾ ਉਪਦੇਸ਼ ਦਿੰਦੇ ਹਨ ਅਤੇ ਆਪ ਵੀ ਅਜਿਹਾ ਹੀ ਕਰਦੇ ਹਨ। ਇਸ ਤਰ੍ਹਾਂ ਕਰਨ ਨਾਲ ਭਾਵੇਂ ਵਿਅਕਤੀ ਨੂੰ ਕਿੰਨਾ ਵੀ ਬਾਹਰੀ ਦੁੱਖ ਸਹਿਣਾ ਪਵੇ ਪਰ ਅਧਿਆਤਮਕ ਪੱਧਰ ਉਤੇ ਹਮੇਸ਼ਾਂ ਮਜ਼ਬੂਤ ਅਤੇ ਸਥਿਰ ਰਹਿੰਦੇ ਹਨ। ਇਸ ਕਰਕੇ ਸਿੱਖ ਧਰਮ ਵਿਚ ਸੱਚੇ ਆਚਾਰ ਨੂੰ ਸਤਿਕਾਰ ਦਿੱਤਾ ਗਿਆ ਹੈ।

ਸਚਹੁ ਓਰੈ ਸਭੁ ਕੋ
ਉਪਰਿ ਸਚੁ ਆਚਾਰ ।। (ਪੰਨਾ 62)

ਸੱਚਾਈ ਦੇ ਰਸਤੇ ਉਤੇ ਚਲਣ ਲਈ ਅਤੇ ਸੱਚ ਦਾ ਰਸਤਾ ਅਪਨਾਉਣ ਲਈ ਸਾਹਸ, ਸੂਝ ਅਤੇ ਗਿਆਨ ਦਾ ਹੋਣਾ ਬਹੁਤ ਜ਼ਰੂਰੀ ਹੈ। ਸਾਹਸ ਇਕ ਅਜਿਹਾ ਗੁਣ ਹੈ ਜੋ ਭੈਅ ਅਥਵਾ ਸਰੀਰਕ ਦੁਖ ਦੀ ਹਾਲਤ ਵਿਚ ਮਨੁੱਖ ਨੂੰ ਦ੍ਰਿੜਤਾ ਪ੍ਰਦਾਨ ਕਰਦਾ ਹੈ। ਇਸ ਦਾ ਮੁੱਲ ਵੀ ਉਨਾ ਹੀ ਉਚਾ ਹੈ ਜਿੰਨਾ ਕਿ ਵਿਅਕਤੀ ਦਾ ਉਦੇਸ਼। ਇਹ ਮੁੱਲ ਵਿਅਕਤੀ ਨੂੰ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਹਮੇਸ਼ਾਂ ਯਤਨਸ਼ੀਲ ਰਹਿਣ ਅਤੇ ਝੂਠ ਤੋਂ ਡਰ ਕੇ ਨਾ ਭੱਜਣ ਵਿਚ ਸਹਾਇਤਾ ਕਰਦਾ ਹੈ ਅਤੇ ਇਸ ਰਾਹੀਂ ਵਿਅਕਤੀ ਬਗੈਰ ਕਿਸੇ ਪੱਖਪਾਤ ਤੋਂ ਸਨਮਾਨ ਯੋਗ ਬਣਦਾ ਹੈ। ਇਸ ਤਰ੍ਹਾਂ ਸੂਝ ਵਿਅਕਤੀ ਨੂੰ ਇਹ ਨਿਸਚਾ ਕਰਵਾਉਂਦੀ ਹੈ ਕਿ ਕਿਹੜੀ ਚੀਜ਼ ਸੱਚ ਉਤੇ ਆਧਾਰਤ ਹੈ ਅਤੇ ਕਿਹੜੀ ਚੀਜ਼ ਝੂਠ ਉਪਰ। ਵਿਅਕਤੀ ਦੀ ਸੂਝ ਉਸਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਚੀਜ਼ਾਂ ਦੇ ਨੈਤਿਕ ਮੁੱਲਾਂ ਦਾ ਵਿਸ਼ਲੇਸ਼ਣ ਕਰੇ ਅਤੇ ਇਸ ਰਾਹੀਂ ਉਹ ਅਸਲ ਮੁੱਲ ਤੱਕ ਪਹੁੰਚਣ ਦੀ ਕੋਸ਼ਿਸ਼ ਕਰੇ। ਵਿਅਕਤੀ ਦਾ ਗਿਆਨ ਸੱਚਾਈ ਤੱਕ ਪਹੁੰਚਣ ਵਿਚ ਹਮੇਸ਼ਾਂ ਉਸਦੀ ਸਹਾਇਤਾ ਕਰਦਾ ਰਹਿੰਦਾ ਹੈ। ਸੂਝ ਅਤੇ ਗਿਆਨ ਆਪਸ ਵਿਚ ਇਤਨੇ ਰਲੇ ਹੋਏ ਹਨ ਕਿ ਜੇਕਰ ਇਨ੍ਹਾਂ ਨੂੰ ਇਕ ਸਿੱਕੇ ਦੇ ਦੋ ਪਹਿਲੂ ਵੀ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

**(2) ਸੁੰਦਰਤਾ (Beauty) :** ਸੁੰਦਰਤਾ ਸੌਂਦਰਯ ਸਾਸ਼ਤਰ (Aesthetics) ਦਾ ਵਿਸ਼ਾ ਹੈ। ਇਹ ਵਿਅਕਤੀ ਦੇ ਅੰਤਰੀਵ ਮੁੱਲ ਨਾਲ ਸੰਬੰਧ ਰੱਖਦਾ ਹੈ। ਹਰੇਕ ਵਿਅਕਤੀ ਸੁੰਦਰਤਾ ਨੂੰ ਜਾਣਦਾ ਹੈ ਅਤੇ ਉਸ ਪ੍ਰਤੀ ਸੰਵੇਗਾਤਮਕ ਪ੍ਰਤੀਕ੍ਰਿਆ ਕਰਦਾ ਹੈ। ਸੁੰਦਰਤਾ ਨੂੰ ਪ੍ਰਾਪਤ ਕਰਕੇ ਉਹ ਖੁਸ਼ੀ ਮਹਿਸੂਸ ਕਰਦਾ ਹੈ। ਇਸ ਵਿਚ ਵਿਅਕਤੀ ਆਪਣੇ ਅੰਤਰੀਵੀ ਮੁੱਲਾਂ ਦੇ ਆਧਾਰ ਤੇ ਇਹ ਫੈਸਲਾ ਕਰਦਾ ਹੈ ਜਿਹੜੀ ਵਸਤੂ ਸੁੰਦਰ ਹੈ ਅਤੇ ਕਿਹੜੀ ਕਰੂਪ। ਟਾਈਟਸ ਸੁੰਦਰਤਾ ਦੀ ਵਿਆਖਿਆ ਕਰਦਾ ਹੋਇਆ ਕਹਿੰਦਾ ਹੈ ਕਿ ਇਸਨੂੰ ਆਤਮਨਿਸ਼ਠ ਅਤੇ ਮਾਨਸਿਕ ਸਮਝਿਆ ਜਾਣਾ ਚਾਹੀਦਾ ਹੈ ਕ੍ਰੋਚੇ (Croce) ਕਹਿੰਦਾ ਹੈ ਕਿ ਸੁੰਦਰਤਾ ਪੂਰਨ ਰੂਪ ਵਿਚ ਮਾਨਸਿਕ ਹੈ। ਇਸ ਤੋਂ ਇਲਾਵਾ ਸੁੰਦਰਤਾ ਦਾ ਵਖਿਆਨ ਕਰਨ ਵਾਲੇ ਇਹ ਮੰਨਦੇ ਹਨ ਕਿ ਸੁੰਦਰਤਾ ਨੂੰ ਬਾਹਰੀ ਤੌਰ ਤੇ ਅਨੁਭਵ ਕੀਤਾ ਜਾ ਸਕਦਾ ਹੈ। ਸੁੰਦਰਤਾ ਨੂੰ ਪੂਰਨ ਤੌਰ ਤੇ ਜਾਣਨ ਲਈ ਤਿੰਨ ਤੱਤਾਂ ਦਾ ਸਹਾਰਾ ਲਿਆ ਜਾਂਦਾ ਹੈ।

**(I) ਪ੍ਰਤੱਖੀਕਰਣ (Perception) :** ਪ੍ਰਤੱਖੀਕਰਣ ਵਿਚ ਵਿਅਕਤੀ ਜਿਵੇਂ ਜਿਵੇਂ ਕਿਸੇ ਚੀਜ਼ ਦੀ ਸੁੰਦਰਤਾ ਨੂੰ ਵੇਖਦਾ ਹੈ ਉਵੇਂ ਹੀ ਉਸ ਦੇ ਗੁਣਾਂ ਦਾ ਬਿਆਨ ਕਰਦਾ ਹੈ। ਇਸ ਵਿਚ ਸਾਰੀਆਂ ਦੁਨਿਆਵੀ ਚੀਜ਼ਾਂ ਆ ਜਾਂਦੀਆਂ ਹਨ ਜਿਨ੍ਹਾਂ ਨੂੰ ਵਿਅਕਤੀ ਦੇਖਣ ਦੇ ਸਮਰੱਥ ਹੈ।

**(II) ਸੰਵੇਗ (Emotion) :** ਜਿਸ ਚੀਜ਼ ਨੂੰ ਪ੍ਰਤੱਖ ਤੌਰ ਤੇ ਵੇਖਿਆ ਜਾਂਦਾ ਹੈ। ਉਹ ਵਿਅਕਤੀ ਨੂੰ ਸੰਵੇਗਾਤਮਕ ਤੌਰ ਤੇ ਪ੍ਰਭਾਵਤ ਕਰਦੀ ਹੈ। ਵਿਅਕਤੀ ਗੁਲਾਬ ਦੇ ਫੁੱਲਾਂ ਦੀ ਸੁੰਦਰਤਾ ਵੇਖ ਕੇ ਆਪਣੀ ਸੰਵੇਦਨਾ ਪ੍ਰਗਟ ਕਰਦਾ ਹੋਇਆ ਆਪਣੇ ਤਰੀਕੇ ਨਾਲ ਉਸਦੀ ਸੁੰਦਰਤਾ ਵੀ ਬਿਆਨ ਕਰਦਾ ਹੈ।

**(III) ਰਸ (Pleasure) :** ਜਿਹੜੀਆਂ ਚੀਜ਼ਾਂ ਵਿਅਕਤੀ ਨੂੰ ਸੰਵੇਗਕ ਤੌਰ ਤੇ ਪ੍ਰਭਾਵਿਤ ਕਰਦੀਆਂ ਹਨ ਉਹ ਜਾਂ ਤਾਂ ਵਿਅਕਤੀ ਨੂੰ ਦੁਖ ਪਹੁੰਚਾਉਂਦੀਆਂ ਹਨ ਜਾਂ ਖੁਸ਼ੀ। ਜਿਹੜੀਆਂ ਚੀਜ਼ਾਂ ਵਿਅਕਤੀ ਨੂੰ ਅੰਦਰੂਨੀ ਤੌਰ ਤੇ ਖੁਸ਼ੀ ਅਤੇ ਅਨੰਦ ਦਾ ਅਹਿਸਾਸ ਕਰਾਉਂਦੀਆਂ ਹਨ ਉਹ ਚੀਜ਼ਾਂ ਉਸ ਲਈ ਸੁੰਦਰ ਹਨ। ਇਸ ਲਈ ਸੁੰਦਰਤਾ ਦੀ ਪਹਿਚਾਣ ਵਿਅਕਤੀ ਦੀ ਸੰਵੇਗਾਤਮਕ ਪ੍ਰਤੀ ਕ੍ਰਿਆ ਤੇ ਨਿਰਭਰ ਕਰਦੀ ਹੈ। ਇਸ ਤੋਂ ਇਲਾਵਾ ਸੁੰਦਰਤਾ ਦੀ ਹੋਰ ਪਹਿਚਾਣ ਨਹੀਂ ਹੋ ਸਕਦੀ ਅਤੇ ਨਾ ਹੀ ਸੁੰਦਰਤਾ ਦੀ ਕੋਈ ਪ੍ਰੀਭਾਸ਼ਾ ਹੋ ਸਕਦੀ ਹੈ। ਉਸਨੂੰ ਕੇਵਲ ਵਿਅਕਤੀ ਦੀ ਸੰਵੇਦਨਾ ਤੇ ਹੀ ਨਿਰਭਰ ਰਹਿਣਾ ਪੈਂਦਾ ਹੈ।

**(3) ਭਲਾਈ (Goodness) :** ਭਲਾਈ ਇਕ ਆਦਰਸ਼ ਹੈ। ਜਿਸ ਰਾਹੀਂ ਵਿਅਕਤੀ ਆਪਣੇ ਜੀਵਨ ਅਤੇ ਆਚਾਰ ਨੂੰ ਚੰਗਾ ਬਣਾਉਣਾ ਚਾਹੁੰਦਾ ਹੈ। ਇਕ ਚੰਗਾ ਚਰਿੱਤਰ ਮਨੁੱਖ ਦੀ ਉਤਮ ਜਾਇਦਾਦ ਹੈ ਜਿਸ ਕਰਕੇ ਵਿਅਕਤੀ ਸਮਾਜ ਵਿਚ ਸਨਮਾਨਯੋਗ ਸਥਾਨ ਗ੍ਰਹਿਣ ਕਰਦਾ ਹੈ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਨੇਕ ਇਨਸਾਨ ਸਮਝਿਆ ਜਾਂਦਾ ਹੈ। ਭਲਾਈ ਦੇ ਆਦਰਸ਼ ਰਾਹੀਂ ਵਿਅਕਤੀ ਆਮ ਲੋਕਾਂ ਦੇ ਭਲੇ ਦੀ ਗੱਲ ਕਰਦਾ ਹੈ ਅਤੇ ਇਸ ਕੰਮ ਲਈ ਉਹ ਆਪਣਾ ਜੀਵਨ ਵੀ ਦਾਅ ਤੇ ਲਗਾ ਦਿੰਦਾ ਹੈ। ਭਲਾਈ ਨੂੰ ਅੰਤਰੀਵੀ ਆਦਰਸ਼ ਇਸੇ ਕਰਕੇ ਸਮਝਿਆ ਜਾਂਦਾ ਹੈ ਕਿਉਂਕਿ ਇਸ ਵਿਚ ਵਿਅਕਤੀ ਆਪਣੀ ਨਿਜੀ ਭਲਾਈ ਨੂੰ ਛੱਡ ਕੇ ਆਮ ਲੋਕਾਂ ਦੀ ਭਲਾਈ ਦੀ ਗੱਲ ਕਰਦਾ ਹੈ। ਸੰਸਾਰ ਵਿਚ ਪੀਰਾਂ, ਫਕੀਰਾਂ ਅਤੇ ਗੁਰੂਆਂ ਦੀਆਂ ਲੋਕ ਭਲਾਈ ਦੀਆਂ ਅਨੇਕਾਂ ਉਦਾਹਰਣਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਉਤੇ ਚਲਦੇ ਹੋਏ ਉਨ੍ਹਾਂ ਨੇ ਆਪਣੇ ਜੀਵਨ ਤੱਕ ਦੀ ਵੀ ਪ੍ਰਵਾਹ ਨਹੀਂ ਕੀਤੀ ਅਤੇ ਮਾਨਵਤਾ ਨੂੰ ਭਲੇ ਦੇ ਆਦਰਸ਼ ਉਤੇ ਚਲਣ ਦਾ ਉਪਦੇਸ਼ ਦਿੱਤਾ।

ਇਹ ਤਿੰਨੇ ਮੁੱਲ ਵਿਅਕਤੀ ਦੇ ਅੰਤਰੀਵੀ ਮੁੱਲਾਂ ਨਾਲ ਸੰਬੰਧ ਰੱਖਦੇ ਹਨ। ਪਲੈਟੋ ਨੇ ਇਨ੍ਹਾਂ ਤਿੰਨਾਂ ਆਦਰਸ਼ ਦੀ ਵਿਆਖਿਆ ਵਿਸਥਾਰ ਸਹਿਤ ਕੀਤੀ ਹੈ। ਉਹ ਇੰਨਾ ਤਿੰਨਾਂ ਮੁੱਲਾਂ ਨੂੰ ਵਿਅਕਤੀ ਦੇ ਆਦਰਸ਼ਾਂ ਦੇ ਰੂਪ ਵਿਚ ਵੇਖਦਾ ਹੈ। ਇਸੇ ਤਰ੍ਹਾਂ ਭਾਰਤੀ ਸੰਸਕ੍ਰਿਤੀ ਵਿਚ ਵੀ ਇਨ੍ਹਾਂ ਤਿੰਨਾਂ ਮੁੱਲਾਂ ਨੂੰ ਜੀਵਨ ਦਾ ਉਦੇਸ਼ ਅਤੇ ਈਸ਼ਵਰ ਦਾ ਸਰੂਪ ਕਿਹਾ ਗਿਆ ਹੈ। ਜਿਸਨੂੰ 'ਸਤਜਮ ਸ਼ਿਵਮ ਸੁੰਦਰਮ' ਦੁਆਰਾ ਪ੍ਰਗਟ ਕੀਤਾ ਗਿਆ ਹੈ। ਇਹ ਅੰਦਰੂਨੀ ਮੁੱਲ ਬਾਹਰੀ ਮੁੱਲ ਤੇ ਵੀ ਆਧਾਰਿਤ ਹੁੰਦੇ ਹਨ ਇਸੇ ਕਰਕੇ ਇਹ ਇਕ ਦੂਜੇ ਤੇ ਨਿਰਭਰ ਕਰਦੇ ਹਨ ਅਤੇ ਇਕ ਦੂਜੇ ਨਾਲ ਸੰਬੰਧਤ ਹਨ।

**ਸਾਧਨ ਮੁੱਲ (Instrumental Values) :** ਸਾਧਨ ਮੁੱਲ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿਹੜੇ ਕਿਸੇ ਹੋਰ ਪਰਮ ਮੁੱਲ ਦੀ ਪ੍ਰਾਪਤੀ ਵਿਚ ਸਹਾਈ ਹੁੰਦੇ ਹਨ। ਹਰ ਵਿਅਕਤੀ ਲਈ ਆਪਣਾ ਪਰਮ ਲਕਸ਼ ਸਿੱਧੇ ਤੌਰ ਤੇ ਪ੍ਰਾਪਤ ਕਰਨਾ ਅਸੰਭਵ ਹੁੰਦਾ ਹੈ ਇਸ ਲਈ ਉਹ ਅਜਿਹੇ ਮੁੱਲਾਂ ਦੀ ਤਲਾਸ਼ ਵਿਚ ਰਹਿੰਦਾ ਹੈ ਜਿਹੜੇ ਮੁੱਲ ਉਸਨੂੰ ਉਸਦੇ ਲਕਸ਼ ਤੱਕ ਪਹੁੰਚਣ ਵਿਚ ਸਹਾਈ ਹੁੰਦੇ ਹਨ। ਇਸ ਵਿਚ ਕਿਸੇ ਇਕ ਚੀਜ਼ ਦੀ ਪ੍ਰਾਪਤੀ ਲਈ ਕਿਸੇ ਦੂਸਰੀ ਚੀਜ਼ ਨੂੰ ਸਾਧਨ ਮੰਨ ਕੇ ਉਸ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਕਿ ਜੇਕਰ ਇਕ ਵਿਅਕਤੀ ਦਾ ਉਦੇਸ਼ ਸਿਰਫ ਧਨ ਕਮਾਉਣਾ ਹੈ ਤਾਂ ਉਹ ਧਨ ਕਮਾਉਣ ਲਈ ਸਾਧਨ ਦੇ ਤੌਰ ਤੇ ਉਨ੍ਹਾਂ ਸਾਰੀਆਂ ਚੀਜ਼ਾਂ ਦੀ ਵਰਤੋਂ ਕਰਦਾ ਹੈ ਜੋ ਧਨ ਕਮਾਉਣ ਵਿਚ ਸਹਾਈ ਹੋ ਸਕਦੀਆਂ ਹਨ ਭਾਵੇਂ ਕਿ ਅਜਿਹਾ ਕਰਨ ਲਈ ਉਸ ਦੀ ਆਪਣੀ ਜ਼ਮੀਰ ਇਜ਼ਾਜਤ ਨਾ ਵੀ ਦੇਵੇ ਪਰ ਫਿਰ ਵੀ ਉਹ ਧਨ ਕਮਾਉਣ ਲਈ ਹੋਰ ਉਚਿਤ ਅਤੇ ਅਣਉਚਿਤ ਸਾਧਨਾਂ ਦੀ ਵਰਤੋਂ ਕਰਦਾ ਹੈ। ਕਿਸੇ ਦੂਜੇ ਵਿਅਕਤੀ ਲਈ ਧਨ ਕਮਾਉਣਾ ਇਕ ਸਾਧਨ ਮਾਤਰ ਹੈ ਅਤੇ ਉਸਦਾ ਉਦੇਸ਼ ਕੁਝ ਹੋਰ ਹੋਵੇਗਾ। ਇਹ ਸਾਧਨ ਵਿਅਕਤੀਆਂ ਦੀਆਂ ਇੱਛਾਵਾਂ ਅਤੇ ਲੋੜਾਂ ਨੂੰ ਪੂਰਾ ਕਰਨ ਵਿਚ ਹਮੇਸ਼ਾਂ ਸਹਾਈ ਸਿੱਧ ਹੁੰਦੇ ਹਨ। ਕਈ ਵਾਰੀ ਇਹ ਸਾਧਨ ਮੁੱਲ ਲਗਾਤਾਰ ਬਦਲਦੇ ਰਹਿੰਦੇ ਹਨ ਕਿਉਂਕਿ ਵਿਅਕਤੀ ਦਾ ਉਦੇਸ਼ ਜਾਂ ਪਰਮ ਲਕਸ਼ ਵੀ ਲਗਾਤਾਰ ਬਦਲਦਾ ਰਹਿੰਦਾ ਹੈ। ਵਿਅਕਤੀ ਦੀਆਂ ਇੱਛਾਵਾਂ ਵਿਚ ਲਗਾਤਾਰ ਤਬਦੀਲੀ ਹੁੰਦੀ ਰਹਿੰਦੀ ਹੈ। ਜੋ ਮੁੱਲ ਅੱਜ ਸਾਧਨ ਮੁੱਲ ਹਨ ਉਹ ਕਲ੍ਹ ਨੂੰ ਪਰਮ ਮੁੱਲ ਵੀ ਬਣ ਸਕਦੇ ਹਨ। ਸੋਚ-ਸ਼ਕਤੀ ਦੇ ਬਦਲਣ ਨਾਲ ਇੱਛਾਵਾਂ

ਦੀ ਪੂਰਤੀ ਦਾ ਸਬੰਧ ਲਗਾਤਾਰ ਬਣਿਆ ਰਹਿੰਦਾ ਹੈ। ਇਥੇ ਕੇਵਲ ਉਨ੍ਹਾਂ ਮੁੱਲਾਂ ਦੇ ਬਦਲਣ ਬਾਰੇ ਹੀ ਗੱਲ ਕੀਤੀ ਜਾ ਸਕਦੀ ਹੈ ਜੋ ਕਿ ਵਿਅਕਤੀ ਦੇ ਜੀਵਨ ਮੁੱਲ ਨਾਲ ਜੁੜੇ ਹੁੰਦੇ ਹਨ ਵਿਅਕਤੀ ਦੇ ਜੀਵਨ ਮੁੱਲ ਤੋਂ ਇਲਾਵਾ ਉਹ ਮੁੱਲ ਵੀ ਹੁੰਦੇ ਹਨ ਜਿਨ੍ਹਾਂ ਨੂੰ ਪਰਮ ਮੁੱਲ ਮੰਨਿਆ ਜਾਂਦਾ ਹੈ। ਇਹ ਮੁੱਲ ਵਿਅਕਤੀ ਨੂੰ ਨੈਤਿਕ ਤੌਰ ਤੇ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਮੁੱਲਾਂ ਦੀ ਪ੍ਰਾਪਤੀ ਲਈ ਵਿਅਕਤੀ ਆਪਣੇ ਜੀਵਨ ਮੁੱਲਾਂ ਨੂੰ ਸਾਧਨ ਮੁੱਲ ਦੇ ਤੌਰ ਤੇ ਇਸਤੇਮਾਲ ਕਰਦਾ ਹੈ। ਜਿਵੇਂ ਕਿ ਧਨ ਕਮਾਉਣਾ ਜੀਵਨ-ਮੁੱਲ ਨਾਲ ਸਬੰਧ ਰੱਖਦਾ ਹੈ ਪਰ ਇਸ ਦੀ ਵਰਤੋਂ ਸਾਧਨ ਮੁੱਲ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ ਕਿਉਂਕਿ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਧਨ ਦਾ ਅਹਿਮ ਰੋਲ ਹੈ। ਪਰ ਵਿਅਕਤੀ ਦਾ ਪਰਮ ਲਕਸ਼ ਮੋਕਸ਼ ਜਾਂ ਮੁਕਤੀ ਪ੍ਰਾਪਤ ਕਰਨਾ ਹੈ ਅਤੇ ਅਜਿਹਾ ਕਰਨ ਵਿਚ ਧਨ ਅਤੇ ਹੋਰ ਦੁਨਿਆਵੀ ਜੀਵਨ ਦੀਆਂ ਲੋੜਾਂ ਵਿਅਕਤੀ ਸਾਧਨ ਮੁੱਲ ਦੇ ਤੌਰ ਤੇ ਇਸਤੇਮਾਲ ਕਰਦਾ ਹੈ। ਭਾਰਤੀ ਦਰਸ਼ਨ ਵਿਚ ਚਾਰ ਪੁਰਸ਼ਾਰਥ (ਧਰਮ, ਅਰਥ, ਕਾਮ ਅਤੇ ਮੋਕਸ਼) ਇਸੇ ਸਿਧਾਂਤ ਉਤੇ ਅਧਾਰਿਤ ਹਨ। ਇਸ ਤੋਂ ਇਲਾਵਾ ਆਮ ਜੀਵਨ ਵਿਚ ਇਹ ਪਤਾ ਕਰਨ ਲਈ ਕਿ ਕਿਹੜਾ ਮੁੱਲ ਸਾਧਨ ਮੁੱਲ ਹੈ ਅਤੇ ਕਿਹੜਾ ਪਰਮ ਮੁੱਲ ਹੈ ਕੁਝ ਇਕ ਗੱਲਾਂ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇਣ ਦੀ ਲੋੜ ਹੈ ਜਿਵੇਂ :

(I) ਪਰਮ ਮੁੱਲ ਜਾਂ ਉਦੇਸ਼ ਮੁੱਲ ਸਾਧਨ ਦੇ ਮੁੱਲ ਤੋਂ ਉੱਚਾ ਹੈ। ਜੇ ਸਾਧਨ ਮੁੱਲ ਦਾ ਕੋਈ ਉਦੇਸ਼ ਮੁਲ ਨਹੀਂ ਤਾਂ ਸਾਧਨ ਮੁੱਲ ਦਾ ਵੀ ਕੋਈ ਲਾਭ ਨਹੀਂ ਜਿਵੇਂ ਕਿ ਜੇਕਰ ਵਿਅਕਤੀ ਕੋਲ ਜੂਸ ਦੀ ਮਸ਼ੀਨ ਹੈ ਪਰ ਉਸ ਕੋਲ ਰਸ ਕੱਢਣ ਵਾਲੇ ਫਲ ਨਹੀਂ ਤਾਂ ਇਹ ਜੂਸ ਦੀ ਮਸ਼ੀਨ ਕੀ ਅਰਥ ਰੱਖਦੀ ਹੈ।

(II) ਪਰਮ ਮੁੱਲ ਸਾਧਨ ਤੋਂ ਉੱਤਮ ਹੈ। ਅੰਤਰੀਵੀ ਮੁੱਲ ਉਹ ਹੈ ਜੋ ਆਪਣੇ ਆਪ ਵਿਚ ਕਾਇਮ ਹੈ ਅਤੇ ਉਸ ਨੂੰ ਆਪਣੀ ਹੋਂਦ ਲਈ ਕਿਸੇ ਹੋਰ ਚੀਜ਼ ਤੇ ਨਿਰਭਰ ਨਹੀਂ ਹੋਣਾ ਪੈਂਦਾ। ਪ੍ਰੰਤੂ ਸਾਧਨ ਮੁੱਲ ਉਹ ਹੈ ਜਿਸਨੂੰ ਆਪਣੀ ਹੋਂਦ ਲਈ ਕਿਸੇ ਦੂਜੀ ਚੀਜ਼ ਉਤੇ ਨਿਰਭਰ ਹੋਣਾ ਹੀ ਪੈਂਦਾ ਹੈ ਤਾਂ ਹੀ ਉਸਦਾ ਆਪਣਾ ਕੋਈ ਮੁੱਲ ਹੈ। ਸਾਧਨ ਮੁੱਲ ਪਰਮ ਮੁੱਲ ਦਾ ਇਕ ਭਾਗ ਹੈ ਅਤੇ ਉਸਨੂੰ ਹਮੇਸ਼ਾਂ ਪਰਮ ਮੁੱਲ ਤੇ ਹੀ ਨਿਰਭਰ ਰਹਿਣਾ ਪੈਂਦਾ ਹੈ।

(III) ਸਥਾਈ ਮੁੱਲ ਅਸਥਾਈ ਮੁੱਲਾਂ ਨਾਲੋਂ ਵਧੀਆ ਹਨ ਜਿਵੇਂ ਕਿ ਇਮਾਨਦਾਰੀ ਸਥਾਈ ਮੁੱਲ ਹੈ ਇਹ ਲੰਮਾ ਸਮਾਂ ਵਿਅਕਤੀ ਨੂੰ ਸੁਖ ਅਤੇ ਸ਼ਾਂਤੀ ਪ੍ਰਦਾਨ ਕਰਦੀ ਹੈ ਪਰ ਬੇਈਮਾਨੀ ਨਾਲ ਕੀਤੀ ਹੋਈ ਕਮਾਈ ਥੋੜੇ ਸਮੇਂ ਲਈ ਹੀ ਵਿਅਕਤੀ ਲਈ ਸੁੱਖ ਪ੍ਰਦਾਨ ਕਰ ਸਕਦੀ ਹੈ।

(IV) ਪ੍ਰਸੰਸਾਤਮਕ ਚੀਜ਼ਾਂ ਹਮੇਸ਼ਾਂ ਹੀ ਭੋਗਵਾਦੀ ਚੀਜ਼ਾਂ ਤੋਂ ਉਤਮ ਹੁੰਦੀਆਂ ਹਨ। ਕਿਉਂਕਿ ਜੋ ਵੀ ਚੀਜ਼ ਭੋਗ ਲਈ ਬਣਾਈ ਹੈ ਉਸਦੀ ਇਕ ਸੀਮਾ ਹੁੰਦੀ ਹੈ ਉਸ ਸਮੇਂ ਤੋਂ ਬਾਅਦ ਉਸਦਾ ਮੁੱਲ ਘਟ ਜਾਂਦਾ ਹੈ, ਪ੍ਰੰਤੂ ਪ੍ਰਸੰਸਾਤਮਕ ਚੀਜ਼ਾਂ ਹਮੇਸ਼ਾਂ ਹੀ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਰਹਿੰਦੀਆਂ ਹਨ ਅਤੇ ਉਨ੍ਹਾਂ ਦਾ ਮੁੱਲ ਵੀ ਦਿਨੋ ਦਿਨ ਵਧਦਾ ਜਾਂਦਾ ਹੈ ਜਿਵੇਂ ਕਿਸੇ ਦਾ ਚਰਿੱਤਰ, ਗਿਆਨ ਸੁੰਦਰਤਾ ਆਦਿ।

(V) ਵਿਅਕਤੀ ਨੂੰ ਹਮੇਸ਼ਾਂ ਹੀ ਉਚੇ ਮੁੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੇ ਅਤੇ ਨੀਵੇਂ ਮੁੱਲਾਂ ਨੂੰ ਉਚੇ ਮੁੱਲਾਂ ਦੀ ਪ੍ਰਾਪਤੀ ਲਈ ਇਸਤੇਮਾਲ ਕਰਨਾ ਚਾਹੀਦਾ ਹੈ। ਸਰੀਰਕ ਮੁੱਲ ਮਾਨਸਿਕ ਮੁੱਲਾਂ ਦੀ ਪ੍ਰਾਪਤੀ ਲਈ ਸਹਾਈ ਹੋ ਸਕਦੇ ਹਨ ਅਤੇ ਮਾਨਸਿਕ ਮੁੱਲ ਉਚਤਮ ਆਦਰਸ਼ ਦੀ ਪ੍ਰਾਪਤੀ ਦਾ ਸਾਧਨ ਬਣ ਸਕਦੇ ਹਨ। ਇਸ ਤਰ੍ਹਾਂ ਵਿਅਕਤੀ ਨੂੰ ਹਮੇਸ਼ਾਂ ਹੀ ਉੱਚੇ ਮੁੱਲਾਂ ਦੀ ਪ੍ਰਾਪਤੀ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ ਅਤੇ ਸਾਧਨ ਮੁੱਲ ਇਕ ਸੰਗਠਨ ਦੇ ਰੂਪ ਵਿਚ ਵਿਅਕਤੀ ਦੀ ਇਸ ਕੋਸ਼ਿਸ਼ ਵਿਚ ਸਾਥ ਦਿੰਦੇ ਰਹਿਣਗੇ। ਇਹ ਸੰਗਠਨਾਤਮਕ ਮੁੱਲ ਵਿਅਕਤੀ ਨੂੰ ਅਧਿਆਤਮਕ ਮੁੱਲਾਂ ਦੀ ਪ੍ਰਾਪਤੀ ਵਿਚ ਸਹਾਈ ਹੋਣਗੇ।

### 1.1.4 ਅਧਿਆਤਮਕ ਅਤੇ ਧਰਮ-ਨਿਰਪੇਖ ਮੁੱਲ (Spiritual and Secular Values)

ਅਰਬਨ ਮੁੱਲਾਂ ਦੀ ਵੰਡ ਵਿਚ ਅਖੀਰਲੇ ਤਿੰਨ ਮੁੱਲਾਂ ਭਾਵ ਸੁੰਦਰਤਾ, ਬੌਧਿਕ ਅਤੇ ਧਾਰਮਿਕ ਮੁੱਲਾਂ ਨੂੰ ਅਧਿਆਤਮਕ

ਮੁੱਲਾਂ ਦਾ ਨਾਂ ਦਿੰਦਾ ਹੈ। ਸੁੰਦਰਤਾ ਬਾਰੇ ਗੱਲ ਪਹਿਲਾਂ ਹੀ ਕੀਤੀ ਜਾ ਚੁਕੀ ਹੈ ਜੋ ਵਿਅਕਤੀ ਦੇ ਅੰਤਰੀਵੀ ਮੁੱਲ ਨਾਲ ਸੰਬੰਧ ਰੱਖਦੀ ਹੈ ਅਤੇ ਇਹ ਸੌਂਦਰਯ ਸਾਸ਼ਤਰ ਦਾ ਇਕ ਵਿਸ਼ਾ ਵੀ ਹੈ। ਭਾਰਤੀ ਦਰਸ਼ਨ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਮਨੁੱਖ ਅਗਿਆਨਤਾ ਵਸ ਇਸ ਦੁਨਿਆਵੀ ਚੱਕਰਾਂ ਵਿਚ ਫਸਿਆ ਰਹਿੰਦਾ ਹੈ ਅਤੇ ਜਦੋਂ ਵਿਅਕਤੀ ਨੂੰ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸਨੂੰ ਮੋਕਸ਼ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ ਜੋ ਕਿ ਵਿਅਕਤੀ ਦੇ ਜੀਵਨ ਦਾ ਪਰਮ ਲਕਸ਼ ਵੀ ਹੈ। ਪਰ ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਇਹ ਗਿਆਨ ਪ੍ਰਾਪਤ ਕਿਵੇਂ ਕੀਤਾ ਜਾਵੇ ? ਇਸਦੇ ਉਤਰ ਵਿਚ ਕਿਹਾ ਗਿਆ ਹੈ ਕਿ ਗਿਆਨ ਵਿਅਕਤੀ ਆਪਣੀ ਬੁੱਧੀ ਨਾਲ ਪ੍ਰਾਪਤ ਕਰਦਾ ਹੈ ਅਤੇ ਹਰ ਚੀਜ਼ ਜਿਹੜੀ ਬੌਧਿਕਤਾ ਦੇ ਵਿਕਾਸ ਵਿਚ ਹਿੱਸਾ ਪਾਉਂਦੀ ਹੈ ਗਿਆਨ ਦਾ ਸਰੂਪ ਹੈ। ਵਿਅਕਤੀ ਹਮੇਸ਼ਾਂ ਬੌਧਿਕ ਮੁੱਲਾਂ ਦੀ ਸਹਾਇਤਾ ਨਾਲ ਗਿਆਨ ਪ੍ਰਾਪਤ ਕਰਦਾ ਹੈ। ਜਿਵੇਂ ਜਿਵੇਂ ਵਿਅਕਤੀ ਦੇ ਗਿਆਨ ਵਿਚ ਵਾਧਾ ਹੁੰਦਾ ਜਾਂਦਾ ਹੈ। ਉਵੇਂ ਹੀ ਵਿਅਕਤੀ ਦਾ ਬੌਧਿਕ ਵਿਕਾਸ ਵੀ ਹੁੰਦਾ ਰਹਿੰਦਾ ਹੈ। ਇਸੇ ਕਰਕੇ ਬੌਧਿਕ ਮੁੱਲਾਂ ਨੂੰ ਅਧਿਆਤਮਕ ਮੁੱਲ ਦਾ ਇਕ ਹਿੱਸਾ ਮੰਨਿਆ ਜਾਂਦਾ ਹੈ। ਬੌਧਿਕ ਮੁੱਲ ਹੀ ਵਿਅਕਤੀ ਦੇ ਧਾਰਮਿਕ ਮੁੱਲਾਂ ਦੀ ਪ੍ਰਾਪਤੀ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਜਦੋਂ ਵਿਅਕਤੀ ਸੰਸਾਰ ਦੇ ਗੁਝੇ ਭੇਦਾਂ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੀ ਸਮਝ ਇਸ ਕੰਮ ਵਿਚ ਉਸਦਾ ਸਾਥ ਨਹੀਂ ਦਿੰਦੀ। ਇਥੇ ਵਿਅਕਤੀ ਵਿਸ਼ਵਾਸ ਦਾ ਸਹਾਰਾ ਲੈਂਦਾ ਹੈ ਅਤੇ ਇਸ ਗੱਲ ਉਤੇ ਵਿਸ਼ਵਾਸ ਕਰਦਾ ਹੈ ਕਿ ਕੋਈ ਅਜਿਹੀ ਸ਼ਕਤੀ ਹੈ ਜੋ ਸਾਰਾ ਦੁਨਿਆਵੀ ਕਾਰ-ਵਿਹਾਰ ਚਲਾਉਂਦੀ ਹੈ। ਵਿਅਕਤੀ ਦੀ ਉਸ ਅਦ੍ਰਿਸ਼ ਸ਼ਕਤੀ ਪ੍ਰਤੀ ਸ਼ਰਧਾ ਵਧਦੀ ਜਾਂਦੀ ਹੈ। ਇਹ ਸ਼ਰਧਾ ਵਿਅਕਤੀ ਦੀ ਪਵਿੱਤਰਤਾ ਦਾ ਕਾਰਨ ਬਣਦੀ ਹੈ। ਇਸ ਵਿਚ ਸ਼ਰਧਾ, ਪਵਿੱਤਰਤਾ ਅਤੇ ਭਗਤੀ ਆਦਿ ਧਾਰਮਿਕ ਮੁੱਲ ਵਿਅਕਤੀ ਦੇ ਜੀਵਨ ਹਿੱਸਾ ਬਣਦੇ ਹਨ ਜੋ ਕਿ ਉਸ ਨੂੰ ਅਧਿਆਤਮਕ ਮੁੱਲਾਂ ਤੱਕ ਪਹੁੰਚਣ ਵਿਚ ਸਹਾਇਤਾ ਕਰਦੇ ਹਨ। ਅਧਿਆਤਮਕ ਮੁੱਲਾਂ ਦੀ ਪ੍ਰਾਪਤੀ ਤੋਂ ਪਹਿਲਾਂ ਵਿਅਕਤੀ ਭੌਤਿਕ ਅਤੇ ਸਮਾਜਿਕ ਮੁੱਲਾਂ ਦੀ ਪ੍ਰਾਪਤੀ ਲਈ ਲਗਾਤਾਰ ਯਤਨਸ਼ੀਲ ਰਹਿੰਦਾ ਹੈ ਪਰ ਜਦੋਂ ਉਸਨੂੰ ਇਨ੍ਹਾਂ ਰਾਹੀਂ ਖੁਸ਼ੀ ਅਤੇ ਸੰਤੁਸ਼ਟੀ ਨਹੀਂ ਮਿਲਦੀ ਤਾਂ ਉਸਦਾ ਆਤਮਿਕ ਵਿਕਾਸ ਵੀ ਰੁਕ ਜਾਂਦਾ ਹੈ ਅਤੇ ਉਹ ਇਹ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਕਿਵੇਂ ਅਧਿਆਤਮਕ ਮੁੱਲਾਂ ਦੀ ਪ੍ਰਾਪਤੀ ਕੀਤੀ ਜਾਵੇ ਤਾਂ ਜੋ ਸਰੀਰ ਅਤੇ ਮਨ ਸ਼ਾਂਤ ਰਹਿ ਸਕਣ ਅਤੇ ਜ਼ਿੰਦਗੀ ਦੀ ਭਟਕਣ ਤੋਂ ਨਿਜਾਤ ਮਿਲੇ। ਜਦੋਂ ਵਿਅਕਤੀ ਅਧਿਆਤਮਕ ਮੁੱਲਾਂ ਦੀ ਪ੍ਰਾਪਤੀ ਲਈ ਯਤਨ ਸ਼ੁਰੂ ਕਰਦਾ ਹੈ ਤਾਂ ਉਸਦੀ ਚੇਤਨਾ ਦਾ ਵਿਕਾਸ ਵੀ ਸ਼ੁਰੂ ਹੋ ਜਾਂਦਾ ਹੈ ਅਤੇ ਜਦੋਂ ਵਿਅਕਤੀ ਦਾ ਅਧਿਆਤਮਿਕ ਗਿਆਨ ਵਧਦਾ ਜਾਂਦਾ ਹੈ ਉਸ ਦੀ ਸਮਝ ਵਿਚ ਆ ਜਾਂਦਾ ਹੈ ਕਿ ਸ਼ੁਧ ਚੇਤਨ-ਸਰੂਪ ਆਤਮਾ ਹੈ। ਗੁਰਬਾਣੀ ਵੀ ਵਿਅਕਤੀ ਦੇ ਅਧਿਆਤਮਕ ਵਿਕਾਸ ਦੀ ਪ੍ਰਕ੍ਰਿਆ ਨੂੰ ਲਗਾਤਾਰ ਚਲਦੇ ਰਹਿਣ ਦੀ ਪ੍ਰੇਰਣਾ ਦਿੰਦੀ ਹੈ ਇਸੇ ਲਈ ਇਹ ਆਦੇਸ਼ ਦਿੱਤਾ ਗਿਆ ਹੈ।

ਮਨ ਤੂੰ ਜੋਤਿ ਸਰੂਪ ਹੈ
ਅਪਣਾ ਮੂਲੁ ਪਛਾਣੁ ।। (ਪੰਨਾ 441)

ਜਦੋਂ ਵਿਅਕਤੀ ਆਪਣੇ ਮੂਲ ਵੱਲ ਮੁੜਨ ਦੀ ਕੋਸ਼ਿਸ਼ ਆਰੰਭ ਕਰਦਾ ਹੈ ਤਾਂ ਉਸਦਾ ਅਧਿਆਤਮਕ ਵਿਕਾਸ ਵੀ ਸ਼ੁਰੂ ਹੋ ਜਾਂਦਾ ਹੈ। ਇਸ ਵਿਚ ਵਿਅਕਤੀ ਪਰਮ-ਅਨੰਦ ਦੀ ਪ੍ਰਾਪਤੀ ਵੱਲ ਲੱਗ ਜਾਂਦਾ ਹੈ ਅਤੇ ਉਸਨੂੰ ਬ੍ਰਹਮ ਦੇ ਸਤ, ਚਿੱਤ ਅਤੇ ਅਨੰਦ ਆਦਿ ਗੁਣਾਂ ਦਾ ਪਤਾ ਲਗਣਾ ਸ਼ੁਰੂ ਹੋ ਜਾਂਦਾ ਹੈ। ਵਿਅਕਤੀ ਮਨ ਨੂੰ ਹੀ ਜੀਵਨ ਦਾ ਸਭ ਤੋਂ ਉਚਤਮ ਮੁੱਲ ਸਮਝਦਾ ਹੈ ਅਤੇ ਉਸੇ ਨੂੰ ਪਰਮ ਪੁਰਸ਼ਾਰਥ ਦੇ ਰੂਪ ਵਿਚ ਵੇਖਦਾ ਹੈ।

ਧਰਮ-ਨਿਰਪੇਖ ਮੁੱਲ **(Secular Values) :** ਧਰਮ-ਨਿਰਪੇਖ ਮੁੱਲ ਵਿਚ ਅਸੀਂ ਹੇਠ ਲਿਖੀਆਂ ਗੱਲਾਂ ਦਾ ਅਧਿਐਨ ਕਰਦੇ ਹਾਂ।

**(I)** **ਪਰਸਪਰ ਸਦਭਾਵਨਾ (Mutual Understanding) :** ਭਿੰਨ ਭਿੰਨ ਰੀਤੀ-ਰਿਵਾਜ, ਵਿਸ਼ਵਾਸ ਅਤੇ ਧਰਮ ਰੱਖਣ ਵਾਲੇ ਲੋਕਾਂ ਵਿਚ ਪਰਸਪਰ ਸਦਭਾਵਨਾ ਜ਼ਰੂਰੀ ਹੋਣੀ ਚਾਹੀਦੀ ਹੈ।

**(II)** **ਪਰਸਪਰ ਸਹਿਯੋਗ (Mutual Co-operation) :** ਵੱਖ ਵੱਖ ਧਰਮ ਦੇ ਲੋਕਾਂ ਦੇ ਸਮਾਜ ਵਿਚ ਇਹ ਵੀ ਜ਼ਰੂਰੀ ਹੈ ਕਿ ਹਰ ਇਕ ਵਰਗ ਦੇ ਲੋਕ ਬਿਨਾਂ ਕਿਸੇ ਭੇਦ-ਭਾਵ ਦੇ ਦੂਜੇ ਵਰਗ ਦੇ ਲੋਕਾਂ ਨੂੰ ਸਹਿਯੋਗ ਦੇਣ ਤਾਂ ਹੀ ਸਮਾਜ ਵਿਚ ਸਦਭਾਵਨਾ ਅਤੇ ਸਮਾਜਿਕ ਉਸਾਰੀ ਦੀ ਗੱਲ ਸੰਭਵ ਹੈ।

**(III) ਸਹਿਨਸ਼ੀਲਤਾ (Tolerance) :** ਸ਼ਹਿਨਸ਼ੀਲਤਾ ਇਕ ਮਹੱਤਵਪੂਰਨ ਧਰਮ-ਨਿਰਪੇਖ ਮੁੱਲ ਹੈ ਜਿਸ ਵਿਚ ਹਰ ਤਰ੍ਹਾਂ ਦੀ ਸਮਾਜਿਕ, ਆਰਥਿਕ, ਸੰਸਕ੍ਰਿਤਕ, ਰਾਜਨੀਤਕ ਅਤੇ ਧਾਰਮਿਕ ਭਿੰਨਤਾ ਨੂੰ ਸਹਿਣ ਕੀਤਾ ਜਾਣਾ ਚਾਹੀਦਾ ਹੈ। ਸ਼ਹਿਨਸ਼ੀਲਤਾ ਦੇ ਮੁੱਲ ਰਾਹੀਂ ਹੀ ਵਿਅਕਤੀਗਤ ਅਤੇ ਸਮੂਹਕ ਸਮਾਜ ਉਸਾਰੀ ਦੀ ਗੱਲ ਸੰਭਵ ਹੋ ਸਕਦੀ ਹੈ।

**(IV) ਸਰਵ-ਵਿਆਪੀ ਸੱਚਾਈਆਂ ਦੀ ਪ੍ਰਸੰਸਾ (Appreciation of Universal Truths):** ਇਹ ਵੀ ਧਰਮ-ਨਿਰਪੇਖ ਮੁੱਲ ਦਾ ਇਕ ਜ਼ਰੂਰੀ ਅੰਗ ਹੈ ਜਿਸ ਵਿਚ ਨੈਤਿਕਤਾ, ਮਾਨਵਤਾ, ਸੱਚਾਈ, ਅਹਿੰਸਾ, ਸੇਵਾ, ਹਮਦਰਦੀ ਆਦਿ ਗੁਣਾਂ ਦੀ ਗੱਲ ਕੀਤੀ ਜਾ ਸਕਦੀ ਹੈ ਜੋ ਕਿ ਸਮਾਜਿਕ ਢਾਂਚੇ ਦਾ ਮਹੱਤਵਪੂਰਨ ਹਿੱਸਾ ਵੀ ਹਨ।

**(V) ਚਰਿੱਤਰ (Character) :** ਧਰਮ-ਨਿਰਪੇਖ ਮੁੱਲ ਵਿਅਕਤੀ ਦੇ ਚਰਿੱਤਰ ਨਿਰਮਾਣ ਵਿਚ ਅਹਿਮ ਯੋਗਦਾਨ ਪਾਉਂਦੇ ਹਨ ਜਿਸ ਰਾਹੀਂ ਵਿਅਕਤੀ ਦੀ ਇਮਾਨਦਾਰੀ, ਸੱਚਾਈ, ਅਹਿੰਸਾ ਆਦਿ ਗੁਣਾਂ ਦਾ ਪਤਾ ਲਗਦਾ ਹੈ।

**(VI) ਮਾਨਵਤਾਵਾਦ (Humanitarianism) :** ਮਾਨਵਤਾਵਾਦ ਇਸ ਗੱਲ ਉਤੇ ਜ਼ੋਰ ਦਿੰਦਾ ਹੈ ਕਿ ਹਰ ਇਕ ਵਿਅਕਤੀ ਜੀਉ ਅਤੇ ਜੀਉਣ ਦਿਉ ਦੇ ਰਸਤੇ ਉਤੇ ਚੱਲੇ ਅਤੇ ਹਰ ਇਕ ਵਿਅਕਤੀ ਨੂੰ ਨਿਜੀ ਤੌਰ ਤੇ ਸਮਾਜਿਕ, ਧਾਰਮਿਕ ਅਤੇ ਨੈਤਿਕ ਮੁਲਾਂ ਦੀ ਗੱਲ ਕਰਨ ਦੀ ਖੁੱਲ ਹੋਵੇ।

ਇਸ ਤਰ੍ਹਾਂ ਧਰਮ-ਨਿਰਪੇਖ ਮੁੱਲ ਸਮਾਜਿਕ ਉਸਾਰੀ ਵਿਚ ਆਪਣੇ ਤਰੀਕੇ ਨਾਲ ਯੋਗਦਾਨ ਪਾਉਂਦੇ ਹਨ। ਇਹ ਬਹੁ-ਭਾਸ਼ੀ, ਬਹੁ-ਧਰਮੀ, ਬਹੁ-ਕੌਮੀ ਆਦਿ ਰਾਸ਼ਟਰ ਅਤੇ ਸਮਾਜ ਲਈ ਧਰਮ-ਨਿਰਪੇਖ ਮੁੱਲਾਂ ਦਾ ਇਕ ਵਿਸ਼ੇਸ਼ ਸਥਾਨ ਹੈ।

### 1.1.5 ਮੁੱਲਾਂ ਦੀ ਯੋਜਨਾਬੱਧ ਉਚਤਮ ਵਿਵਸਥਾ (Hierarchy of Values) :

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਉਸਦੀ ਦੂਜੇ ਦੁਨਿਆਵੀ ਜੀਵਾਂ ਤੋਂ ਭਿੰਨਤਾ ਵੀ ਇਸੇ ਗੱਲ ਵਿਚ ਹੈ ਕਿ ਉਹ ਨਿਯਮਬੱਧ ਅਤੇ ਯੋਜਨਾਬੱਧ ਸਮਾਜਿਕ ਵਿਵਸਥਾ ਦਾ ਇਕ ਅੰਗ ਹੈ। ਇਹ ਵਿਵਸਥਾ ਉਸ ਦੀ ਆਪਣੀ ਹੀ ਬਣਾਈ ਹੋਈ ਹੈ ਅਤੇ ਉਹ ਇਸ ਕ੍ਰਮ ਅਨੁਸਾਰ ਕੰਮ ਵੀ ਕਰਦਾ ਹੈ। ਜੋ ਵਿਅਕਤੀ ਇਸ ਯੋਜਨਾਬੱਧ ਸਮਾਜਿਕ ਵਿਵਸਥਾ ਨੂੰ ਭੰਗ ਕਰਦਾ ਹੈ ਉਸਨੂੰ ਸਮਾਜ ਤੋਂ ਬਾਹਰ ਰੱਖਣ ਦਾ ਜਾਂ ਸਮਾਜਿਕ ਰੀਤਾਂ ਅਨੁਸਾਰ ਸਜਾ ਦੇਣ ਦਾ ਵੀ ਵਿਧਾਨ ਹੈ। ਮਨੁੱਖ ਕਿਉਂਕਿ ਇਕ ਸਮਝਦਾਰ ਪ੍ਰਾਣੀ ਕਿਹਾ ਜਾਂਦਾ ਹੈ ਇਸ ਲਈ ਉਸ ਨੂੰ ਦੂਜੇ ਸਾਰੇ ਜੀਵਾਂ ਵਿਚ ਪ੍ਰਧਾਨ ਮੰਨਿਆ ਜਾਂਦਾ ਹੈ। ਹੁਣ ਜਦੋਂ ਮਨੁੱਖ ਸਾਰੇ ਜੀਵਾਂ ਵਿਚੋਂ ਬੁਧੀਮਾਨ ਸਮਝਿਆ ਜਾਂਦਾ ਹੈ ਤਾਂ ਉਹ ਆਪਣੇ ਜੀਵਨ ਪੱਧਰ ਨੂੰ ਦੂਜੇ ਜੀਵਾਂ ਦੇ ਮੁਕਾਬਲੇ ਵਧੀਆ ਅਤੇ ਚੰਗੇਰਾ ਬਣਾਉਣ ਵਿਚ ਲੱਗਿਆ ਰਹਿੰਦਾ ਹੈ। ਉਹ ਹਮੇਸ਼ਾ ਆਪਣੇ ਆਪ ਨੂੰ ਦੂਜੇ ਜੀਵਾਂ ਤੋਂ ਭਿੰਨ ਕਰਕੇ ਵੇਖਦਾ ਅਤੇ ਸੋਚਦਾ ਹੈ ਕਿ ਜੋ ਨੈਤਿਕ ਗੁਣ ਅਤੇ ਮੁੱਲ ਉਸ ਅੰਦਰ ਪਾਏ ਜਾਂਦੇ ਹਨ ਉਹ ਹੋਰ ਕਿਸੇ ਜੀਵ ਸ਼੍ਰੇਣੀ ਵਿਚ ਵੇਖਣ ਨੂੰ ਨਹੀਂ ਮਿਲਦੇ। ਇਨ੍ਹਾਂ ਨੈਤਿਕ ਮੁੱਲਾਂ ਕਰਕੇ ਹੀ ਵਿਅਕਤੀਆਂ ਵਿਚ ਅੰਤਰ ਪਾਏ ਜਾਂਦੇ ਹਨ। ਜਿੰਨਾ ਕੋਈ ਵਿਅਕਤੀ ਵਧੇਰੇ ਨੈਤਿਕ ਸਮਝਿਆ ਜਾਂਦਾ ਹੈ। ਉਨ੍ਹਾਂ ਹੀ ਉਸਦਾ ਸਮਾਜਿਕ ਰੁਤਬਾ ਵੀ ਵਧਦਾ ਜਾਂਦਾ ਹੈ ਅਤੇ ਜਿਹੜੇ ਨੈਤਿਕ ਮੁੱਲਾਂ ਦੀ ਪ੍ਰਵਾਹ ਨਹੀਂ ਕਰਦੇ ਉਨ੍ਹਾਂ ਨੂੰ ਸਮਾਜ ਵਿਚ ਚੰਗੇ ਮਨੁੱਖ ਨਹੀਂ ਸਮਝਿਆ ਜਾਂਦਾ ਕਿਉਂਕਿ ਉਹ ਸਮਾਜਿਕ ਗਿਰਾਵਟ ਦਾ ਕਾਰਨ ਬਣਦੇ ਹਨ। ਇਸੇ ਕਰਕੇ ਹੀ ਹਰ ਮਨੁੱਖ ਇਹ ਸੋਚਦਾ ਹੈ ਕਿ ਉਹ ਹੈ ਕੀ ਅਤੇ ਉਸਨੇ ਬਣਨਾ ਕੀ ਹੈ ? ਵਿਅਕਤੀ ਜੋ ਹੈ ਇਹ ਉਸਦਾ ਆਪਣਾ ਵਰਤਮਾਨ ਹੈ ਅਤੇ ਉਸਨੇ ਜੋ ਬਣਨਾ ਹੈ ਇਹ ਉਸ ਦਾ ਭਵਿੱਖ ਹੈ। ਹਰ ਵਿਅਕਤੀ ਇਹ ਸੋਚਦਾ ਹੈ ਕਿ ਉਸਨੇ ਜੋ ਬਣਨਾ ਹੈ, ਉਸਦੀ ਪ੍ਰਾਪਤੀ ਲਈ ਲਗਾਤਾਰ ਯਤਨ ਕਰਦਾ ਰਹੇ ਅਤੇ ਇਹ ਉਸਦੇ ਜੀਵਨ ਦਾ ਉਦੇਸ਼ ਵੀ ਬਣ ਜਾਂਦਾ ਹੈ। ਵਿਅਕਤੀ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਦੁਨਿਆਵੀ ਚੀਜ਼ਾਂ ਨੂੰ ਇਕ ਸਾਧਨ ਦੇ ਤੌਰ ਤੇ ਇਸਤੇਮਾਲ ਕਰਦਾ ਹੈ। ਵਿਅਕਤੀ ਦੇ ਜੀਵਨ ਵਿਚ ਉਦੇਸ਼ ਤਾਂ ਹੀ ਪ੍ਰਾਪਤ ਹੋ ਸਕਦੇ ਹਨ ਜਾਂ ਉਹ ਵਿਅਕਤੀ ਆਪਣੇ ਉਦੇਸ਼ ਤੱਕ ਪੁੱਜ ਸਕਦੇ ਹਨ ਜਿੰਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਸਹਿਜੇ ਹੀ ਪੂਰੀਆਂ ਹੋ ਜਾਣ ਜਾਂ ਜਿਨ੍ਹਾਂ ਦੀ ਪ੍ਰਾਪਤੀ ਲਈ ਵਿਅਕਤੀ ਨੂੰ ਜੀਵਨ ਵਿਚ ਜ਼ਿਆਦਾ ਸੰਘਰਸ਼ ਨਾ ਕਰਨਾ ਪਵੇ। ਜਿਵੇਂ ਰੋਟੀ, ਕਪੜਾ, ਮਕਾਨ, ਅਰਾਮ,

ਭੋਗ ਆਦਿ ਜੀਵਨ ਦੀਆਂ ਅਜਿਹੀਆਂ ਲੋੜਾਂ ਹਨ ਜਿਨ੍ਹਾਂ ਤੋਂ ਬਗੈਰ ਵਿਅਕਤੀ ਲਈ ਜਿਉਂਦੇ ਰਹਿਣਾ ਮੁਸ਼ਕਿਲ ਹੈ ਅਤੇ ਜਿਨ੍ਹਾਂ ਵਿਅਕਤੀਆਂ ਦਾ ਉਦੇਸ਼ ਇਨ੍ਹਾਂ ਚੀਜ਼ਾਂ ਨੂੰ ਪ੍ਰਾਪਤ ਕਰਨਾ ਹੋਵੇ ਉਹ ਹੋਰ ਕਿਸੇ ਪਾਸੇ ਧਿਆਨ ਨਹੀਂ ਦੇ ਸਕਦਾ। ਜਿਸ ਵਿਅਕਤੀ ਕੋਲ ਖਾਣ ਲਈ ਕੁਝ ਵੀ ਨਾ ਹੋਵੇ ਤਾਂ ਉਸਦਾ ਧਿਆਨ ਖਾਣ-ਪੀਣ ਦੀਆਂ ਚੀਜ਼ਾਂ ਵੱਲ ਹੀ ਲੱਗਿਆ ਰਹੇਗਾ ਅਤੇ ਉਹ ਹਰ ਇਕ ਚੀਜ਼ ਵਿਚੋਂ ਖਾਣ ਲਈ ਕੁਝ ਨਾ ਕੁਝ ਵੇਖਦਾ ਰਹੇਗਾ। ਅਜਿਹੇ ਵਿਅਕਤੀ ਦਾ ਉਦੇਸ਼ ਕੇਵਲ ਰੋਟੀ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਇਸ ਜੀਵਨ ਵਿਚ ਰੋਟੀ ਦੀ ਅਹਿਮੀਅਤ ਅਤੇ ਜ਼ਰੂਰਤ ਉਤੇ ਚਾਨਣਾ ਪਾਉਂਦੇ ਹੋਏ ਕਬੀਰ ਜੀ ਫੁਰਮਾਉਂਦੇ ਹਨ :

> ਭੂਖੇ ਭਗਤਿ ਨ ਕੀਜੈ ।।
> ਯਹ ਮਾਲਾ ਆਪਨੀ ਲੀਜੈ ।। (ਪੰਨਾ 656)

ਇਸ ਤੋਂ ਬਾਅਦ ਉਹ ਮੁੱਲ ਆ ਜਾਂਦੇ ਹਨ ਜਿਨ੍ਹਾਂ ਨੂੰ ਮਾਨਸਿਕ ਮੁੱਲ ਕਿਹਾ ਜਾਂਦਾ ਹੈ। ਇਹ ਵਿਅਕਤੀ ਦੀਆਂ ਸਰੀਰਕ ਲੋੜਾਂ ਨਾਲ ਸੰਬੰਧ ਨਹੀਂ ਰੱਖਦੇ ਪਰ ਫਿਰ ਵੀ ਇਨ੍ਹਾਂ ਦੀ ਪੂਰਤੀ ਜੀਵਨ ਵਿਚ ਸਭ ਤੋਂ ਜ਼ਰੂਰੀ ਹੈ। ਇਨ੍ਹਾਂ ਮਾਨਸਿਕ ਲੋੜਾਂ ਦੀ ਪੂਰਤੀ ਵਿਅਕਤੀ ਦੀ ਖੁਸ਼ੀ ਅਤੇ ਆਤਮ ਸੰਤੁਸ਼ਟੀ ਆਦਿ ਆ ਜਾਂਦੀਆਂ ਹਨ। ਇਹ ਮਾਨਸਿਕ ਸੰਤੁਸ਼ਟੀ ਸਰੀਰਕ ਲੋੜਾਂ ਦੀ ਪੂਰਤੀ ਵਿਚੋਂ ਨਿਕਲਦੀਆਂ ਹਨ। ਮਾਨਸਿਕ ਅਤੇ ਸਰੀਰਕ ਲੋੜਾਂ ਦੀ ਪੂਰਤੀ ਨੂੰ ਹੇਠਲੇ ਮੁੱਲਾਂ ਦੇ ਰੂਪ ਵਿਚ ਵੇਖਿਆ ਜਾਦਾ ਹੈ। ਪਰ ਉਚਤਮ ਮੁੱਲਾਂ ਤੱਕ ਪਹੁੰਚਣ ਲਈ ਹੇਠਲੇ ਮੁੱਲਾਂ ਦਾ ਆਪਣਾ ਯੋਗਦਾਨ ਹੈ। ਉਚਤਮ ਮੁੱਲਾਂ ਵਿਚ ਨੈਤਿਕ ਸ਼ੁਭ (Moral Goodness) ਅਤੇ ਸੱਚਾਈ (Truth) ਆ ਜਾਂਦੇ ਹਨ। ਨੈਤਿਕ ਸ਼ੁਭ ਵਿਅਕਤੀ ਦੇ ਹੇਠਲੇ ਮੁੱਲਾਂ ਨਾਲੋਂ ਬਿਹਤਰ ਹੈ। ਹਰ ਇਕ ਵਿਅਕਤੀ ਆਪਣੀ ਜ਼ਿੰਦਗੀ ਵਿਚ ਇਹ ਮਹਿਸੂਸ ਕਰਦਾ ਹੈ ਕਿ ਦੂਜਿਆ ਨੂੰ ਦੁਖ ਪਹੁੰਚਾਉਣ ਨਾਲ ਉਸਨੂੰ ਮਾਨਸਿਕ ਪੀੜਾ ਹੁੰਦੀ ਹੈ। ਇਹ ਪੀੜਾ ਜੋ ਵੀ ਵਿਅਕਤੀ ਦੇਖਦਾ ਜਾਂ ਮਹਿਸੂਸ ਕਰਦਾ ਹੈ ਉਸਦਾ ਮਨ ਹਮੇਸ਼ਾਂ ਅਸੰਤੁਲਿਤ ਰਹਿੰਦਾ ਹੈ। ਇਸ ਦਾ ਭਾਵ ਹੈ ਕਿ ਵਿਅਕਤੀ ਨਾ ਤਾਂ ਜ਼ਿਆਦਾ ਸਮੇਂ ਤੱਕ ਹਿੰਸਾ ਕਰ ਸਕਦਾ ਹੈ ਅਤੇ ਨਾ ਹੀ ਕਿਸੇ ਨੂੰ ਦੁਖ ਪਹੁੰਚਾ ਸਕਦਾ ਹੈ। ਇਨ੍ਹਾਂ ਹੀ ਨਹੀਂ ਬਲਕਿ ਕਿਸੇ ਹੋਰ ਵਿਅਕਤੀ ਦੇ ਦੁਖ ਦਰਦ ਨੂੰ ਜ਼ਿਆਦਾ ਦੇਰ ਤੱਕ ਸਹਿਣ ਵੀ ਨਹੀਂ ਕਰ ਸਕਦਾ। ਇਥੇ ਵਿਅਕਤੀ ਇਹ ਅਹਿਸਾਸ ਕਰਦਾ ਹੈ ਕਿ ਜੇਕਰ ਉਹ ਦੂਜੇ ਵਿਅਕਤੀਆਂ ਦੇ ਦੁਖ ਦਰਦ ਵਿਚ ਸ਼ਾਮਲ ਹੋਵੇ ਜਾਂ ਉਨ੍ਹਾਂ ਦੇ ਦੁੱਖਾਂ ਨੂੰ ਘੱਟ ਕਰਨ ਦਾ ਯਤਨ ਕਰੇ ਤਾਂ ਉਸਨੂੰ ਇਕ ਵਿਸ਼ੇਸ਼ ਕਿਸਮ ਦੀ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਜੇਕਰ ਉਹ ਦੂਜਿਆਂ ਨੂੰ ਦੁਖ ਦਰਦ ਵਿਚ ਵੇਖ ਕੇ ਉਨ੍ਹਾਂ ਦੀ ਸਹਾਇਤਾ ਨਹੀਂ ਕਰਦਾ ਤਾਂ ਉਸਨੂੰ ਇਸ ਨਾਲ ਮਾਨਸਿਕ ਪੀੜਾ ਵੀ ਹੁੰਦੀ ਹੈ ਅਤੇ ਉਸ ਨੂੰ ਅਜੀਬ ਜਿਹਾ ਮਾਨਸਿਕ ਬੋਝ ਮਹਿਸੂਸ ਹੋਣ ਲਗ ਪੈਂਦਾ ਹੈ। ਇਹੀ ਕਾਰਨ ਹੈ ਕਿ ਸਮਾਜ ਵਿਚ ਲੋਕਾਂ ਦੇ ਭਲੇ ਲਈ ਬਿਨਾਂ ਕਿਸੇ ਅਹਿਸਾਨ ਦੇ ਬਹੁਤ ਸਾਰੇ ਵਿਅਕਤੀ ਅੱਗੇ ਆਉਂਦੇ ਹਨ ਜਿਹੜੇ ਬਿਨਾਂ ਕਿਸੇ ਲਾਲਚ ਵਸ ਲੋਕ ਭਲਾਈ ਦੇ ਕੰਮ ਕਰਦੇ ਹਨ। ਸਿੱਖ ਧਰਮ ਵਿਚ ਲੋਕ ਭਲਾਈ ਸੰਬੰਧੀ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਪਰ ਇਨ੍ਹਾਂ ਸਾਰੀਆਂ ਵਿਚੋਂ ਭਾਈ ਕਨ੍ਹਈਆਂ ਜੀ ਦੀ ਉਦਾਹਰਣ ਸਰਵੋਤਮ ਹੈ। ਜਿਨ੍ਹਾਂ ਨੇ ਬਿਨ੍ਹਾਂ ਭੇਦ ਭਾਵ ਦੇ ਦੁਸ਼ਮਨ ਦੇ ਜ਼ਖਮੀ ਸਿਪਾਹੀਆਂ ਨੂੰ ਪਾਣੀ ਪਿਲਾਇਆ। ਉਸਦਾ ਉਤਸ਼ਾਹ ਹੋਰ ਵਧਾਉਣ ਲਈ ਦਸਵੇਂ ਗੁਰੂ ਜੀ ਨੇ ਨਾ ਕੇਵਲ ਉਸਨੂੰ ਸੱਚਾ ਸਿੱਖ ਹੋਣ ਦੀ ਉਪਾਧੀ ਦਿੱਤੀ ਬਲਕਿ ਹੋਰ ਮੱਲ੍ਹਮ ਪੱਟੀ ਆਦਿ ਦੇ ਕੇ ਲੋਕਾਂ ਦੀ ਨਿਸੁਆਰਥ ਸੇਵਾ ਕਰਨ ਦਾ ਥਾਪੜਾ ਵੀ ਦਿੱਤਾ। ਇਹ ਉਹ ਮੁੱਲ ਹਨ ਜਿਨ੍ਹਾਂ ਦੀ ਪ੍ਰਾਪਤੀ ਵਿਅਕਤੀ ਨੂੰ ਮਾਨਸਿਕ ਅਤੇ ਅਧਿਆਤਮਕ ਪੱਧਰ ਉਤੇ ਉੱਚਾ ਚੁਕਦੀ ਹੈ। ਜਿਵੇਂ ਜਿਵੇਂ ਵਿਅਕਤੀ ਅਧਿਆਤਮਕ ਮੁੱਲਾਂ ਦੇ ਨੇੜੇ ਪੁੱਜਦਾ ਜਾਂਦਾ ਹੈ ਉਸਦੀ ਦੁਨੀਆਂ ਪ੍ਰਤੀ ਅਤੇ ਆਪਣੇ ਆਲੇ-ਦੁਆਲੇ ਪ੍ਰਤੀ ਸੋਚ ਵੀ ਬਦਲਦੀ ਰਹਿੰਦੀ ਹੈ। ਪਹਿਲਾਂ ਵਿਅਕਤੀ ਆਪਣੇ ਆਪ ਨਾਲ ਅਤੇ ਆਪਣੇ ਨਿਜ ਨਾਲ ਸਬੰਧਤ ਹੁੰਦਾ ਹੈ ਪਰ

# HIERARCHY OF VALUES



ਉਚਤਮ ਮੁੱਲਾਂ ਦੀ ਸਹਾਇਤਾ ਨਾਲ ਵਿਅਕਤੀ ਆਪਣੇ ਬਾਰੇ ਘੱਟ ਅਤੇ ਹੋਰ ਵਿਅਕਤੀਆਂ ਦੇ ਦੁਖਾਂ ਬਾਰੇ ਵਧੇਰੇ ਚਿੰਤਤ ਰਹਿੰਦਾ ਹੈ। ਇਸ ਤਰ੍ਹਾਂ ਕਰਨ ਨਾਲ ਵਿਅਕਤੀ ਆਪਣੀਆਂ ਮੁਢਲੀਆਂ ਲੋੜਾਂ ਨੂੰ ਛੱਡ ਨਹੀਂ ਦਿੰਦਾ ਬਲਕਿ ਇਹ ਲੋੜਾਂ ਉਚਤਮ ਮੁੱਲਾਂ ਦੀ ਪ੍ਰਾਪਤੀ ਵਿਚ ਵਿਅਕਤੀ ਦੀ ਸਹਾਇਤਾ ਕਰਦੀਆਂ ਹਨ।

ਜੇਕਰ ਵਿਅਕਤੀ ਦੀ ਅਧਿਆਤਮਕ ਸ਼ੁੱਧਤਾ ਨੂੰ ਦੂਸਰੇ ਪਾਸੇ ਤੋਂ ਵੇਖੀਏ ਤਾਂ ਇੰਝ ਲਗਦਾ ਹੈ ਕਿ ਸ਼ੁੱਧਤਾ ਦੀ ਪ੍ਰਾਪਤੀ ਵਿਅਕਤੀ ਦੀ ਅੰਤਿਮ ਲੋੜ ਹੈ। ਜਿਵੇਂ ਜ਼ਿੰਦਗੀ ਵਿਚ ਸਰੀਰਕ ਤੌਰ ਤੇ ਜਿਉਂਦੇ ਰਹਿਣ ਲਈ ਰੋਟੀ, ਕਪੜਾ, ਮਕਾਨ ਅਤੇ ਹੋਰ ਭੋਗ ਦੀਆਂ ਵਸਤਾਂ ਦੀ ਲੋੜ ਵਿਅਕਤੀ ਦੀਆਂ ਮੁਢਲੀਆਂ ਲੋੜਾਂ ਹਨ ਇਸੇ ਤਰਾਂ ਅਧਿਆਤਮਕ ਮੁੱਲਾਂ ਦੀ ਪ੍ਰਾਪਤੀ ਉਸ ਦੀਆਂ ਅੰਤਮ ਅਤੇ ਉਚਤਮ ਲੋੜਾਂ ਵਿਚ ਸ਼ਾਮਲ ਹੈ। ਹਰ ਇਕ ਵਿਅਕਤੀ ਇਹ ਜਾਣਦਾ ਹੈ ਕਿ ਸਰੀਰ ਇਕ ਨਿਸ਼ਚਿਤ ਸਮੇਂ ਲਈ ਹੀ ਇਸ ਦੁਨੀਆਂ ਵਿਚ ਰਹਿ ਸਕਦਾ ਹੈ ਇਸ ਤੋਂ ਬਾਅਦ ਵਿਅਕਤੀ ਦੇ ਸਰੀਰ ਨੇ ਨਾਸ਼ ਹੋ ਜਾਣਾ ਹੈ। ਇਸਦੇ ਨਾਲ ਹੀ ਵਿਅਕਤੀ ਆਪਣੇ ਪੀਰਾਂ ਪੈਗੰਬਰਾਂ ਰਾਹੀਂ ਇਹ ਵੀ ਜਾਣਦਾ ਹੈ ਕਿ ਇਸ ਦੁਨੀਆਂ ਤੋਂ ਬਾਅਦ ਇਕ ਹੋਰ ਦੁਨੀਆਂ ਵੀ ਹੈ ਜਿਥੇ ਵਿਅਕਤੀ ਨੇ ਮਰਨ ਤੋਂ ਬਾਅਦ ਪੁਜਣਾ ਏ। ਭਾਰਤੀ ਦਰਸ਼ਨ ਵਿਚ ਜੀਵਨ ਅਤੇ ਮੌਤ ਦੇ ਇਸ ਤਰ੍ਹਾਂ ਦੇ ਸੰਕਲਪ ਨੂੰ ਚੱਕਰ ਵਾਂਗ ਮੰਨਿਆ ਜਾਂਦਾ ਹੈ ਜਿਸ ਵਿਚ ਵਿਅਕਤੀ ਮਰਦਾ ਹੈ ਅਤੇ ਪੁਨਰ ਜਨਮ ਲੈਂਦਾ ਹੈ। ਵਿਅਕਤੀ ਦੇ ਪੁਨਰ ਜਨਮ ਦੇ ਚੱਕਰ ਵਿਚੋਂ ਬਾਹਰ ਨਿਕਲਣਾ ਹੈ ਅਤੇ ਇਸ ਕੰਮ ਲਈ ਅਧਿਆਤਮਕ ਤੌਰ ਤੇ ਉਚਾ ਹੋਣਾ ਬਹੁਤ ਜ਼ਰੂਰੀ ਹੈ। ਇਹ ਗੱਲ ਵਿਅਕਤੀ ਨੂੰ ਜੀਵਨ ਦੇ ਜਿਸ ਵੀ ਦੌਰ ਵਿਚ ਸਮਝ ਆ ਜਾਂਦੀ ਹੈ ਉਹ ਉਦੋਂ ਹੀ ਆਪਣੇ ਆਪ ਨੂੰ ਅਧਿਆਤਮਕ ਤੌਰ ਤੇ ਉਚਾ ਚੁਕਣਾ ਆਰੰਭ ਕਰ ਦਿੰਦੀ ਹੈ। ਇਸ ਕੰਮ ਵਿਚ ਨੈਤਿਕ ਮੁੱਲ ਉਸਦੀ ਹਮੇਸ਼ਾਂ ਸਹਾਇਤਾ ਕਰਦੇ ਹਨ। ਇਸ ਲਈ ਹਰ ਵਿਅਕਤੀ ਦੇ ਜੀਵਨ ਦਾ ਇਕ ਕੇਂਦਰ ਬਿੰਦੂ ਸਥਾਪਿਤ ਹੋ ਜਾਂਦਾ ਹੈ ਜਿਸਨੂੰ ਪਰਮਸਤਿ ਕਿਹਾ ਜਾਂਦਾ ਹੈ ਜਿਹੜਾ ਕਿ ਮੁੱਲਾਂ ਦੀ ਸ਼੍ਰੇਣੀ ਵਿਚ ਸਰਵਉੱਚ ਹੈ। ਇਸ ਸਰਵਉੱਚ ਤੱਕ ਪਹੁੰਚਣ ਲਈ ਹਰ ਵਿਅਕਤੀ ਲਗਾਤਾਰ ਕੋਸ਼ਿਸ਼ ਕਰਦਾ ਰਹਿੰਦਾ ਹੈ। ਵਿਅਕਤੀ ਆਪਣੀ ਆਤਮਾ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਕਿ ਇਹ ਪਰਮ-ਆਤਮਾ ਤੱਕ ਪਹੁੰਚ ਸਕੇ। ਇਹੀ ਵਿਅਕਤੀ ਦੇ ਜੀਵਨ ਦਾ ਉਦੇਸ਼ ਬਣ ਜਾਂਦਾ ਹੈ। ਇਸ ਦੀ ਪ੍ਰਾਪਤੀ ਨੂੰ ਮੋਕਸ਼ ਦਾ ਨਾਂ ਦਿੱਤਾ ਜਾਂਦਾ ਹੈ। ਪੁਰਾਤਨ ਭਾਰਤੀ ਦਰਸ਼ਨ ਵਿਚ ਚਾਰ ਪੁਰਸ਼ਾਰਥਾਂ ਦੀ ਗੱਲ ਕੀਤੀ ਗਈ ਹੈ ਅਤੇ ਇਹ ਵੀ ਮੋਕਸ਼ ਦੀ ਪ੍ਰਾਪਤੀ ਨੂੰ ਵਿਅਕਤੀ ਦੇ ਜੀਵਨ ਦਾ ਇਕ ਉਦੇਸ਼ ਮੰਨਦੇ ਹਨ। ਪਰ ਉਹ ਮੋਕਸ਼ ਤੋਂ ਪਹਿਲਾਂ ਧਰਮ, ਅਰਥ ਅਤੇ ਕਾਮ ਨੂੰ ਜੀਵਨ ਦੇ ਅੰਤਮ ਆਦਰਸ਼ ਜਾਂ ਉਦੇਸ਼ ਤੱਕ ਪੁੱਜਣ ਵਿਚ ਇਕ ਪੌੜੀ ਦੀ ਤਰ੍ਹਾਂ ਇਸਤੇਮਾਲ ਕਰਦੇ ਹਨ। ਉਹ ਕਹਿੰਦੇ ਹਨ ਕਿ ਪੌੜੀ ਦੇ ਅੰਤਿਮ ਡੰਡੇ ਤੱਕ ਪੁੱਜਣ ਲਈ ਜ਼ਰੂਰੀ ਹੈ ਕਿ ਵਿਅਕਤੀ ਪਹਿਲੇ ਡੰਡੇ ਦਾ ਸਹਾਰਾ ਲਵੇ। ਹੌਲੀ ਹੌਲੀ ਵਿਅਕਤੀ ਪੌੜੀ ਦੇ ਅੰਤਿਮ ਡੰਡੇ ਤੱਕ ਪਹੁੰਚ ਜਾਵੇਗਾ। ਇਸ ਕੰਮ ਵਿਚ ਨਿਸ਼ਕਾਮ ਕਰਮ, ਭਗਤੀ ਅਤੇ ਗਿਆਨ ਉਸਦੀ ਸਹਾਇਤਾ ਕਰਦੇ ਹਨ। ਇਸ ਸਬੰਧ ਨੂੰ ਚੰਗੀ ਤਰ੍ਹਾਂ ਦਰਸਾਉਣ ਲਈ ਜੋ ਚਿੱਤਰ ਤਿਆਰ ਕੀਤਾ ਗਿਆ ਹੈ ਉਹ ਡਾ. ਸੰਤੋਖ ਸਿੰਘ ਜੀ ਦੀ ਕਿਤਾਬ 'ਫਿਲਾਸਫੀਕਲ ਫਾਉਂਡੇਸ਼ਨਜ਼ ਆਫ਼ ਦਾ ਸਿੱਖ ਵੈਲਯੂ ਸਿਸਟਮ' ਵਿਚੋਂ ਲਿਆ ਗਿਆ ਹੈ। (ਦੇਖੋ ਪੰਨਾ 10)

### 1.1.6 ਪ੍ਰਸ਼ਨ

1. ਕੀਮਤ ਪ੍ਰਬੰਧ ਤੋਂ ਕੀ ਭਾਵ ਹੈ।
2. ਨੋਟ ਲਿਖੋ : (ੳ) ਅਧਿਆਤਮਕ ਮੁੱਲ (ਅ) ਬਾਹਰੀ ਮੁੱਲ

### 1.1.7 ਸਹਾਇਕ ਪੁਸਤਕਾਂ

ਅਵਤਾਰ ਸਿੰਘ : Ethics of Sikhs

ਵਜੀਰ ਸਿੰਘ : ਨੈਤਿਕ ਨਿਯਮ

Updated : June, 2023



ਪਾਠ ਨੰਬਰ : 1.2 ਡਾ. ਪਰਮਵੀਰ ਸਿੰਘ

# ਸਤਿ ਅਤੇ ਸਚਿਆਰ ਪਦ ਦੀਆਂ ਰੁਕਾਵਟਾਂ - ਕਾਮ, ਕਰੋਧ, ਲੋਭ, ਮੋਹ, ਹੰਕਾਰ

1.2.1 ਉਦੇਸ਼
1.2.2 ਸਤਿ ਦਾ ਸ਼ਾਬਦਿਕ ਅਰਥ
1.2.3 ਪਰਮਸਤ ਦਾ ਨਾਮ
1.2.4 ਪਰਮਸਤ ਦੀ ਹੋਂਦ
1.2.5 ਸਚਿਆਰ
1.2.6 ਸਚਿਆਰ ਪਦ ਕਿਓਂ
1.2.7 ਸਚਿਆਰ ਪਦ ਦੀਆਂ ਰੁਕਾਵਟਾਂ
1.2.8 ਵਿਕਾਰਾਂ ਤੇ ਕਾਬੂ ਪਾਉਣ ਦੇ ਸਾਧਨ
1.2.9 ਸਿੱਟਾ

## 1.2.1 ਉਦੇਸ਼

ਜਿਵੇਂ ਕਿ ਪਿਛਲੇ ਪਾਠ ਵਿੱਚ ਕੀਮਤ ਪ੍ਰਬੰਧ ਬਾਰੇ ਦੱਸਿਆ ਗਿਆ ਹੈ। ਇਹਨਾਂ ਕੀਮਤਾਂ ਨੂੰ ਹਾਸਲ ਕਰਨ ਲਈ ਅਤੇ ਸਦਗੁਣਾ ਦੀ ਪ੍ਰਾਪਤੀ ਦੇ ਰਸਤੇ ਵਿੱਚ ਕੁਝ ਬਿਹਾਰੀ ਰੁਕਾਵਟਾਂ ਆਉਂਦੀਆਂ ਹਨ। ਸੋ ਇਸ ਪਾਠ ਉਹਨਾਂ ਰੁਕਾਵਟਾ ਬਾਰੇ ਚਰਚਾ ਕਰਦੇ ਹੋਏ ਇਹਨਾਂ ਤੋਂ ਪਾਰ ਜਾਣ ਦਾ ਗੁਰਮਿਤ ਅਨੁਸਾਰ ਹੱਲ ਦੱਸਿਆ ਗਿਆ ਹੈ।

## 1.2.2 ਸਤਿ ਦਾ ਸ਼ਾਬਦਿਕ ਅਰਥ :

ਸਤਿ ਅਤੇ ਸਚਿਆਰ ਸ਼ਬਦ ਵਿਅਕਤੀ ਦੇ ਅਧਿਆਤਮਕ ਅਤੇ ਵਿਹਾਰਕ ਪੱਖ ਨਾਲ ਸੰਬੰਧਤ ਹਨ। ਸਤਿ ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਸਤ' ਤੋਂ ਉਤਪੰਨ ਹੋਇਆ ਹੈ। ਜਿਸਦੇ ਅਰਥਾਂ ਦਾ ਵਿਸਤਾਰ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦਸਦੇ ਹਨ ਕਿ ਸਤ ਸ਼ਬਦ ''ਸੱਚ, ਪਵਿੱਤਰ, ਪਰਮਾਤਮਾ, ਆਦਰ, ਸਤੋਗੁਣ, ਸਾਧੁ, ਪੂਜਯ'' ਆਦਿ ਅਨੇਕਾਂ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਸਤਿ ਸ਼ਬਦ ਨੂੰ ਸਤਯ ਰੂਪ ਵਿੱਚ ਵੀ ਇਸਤੇਮਾਲ ਕੀਤਾ ਜਾਂਦਾ ਹੈ, ਇਸਦੇ ਵੀ, ਭਾਈ ਕਾਨ੍ਹ ਸਿੰਘ ਨਾਭਾ ਨੇ, ਵੱਖ-ਵੱਖ ਅਰਥ ਕੀਤੇ ਹਨ ਜਿਵੇਂ ''ਸਤਯ ਰੂਪ ਪਾਰਬ੍ਰਹਮ, ਮਿਥਯ ਦਾ ਵਿਰੋਧੀ, ਸ਼ਰਧਾ ਜਾਂ ਵਿਸ਼ਵਾਸ, ਉਤਮ, ਸੱਤਾ ਸ਼ਕਤੀ, ਯਥਾਰਥ ਗਿਆਨ, ਸਹੀ ਜਾਂ ਠੀਕ'' ਆਦਿ। ਗੁਰੂ ਗ੍ਰੰਥ ਸਾਹਿਬ ਵਿੱਚ ਸੱਚ ਨੂੰ ਪਰਮਾਤਮਾ ਦਾ ਲਖਾਇਕ ਮੰਨਿਆ ਗਿਆ ਹੈ, ਜਿਵੇਂ ਮੂਲ ਮੰਤਰ ਵਿਚ ਪਰਮਾਤਮਾ ਦੇ 'ਸਤਿ' ਸਰੂਪ ਦਾ ਵਰਣਨ ਕਰਦੇ ਹੋਏ ਕਿਹਾ ਗਿਆ ਹੈ - ੴ ਸਤਿਨਾਮੁ, ਇਸਦਾ ਭਾਵ ਹੈ ਕਿ ਪਰਮਾਤਮਾ ਇਕ ਹੈ ਅਤੇ ਉਸਦਾ ਨਾਮ ਸੱਚ ਹੈ। ਇਸਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ 'ਜਪੁ' ਦੇ ਪਹਿਲੇ ਸਲੋਕ ਵਿਚ ਉਸਦੇ ਸਦੀਵੀ ਸੁਭਾਅ ਅਤੇ ਸਰੂਪ ਦਾ ਵਰਣਨ ਕੀਤਾ ਹੈ:

ਆਦਿ ਸਚੁ ਜੁਗਾਦਿ ਸਚੁ ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।।

ਇਸ ਸਲੋਕ ਦੇ ਅਰਥ ਬੜੇ ਹੀ ਸਰਲ ਅਤੇ ਸਪਸ਼ਟ ਹਨ ਕਿ ਪਰਮਾਤਮਾ ਭੂਤ, ਵਰਤਮਾਨ ਅਤੇ ਭਵਿੱਖ ਵਿਚ ਸੱਚ

ਸਰੂਪ ਹੈ। ਗੁਰੂ ਅਮਰਦਾਸ ਜੀ ਇਸ ਸੱਚ ਸਰੂਪ ਪਰਮਾਤਮਾ ਨੂੰ ਸਮੁੱਚੀ ਸ੍ਰਿਸ਼ਟੀ ਦਾ ਕਰਤਾ ਮੰਨਦੇ ਹੋਏ ਕਹਿੰਦੇ ਹਨ :

ਇਹੁ ਸਚੁ ਸਭਨਾ ਕਾ ਖਸਮੁ ਹੈ ।। (ਪੰਨਾ 922)

ਸੱਚ ਕੀ ਹੈ? ਕੀ ਇਸ ਨੂੰ ਪ੍ਰੀਭਾਸ਼ਿਤ ਕੀਤਾ ਜਾ ਸਕਦਾ ਹੈ ? ਇਹ ਦੋਵੇਂ ਪ੍ਰਸ਼ਨ ਸੱਚ ਦੇ ਕਿਸੇ ਇਕ ਸਰੂਪ ਦਾ ਤਾਂ ਵਿਖਿਆਨ ਕਰ ਸਕਦੇ ਹਨ। ਪਰ ਸਮੁੱਚੇ ਤੌਰ ਤੇ ਸੱਚ ਬਾਰੇ ਇੱਕ ਪ੍ਰੀਭਾਸ਼ਾ ਦੇਣੀ ਅਸੰਭਵ ਹੈ। ਸੱਚ ਦੇ ਸਰੂਪ ਬਾਰੇ ਗੁਰਮਤਿ ਵਿੱਚ ਜੋ ਦੱਸਿਆ ਗਿਆ ਹੈ। ਉਸ ਅਨੁਸਾਰ ਤਾਂ ਸੱਚ ਕੇਵਲ ਇੱਕ ਹੈ ਉਹ ਸਦੀਵੀ ਹੈ, ਸ੍ਰਿਸ਼ਟੀ ਦੀ ਸਿਰਜਣਾ ਤੋਂ ਪਹਿਲਾਂ ਵੀ ਸੱਚ ਦੀ ਹੋਂਦ ਮੌਜੂਦ ਸੀ ਅਤੇ ਸ੍ਰਿਸ਼ਟੀ ਦੇ ਖਾਤਮੇ ਤੋਂ ਬਾਅਦ ਵੀ ਕੇਵਲ ਸੱਚ ਹੀ ਬਾਕੀ ਰਹਿ ਜਾਵੇਗਾ। ਸੱਚ ਦੇ ਇਸ ਸਰੂਪ ਨੂੰ ਪਰਮਸਤਿ ਦਾ ਨਾਮ ਦਿੱਤਾ ਗਿਆ ਹੈ।

### 1.2.3 ਪਰਮਸਤਿ ਦਾ ਨਾਮ :

ਪਰਮਸਤਿ ਦੇ ਬਹੁਤ ਸਾਰੇ ਨਾਵਾਂ ਦਾ ਵਿਖਿਆਨ ਵੱਖ-ਵੱਖ ਵਿਦਵਾਨਾਂ ਨੇ ਕੀਤਾ ਹੈ। ਸ੍ਰਿਸ਼ਟੀ ਵਿਚ ਜਿੰਨੇ ਵੀ ਪਰਮਾਤਮਾ ਦੇ ਨਾਮ ਆਏ ਹਨ ਇਹ ਵੀ ਸਭ ਉਸਦੇ ਕਿਸੇ ਗੁਣ ਦੇ ਇੱਕ ਪੱਖ ਨੂੰ ਉਜਾਗਰ ਕਰਨ ਵਾਲੇ ਹਨ। ਜਿਵੇਂ ਅਸਿਕੇਤ, ਖੜਗਕੇਤ, ਸਰਬਲੋਹ ਪਰਮਾਤਮਾ ਦੇ ਬੀਰ ਰਸ ਪੈਦਾ ਕਰਨ ਵਾਲੇ ਨਾਮ ਹਨ : ਕਿਸਾਨ, ਬਾਣੀਆ, ਸ਼ਾਹ ਆਦਿ ਪਰਮਾਤਮਾ ਦੇ ਸੱਚ ਤੋਲਣ ਵਾਲੇ ਨਾਵਾਂ ਦੇ ਲਖਾਇਕ ਹਨ : ਮਿੱਤਰ, ਮੀਤ, ਪ੍ਰੀਤਮ, ਪਿਆਰਾ ਪਰਮਾਤਮਾ ਨੂੰ ਸਖਾ ਭਾਵ ਵਿੱਚ ਪ੍ਰਗਟ ਕਰਦੇ ਹਨ, ਆਦਿ। ਇਸੇ ਤਰ੍ਹਾਂ ਗੁਰਬਾਣੀ ਵਿੱਚ ਵੱਖ ਵੱਖ ਧਰਮਾਂ ਵਿਚ ਵਰਤੇ ਪਰਮਾਤਮਾ ਦੇ ਅਲੱਗ-ਅਲੱਗ ਨਾਵਾਂ ਦਾ ਵੀ ਜ਼ਿਕਰ ਮਿਲਦਾ ਹੈ। ਜਿਸਦਾ ਉਲੇਖ ਕਰਦੇ ਹੋਏ ਸਰਦੂਲ ਸਿੰਘ ਕਵੀਸ਼ਰ ਦਸਦੇ ਹਨ, ''ਗੁਰੂ ਸਾਹਿਬਾਨ ਨੇ ਪਰਮਾਤਮਾ ਦੇ ਲਗਪਗ ਸਾਰੇ ਹੀ ਪ੍ਰਚਲਿਤ ਨਾਮ ਜਿਹੜੇ ਹਿੰਦੂ ਦੇ ਉਸ ਸਮੇਂ ਦੇ ਵਸਨੀਕ ਅਰਥਾਤ ਹਿੰਦੁਸਤਾਨੀ, ਈਰਾਨੀ ਤੇ ਅਰਬ ਵਾਸੀ ਵਰਤਦੇ ਸਨ, ਵਰਤੋਂ ਵਿਚ ਲਿਆਂਦੇ। ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂਆਂ ਵਿਚ ਪ੍ਰਚਲਿਤ ਨਾਮ ਜਿਵੇਂ ਰਾਮ, ਮਾਧੋ, ਮੁਰਾਰੀ, ਪਰਮੇਸ਼ਰ, ਕੇਸ਼ੋ, ਹਰੀ, ਗੋਪਾਲ, ਰਘੁਨਾਥ, ਵਾਸਦੇਵ, ਨਾਰਾਇਣ, ਗੋਵਿੰਦ ਤੇ ਮੁਸਲਮਾਨਾਂ ਵਿਚ ਪ੍ਰਚਲਿਤ ਨਾਮ ਰਹੀਮ, ਖੁਦਾ, ਅੱਲਾਹ, ਖਾਲਕ-ਖੁਲ੍ਹੇ ਡੁਲ੍ਹੇ ਵਰਤੇ।''

ਪਰਮਸਤਿ ਨੂੰ ਹਿੰਦੂ ਧਰਮ ਵਿਚ ਸਤਿ, ਚਿਤ ਅਤੇ ਅਨੰਦ ਕਿਹਾ ਗਿਆ ਹੈ। ਪਰਮਸਤਿ ਦੇ ਇਹ ਤਿੰਨ ਨਾਮ ਤਿੰਨ ਗੁਣਾਂ ਦਾ ਵਿਖਿਆਨ ਕਰਦੇ ਹਨ। ਇਹ ਤਿੰਨ ਗੁਣ ਸਿੱਖ ਧਰਮ ਵਿਚ ਵੀ ਦਰਸਾਏ ਗਏ ਹਨ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪੁ' ਸਾਹਿਬ ਵਿਚ ''ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ'' ਕਿਹਾ ਹੈ ਅਤੇ ਗੁਰੂ ਨਾਨਕ ਦੇਵ ਜੀ ਨੇ 'ਜਪੁ' ਬਾਣੀ ਵਿੱਚ ਇਸਨੂੰ ''ਸਤਿ ਸੁਹਾਣੁ ਸਦਾ ਮਨਿ ਚਾਉ'' ਕਹਿ ਕੇ ਸੰਬੋਧਨ ਕੀਤਾ ਹੈ। ਇਹ ਸਭ ਗੁਣ ਪਰਮਾਤਮਾ ਦੇ ਕੀਤੇ ਕੰਮਾਂ ਵਿਚੋਂ ਉਜਾਗਰ ਹੋਏ ਹਨ, ਅਤੇ ਪਰਮਾਤਮਾ ਸਭ ਤੋਂ ਮੁੱਢਲਾ ਨਾਮ 'ਸਤਿਨਾਮੁ' ਹੈ, ਜਿਸਦੇ ਕਿਰਤਮ ਨਾਵਾਂ ਦਾ ਵਖਿਆਨ ਕੀਤਾ ਜਾਂਦਾ ਹੈ :

ਕਿਰਤਮ ਨਾਮ ਕਥੇ ਤੇਰੇ ਜਿਹਬਾ ।।
ਸਤਿ ਨਾਮੁ ਤੇਰਾ ਪਰਾ ਪੂਰਬਲਾ ।। (ਪੰਨਾ 1083)

### 1.2.4 ਪਰਮਸਤਿ ਦੀ ਹੋਂਦ :

ਦੁਨੀਆਂ ਵਿੱਚ ਸੱਚ ਹਮੇਸ਼ਾ ਨਵਾਂ ਨਕੋਰ ਹੋ ਕੇ ਵਿਚਰਦਾ ਹੈ, ਸਮੇਂ ਦੀ ਮੈਲ ਇਸਨੂੰ ਗੰਧਲਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਰ ਇਹ ਸ਼ੁੱਧ ਸੋਨੇ ਵਾਂਗ ਹਮੇਸ਼ਾਂ ਸ਼ੁੱਧ ਹੀ ਰਹੇਗਾ। ਸੋਨੇ ਤੇ ਚੜ੍ਹੀ ਮੈਲ ਅੱਗ ਵਿੱਚ ਪੈਣ ਨਾਲ ਲੱਥ ਜਾਂਦੀ ਹੈ ਅਤੇ ਸ਼ੁੱਧ ਸੋਨਾ ਬਾਕੀ ਰਹਿ ਜਾਂਦਾ ਹੈ। ਸੱਚ ਉੱਤੇ ਵੀ ਝੂਠ ਦੀ ਮੈਲ ਲਗਦੀ ਰਹਿੰਦੀ ਹੈ। ਪਰ ਇਹ ਨਾ ਤਾਂ ਚਿਰ ਸਥਾਈ ਸੱਚ ਤੇ ਪ੍ਰਭਾਵ ਪਾ ਸਕਦੀ ਹੈ ਅਤੇ ਨਾ ਹੀ ਸੱਚ ਨੂੰ ਖਤਮ ਕਰ ਸਕਦੀ ਹੈ। ਸੱਚ ਉਤੇ ਲੱਗੀ ਹੋਈ ਝੂਠ ਦੀ ਮੈਲ ਨੂੰ ਉਤਾਰਨ ਦਾ ਜੋ ਤਰੀਕਾ ਗੁਰਮਤਿ ਵਿੱਚ ਦੱਸਿਆ ਗਿਆ ਹੈ ਉਸਨੂੰ 'ਨਾਮ ਸਿਮਰਨ' ਕਿਹਾ ਜਾਂਦਾ ਹੈ। ਜਿਵੇਂ ਕੱਪੜੇ ਨੂੰ ਸਾਬਣ ਨਾਲ ਧੋ ਕੇ ਸਾਫ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਮਨ ਉਤੇ ਝੂਠ ਰੂਪੀ ਪਾਪਾਂ ਦੀ ਲੱਗੀ ਮੈਲ ਨੂੰ ਪਰਮਾਤਮਾ ਦੇ ਨਾਮ ਨਾਲ ਸਾਫ ਕਰਨ ਦਾ ਮਾਰਗ ਦੱਸਿਆ ਗਿਆ ਹੈ, ਤਾਂ ਕਿ ਮਨ ਹਮੇਸ਼ਾਂ

ਸਤਿ ਸਰੂਪ ਪਰਮਾਤਮਾ ਨਾਲ ਜੁੜਿਆ ਰਹੇ। ਸੱਚ ਸਦੀਵੀ ਹੈ, ਇਹ ਨਾ ਤਾਂ ਕਦੇ ਪੁਰਾਣਾ ਹੁੰਦਾ ਹੈ ਅਤੇ ਨਾ ਹੀ ਇਸਨੂੰ ਕੋਈ ਖਰਾਬ ਕਰ ਸਕਦਾ ਹੈ, ਅਤੇ ਜਦੋਂ ਤੱਕ ਜੀਵ ਪਰਮਾਤਮਾ ਦਾ ਨਾਮ ਜਪਦਾ ਹੈ ਉਦੋਂ ਤੱਕ ਸੱਚ ਨੂੰ ਅਨੁਭਵ ਕਰਦਾ ਰਹਿੰਦਾ ਹੈ :

ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨਾ ਪਾਟੈ ।।
ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ ।। (ਪੰਨਾ 955-56)

ਸੱਚ ਨੂੰ ਪ੍ਰਾਪਤ ਕਿਵੇਂ ਕੀਤਾ ਜਾ ਸਕਦਾ ਹੈ ? ਜਾਂ ਸੱਚ ਨੂੰ ਮਨ ਵਿਚ ਕਿਵੇਂ ਵਸਾਇਆ ਜਾ ਸਕਦਾ ਹੈ ? ਇਸ ਸੰਬੰਧੀ ਸਮਝਾਉਣ ਹਿਤ ਗੁਰਬਾਣੀ ਵਿਚ ਸਰੀਰ ਰੂਪੀ ਭਾਂਡੇ ਦੀ ਉਦਾਹਰਣ ਦਿੱਤੀ ਗਈ ਹੈ ਕਿ ਸਰੀਰ ਰੂਪੀ ਭਾਂਡੇ ਵਿਚ ਅਨੇਕਾਂ ਪ੍ਰਕਾਰ ਦੀ ਵਿਕਾਰਾਂ ਰੂਪੀ ਵਾਸ਼ਨਾ ਜਮਾਂ ਹੈ ਜਿਸਨੇ ਮਨ ਰੂਪੀ ਖੇਤ ਨੂੰ ਬੰਜਰ ਕਰ ਦਿੱਤਾ ਹੈ। ਇਸ ਕਰਕੇ ਮਨ ਵਿਚ ਨਾ ਤਾਂ ਸਦਾਚਾਰਕ ਵਿਚਾਰ ਉਤਪੰਨ ਹੁੰਦੇ ਹਨ ਅਤੇ ਨਾ ਹੀ ਦੁੱਧ ਰੂਪੀ ਸੱਚ ਉਸ ਵਿਚ ਟਿਕ ਸਕਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਭਾਂਡਾ ਧੋ ਕੇ ਉਸ ਨੂੰ ਧੂਪ ਦੇਵੋ ਤਾਂ ਉਸ ਵਿੱਚ ਦੁੱਧ ਲੈਣ ਜਾਉ, ਭਾਵ ਮਨ ਨੂੰ ਸ਼ੁੱਧ, ਪਵਿੱਤਰ ਕਰਕੇ ਰੱਖੋ ਤਾਂ ਹੀ ਸਤਿ ਸਰੂਪ ਪਰਮਾਤਮਾ ਉਸ ਵਿਚ ਟਿਕਦਾ ਹੈ।

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ।। (ਪੰਨਾ 728)

ਸੱਚ ਜਦੋਂ ਮਨ ਵਿਚ ਵਸ ਗਿਆ ਤਾਂ ਵਿਕਾਰ ਵਿਅਕਤੀ ਉਤੇ ਆਪਣਾ ਪ੍ਰਭਾਵ ਨਹੀਂ ਪਾ ਸਕਦੇ। ਇਸ ਕਰਕੇ ਸੱਚ ਨੂੰ ਸਭਨਾਂ ਰੋਗਾਂ ਦਾ ਦਾਰੂ ਕਿਹਾ ਗਿਆ ਹੈ :

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ।। (ਪੰਨਾ 468)

ਹੁਣ ਜਦੋਂ ਸੱਚ ਨੂੰ ਸਭ ਰੋਗਾਂ ਦਾ ਦਾਰੂ ਮੰਨ ਲਿਆ ਗਿਆ ਹੈ ਤਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਰੋਗ-ਮੁਕਤ ਦਾਰੂ ਨੂੰ ਆਪਣੇ ਮਨ ਵਿੱਚ ਵਸਾ ਤਾਂ ਹੀ ਇਸ ਜੀਵਨ ਵਿੱਚ ਪਾਰ-ਉਤਾਰਾ ਹੋ ਸਕਦਾ ਹੈ। ਭਾਵ ਪ੍ਰਭੂ-ਚਰਨਾਂ ਨਾਲ ਪ੍ਰੀਤ ਪੈ ਸਕਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਮਨ ਦੀ ਮੈਲ ਸਾਫ਼ ਕਰਨ ਅਤੇ ਸੱਚੇ ਮਨੁੱਖ ਬਣਨ ਲਈ ਤੀਰਥ ਇਸ਼ਨਾਨ ਕਰਨ ਦੀ ਪ੍ਰਥਾ ਪ੍ਰਚਲਿਤ ਸੀ। ਇਹ ਸਮਝਿਆ ਜਾਂਦਾ ਸੀ ਕਿ ਗੰਗਾ ਇਕ ਪਵਿਤਰ ਨਦੀ ਹੈ ਅਤੇ ਇਸ ਵਿਚ ਇਸ਼ਨਾਨ ਕਰਨ ਨਾਲ ਮਨ ਦੇ ਸਭ ਪਾਪ ਸਾਫ ਹੋ ਜਾਂਦੇ ਹਨ। ਇਸ ਕਰਕੇ ਗੰਗਾ ਕਿਨਾਰੇ ਵਸੇ ਧਾਰਮਕ ਸਥਾਨਾਂ ਤੇ ਵਿਸ਼ੇਸ਼ ਮੇਲੇ ਲਗਦੇ ਹਨ ਅਤੇ ਭਾਰੀ ਗਿਣਤੀ ਵਿਚ ਲੋਕ ਵਿਸ਼ੇਸ਼ ਦਿਨ ਇਕੱਤਰ ਹੋ ਕੇ ਇਹਨਾਂ ਸਥਾਨਾਂ ਤੇ ਇਸ਼ਨਾਨ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੂੰ ਇਹ ਸਭ ਕਰਮ ਕਾਂਡ ਲੱਗ ਰਿਹਾ ਸੀ। ਉਹਨਾਂ ਨੇ ਲੋਕਾਂ ਨੂੰ ਇਸ ਕਰਮਕਾਂਡ ਤੋਂ ਨਿਜਾਤ ਦਿਵਾਉਣ ਲਈ ਕੇਵਲ ਇਕ ਸੱਚ ਦੀ ਗੱਲ ਕੀਤੀ ਅਤੇ ਕਿਹਾ ਕਿ ਇਹ ਸੱਚ ਸਮੂਹ ਜੁਗਾਂ ਵਿਚ ਸਮਾਇਆ ਹੋਇਆ ਹੈ ਅਤੇ ਜੋ ਇਸ ਸੱਚ ਨੂੰ ਪ੍ਰਾਪਤ ਕਰ ਲੈਂਦਾ ਹੈ, ਉਹ ਗੁਰਮੁਖ ਹੈ :

ਏਕੋ ਧਰਮੁ ਦ੍ਰਿੜੈ ਸਚੁ ਕੋਈ ।। ਗੁਰਮਤਿ ਪੂਰਾ ਜੁਗਿ ਜੁਗਿ ਸੋਈ ।। (ਪੰਨਾ 1188)

ਇਸਦੇ ਨਾਲ ਗੁਰੂ ਸਾਹਿਬ ਨੇ ਇਹ ਸਪਸ਼ਟ ਕੀਤਾ ਕਿ ਤੀਰਥ ਅਸਥਾਨਾਂ ਤੇ ਜਾ ਕੇ ਸਰੀਰ ਸਾਫ ਕਰਨ ਨਾਲ ਮਨ ਸਾਫ ਨਹੀਂ ਹੋ ਸਕਦਾ। ਜਿਨ੍ਹਾਂ ਵਿਅਕਤੀਆਂ ਦੇ ਮਨ ਵਿਚ ਪਰਮਾਤਮਾ ਦਾ ਨਾਮ ਵਸਿਆ ਹੋਇਆ ਹੈ, ਉਹੀ ਵਿਅਕਤੀ ਸੱਚੇ ਹਨ :

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ।।
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ।। (ਪੰਨਾ 472)

ਪ੍ਰਕ੍ਰਿਤੀ ਦੇ ਤਿੰਨ ਗੁਣ ਮੰਨੇ ਗਏ ਹਨ - ਸਤਵ, ਰਜਸ ਅਤੇ ਤਮਸ। ਇਹ ਤਿੰਨੇ ਗੁਣ ਪ੍ਰਕ੍ਰਿਤੀ ਦਾ ਹਿੱਸਾ ਹੋਣ ਕਰਕੇ ਹਰ ਮਨੁੱਖ ਵਿਚ ਵੀ ਵਿਦਮਾਨ ਹਨ। ਸਤਵ ਗੁਣ ਵਿਅਕਤੀ ਦੇ ਮਨ ਵਿੱਚ ਅਧਿਆਤਮਕ ਵਿਚਾਰ ਉਤਪੰਨ ਕਰਦੇ ਹਨ, ਰਜਸ ਗੁਣ ਵਿਅਕਤੀ ਦੇ ਮਨ ਨੂੰ ਸਮਾਜ ਸੇਵਾ ਅਤੇ ਵਿਕਾਸ ਦੇ ਮਾਰਗ ਤੇ ਪਾਉਂਦੇ ਹਨ ਅਤੇ ਤਾਮਸਿਕ ਗੁਣ ਵਿਅਕਤੀ ਦੇ ਮਨ ਨੂੰ ਵਿਸ਼ੇ-ਵਿਕਾਰਾਂ ਵਿਚ ਫਸਾ ਦਿੰਦੇ ਹਨ। ਗੁਰੂ ਸਾਹਿਬਾਨ ਪਰਮਾਤਮਾ ਨੂੰ ਇਹਨਾਂ ਤਿੰਨਾਂ ਗੁਣਾ ਤੋਂ ਉਪਰ ਮੰਨਦੇ ਹੋਏ ਕਹਿੰਦੇ ਹਨ :

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹ ਗੁਣ ਤੇ ਪ੍ਰਭ ਭਿੰਨ ।। (ਪੰਨਾ 283)

ਰੂਪ ਅਤੇ ਅਕਾਰ ਤੋਂ ਰਹਿਤ ਪਰਮਾਤਮਾ ਸ੍ਰਿਸ਼ਟੀ ਦੇ ਜ਼ਰੇ-ਜ਼ਰੇ ਵਿਚ ਵਿਦਮਾਨ ਹੈ। ਇਸਦੀ ਹੋਂਦ ਸਮੂਹ ਜੀਵਾਂ ਅਤੇ ਦਿਸ਼ਾਵਾਂ ਵਿਚ ਮਹਿਸੂਸ ਕਰਦੇ ਹੋਏ ਇਸਨੂੰ ਗੁਰੂ ਨਾਨਕ ਦੇਵ ਜੀ ਨੇ ''ਸਭ ਮਹਿ ਜੋਤਿ ਜੋਤਿ ਹੈ ਸੋਇ ਤਿਸਕੈ ਚਾਨਣਿ ਸਭ ਮਹਿ ਚਾਨਣੁ ਹੋਇ'' ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ''ਜਤ੍ਰ ਤਤ੍ਰ ਬਿਰਾਜਹੀ ਅਵਿਧੂਤ ਰੂਪ ਰਿਸਾਲ'' ਕਿਹਾ ਹੈ।

## 1.2.5 ਸਚਿਆਰ :

ਸਚਿਆਰ ਤੋਂ ਭਾਵ ਸੱਚ ਨੂੰ ਧਾਰਨ ਕਰਨ ਤੋਂ ਹੈ ਜੋ ਮਨੁੱਖ ਸੱਚ ਨੂੰ ਧਾਰਨ ਕਰਦਾ ਹੈ ਉਸਨੂੰ ਸਚਿਆਰਾ ਕਿਹਾ ਜਾਂਦਾ ਹੈ। ਸਚਿਆਰੇ ਮਨੁੱਖਾਂ ਦੀ ਸਮਾਜ ਸਿਰਜਣਾ ਹੀ ਗੁਰੂ ਨਾਨਕ ਦੇਵ ਜੀ ਦਾ ਪ੍ਰਮੁੱਖ ਉਦੇਸ਼ ਸੀ। ਅਜਿਹੇ ਮਨੁੱਖਾਂ ਨੂੰ ਸਮਾਜ ਦਾ ਹਿੱਸਾ ਬਣਾਉਣ ਅਤੇ ਸਮਾਜ ਵਿਚ ਅਜਿਹੇ ਮਨੁੱਖ ਪੈਦਾ ਕਰਨ ਦੇ ਉਦੇਸ਼ ਨਾਲ ਹੀ ਗੁਰੂ ਸਾਹਿਬ ਨੇ ਚਾਰ ਉਦਾਸੀਆਂ ਕੀਤੀਆਂ। ਇਹਨਾਂ ਉਦਾਸੀਆਂ ਸਮੇਂ ਆਪਣੇ ਮਿਸ਼ਨ ਦਾ ਖੁਲਾਸਾ ਗੁਰੂ ਜੀ ਜੋਗੀਆਂ ਸਾਹਮਣੇ ਕਰਦੇ ਹੋਏ ਕਹਿੰਦੇ ਹਨ ''ਗੁਰਮੁਖਿ ਖੋਜਤ ਭਏ ਉਦਾਸੀ''। ਗੁਰੂ ਸਾਹਿਬ ਇਹ ਜਾਣਦੇ ਸਨ ਕਿ ਝੂਠ, ਫਰੇਬ ਅਤੇ ਭਰਮ ਯੁਕਤ ਸਮਾਜ ਨੂੰ ਸੱਚੇ ਅਤੇ ਗੁਰਮੁੱਖ ਵਿਅਕਤੀਆਂ ਦੀ ਅਗਵਾਈ ਦੀ ਲੋੜ ਹੈ ਤਾਂ ਹੀ ਸਮਾਜ ਵਿਚ ਸਦਾਚਾਰ ਕਾਇਮ ਰਹਿ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਸਚਿਆਰੇ ਮਨੁੱਖ ਦੀ ਜੋ ਕਲਪਨਾ ਕੀਤੀ ਉਸਦਾ ਆਪਣੀਆਂ ਰਚਨਾਵਾਂ ਵਿਚ ਵਿਸਤਾਰ ਪੂਰਵਕ ਵਰਣਨ ਵੀ ਕੀਤਾ। ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਹਿਲੀ ਬਾਣੀ 'ਜਪੁ' ਵਿਚ ਹੀ ਸਚਿਆਰੇ ਮਨੁੱਖ ਦੀ ਕਲਪਨਾ ਕਰਦੇ ਹੋਏ ਇਹ ਪ੍ਰਸ਼ਨ ਕੀਤਾ ਹੈ ਕਿ ਸਚਿਆਰਾ ਮਨੁੱਖ ਕਿਵੇਂ ਬਣਨਾ ਹੈ : ਕਿਵ ਸਚਿਆਰਾ ਹੋਇਐ ਕਿਵ ਕੂੜੇ ਤੁਟੈ ਪਾਲਿ ।।

'ਜਪੁ' ਬਾਣੀ ਸਮੁੱਚੇ ਸਮਾਜ ਦਾ ਜ਼ਿਕਰ ਕਰਦੀ ਹੈ ਕਿ ਇਥੇ ਵੱਖ ਵੱਖ ਦੇਵੀ-ਦੇਵਤਿਆਂ ਦੀ ਪੂਜਾ ਹੋ ਰਹੀ ਹੈ, ਇਥੇ ਅਨੇਕਾਂ ਹੀ ਬੁਰੇ ਤੋਂ ਬੁਰੇ ਵਿਅਕਤੀ ਮੌਜੂਦ ਹਨ, ਇਥੇ ਵਿਅਕਤੀ ਸੱਚ ਦੇ ਮਾਰਗ ਤੇ ਚੱਲਣ ਤੋਂ ਗੁਰੇਜ਼ ਕਰ ਰਹੇ ਹਨ। ਅਜਿਹੇ ਸਮਾਜ ਦੀ ਅਗਵਾਈ ਇਕ ਸਚਿਆਰਾ ਮਨੁੱਖ ਕਰੇ ਤਾਂ ਹੀ, ਸਮਾਜ ਉਸਾਰੂ ਦਿਸ਼ਾ ਵੱਲ ਜਾ ਸਕੇਗਾ। ਸਚਿਆਰਾ ਮਨੁੱਖ ਬਣਨ ਲਈ ਗੁਰੂ ਜੀ ਨੇ ਜੋ ਮਾਰਗ ਦੱਸਿਆ ਹੈ ਉਸ ਤੋਂ ਪਹਿਲਾਂ ਸਮਾਜ ਵਿਚ ਸਚਿਆਰਾ ਬਣਨ ਦੇ ਪ੍ਰਚਲਿਤ ਤਰੀਕਿਆਂ ਬਾਰੇ ਜਾਣਨਾ ਵੀ ਗੈਰ-ਮਹੱਤਵਪੂਰਨ ਨਹੀਂ ਹੋਵੇਗਾ। ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਵਿਚ ਸਚਿਆਰਾ ਮਨੁੱਖ ਬਣਨ ਲਈ :

(1) ਤੀਰਥ ਇਸ਼ਨਾਨ ਦਾ ਸਹਾਰਾ ਲਿਆ ਜਾਂਦਾ ਸੀ।

(2) ਸਮਾਧੀ ਲਾਉਣੀ ਅਤੇ ਵੱਖ ਵੱਖ ਹਠੀ ਤਰੀਕੇ ਅਪਣਾਏ ਜਾਂਦੇ ਸਨ।

(3) ਯੱਗ ਅਤੇ ਬਲੀ ਦਾ ਰਿਵਾਜ਼ ਪ੍ਰਚਲਿਤ ਸੀ।

(4) ਮੂਰਤੀ ਪੂਜਾ ਕੀਤੀ ਜਾਂਦੀ ਸੀ।

(5) ਵਰਤ ਆਦਿ ਰੱਖਣ ਨੂੰ ਤਰਜੀਹ ਦਿੱਤੀ ਜਾਂਦੀ ਸੀ।

(6) ਪਿਤਰ-ਪੂਜਾ ਕੀਤੀ ਜਾਂਦੀ ਸੀ।

ਗੁਰੂ ਨਾਨਕ ਦੇਵ ਜੀ ਨੇ ਇਹਨਾਂ ਸਮੂਹ ਪ੍ਰਚਲਿਤ ਕਰਮਕਾਂਡਾਂ ਨੂੰ ਰੱਦ ਕਰਦੇ ਹੋਏ ਪਰਮਸਤਿ ਦੇ ਮਾਰਗ ਤੇ ਚੱਲਣ ਦਾ ਰਾਹ ਵਿਖਾਇਆ।

## 1.2.6 ਸਚਿਆਰਾ ਪਦ ਕਿਉਂ :

ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਮਨੁੱਖ ਨੂੰ ਸਚਿਆਰੇ ਮਾਰਗ ਤੇ ਤੁਰਨ ਦੀ ਲੋੜ ਕੀ ਹੈ ? ਸਮਾਜ ਵਿਚ ਰਹਿੰਦੇ ਕਈ ਵਾਰ ਇੰਝ ਲਗਦਾ ਹੈ ਕਿ ਜੋ ਬੇਈਮਾਨ ਹਨ ਉਹ ਸਚਿਆਰੇ ਮਨੁੱਖਾਂ ਤੋਂ ਅੱਗੇ ਲੰਘ ਗਏ ਹਨ ਫਿਰ ਸਮਾਜ ਵਿਚ ਸੱਚ ਦੇ ਮਾਰਗ ਤੇ ਚੱਲਣ ਅਤੇ ਸਦਾਚਾਰਕ ਜੀਵਨ ਬਿਤਾਉਣ ਦਾ ਕੀ ਫਾਇਦਾ ? ਗੁਰਮਤਿ ਮਨੱਖ ਦੇ ਹਰ ਪ੍ਰਸ਼ਨ ਦਾ ਜਵਾਬ ਦਿੰਦੀ ਹੈ। ਗੁਰਮਤਿ ਅਨੁਸਾਰ ਮਨੁੱਖ ਲਈ ਧਰਤੀ 'ਧਰਮ' ਕਮਾਉਣ ਦਾ ਸਥਾਨ ਹੈ ਅਤੇ ਇਥੇ ਮਨੁੱਖ ਦੀ ਹੋਂਦ ਸਦੀਵੀ ਨਹੀਂ ਹੋ ਸਕਦੀ। ਮਨੁੱਖੀ ਸਰੀਰ ਉਸ ਮੋਮਬਤੀ ਵਾਂਗ ਹੈ ਜੋ ਕਦੇ ਨਾ ਕਦੇ ਨਾਸ਼ ਹੋ ਜਾਣੀ

ਹੈ। ਇਸ ਕਰਕੇ ਧਰਤੀ ਨੂੰ ਮਨੁੱਖ ਦੀ ਧਰਮਸ਼ਾਲ ਭਾਵ ਧਰਮ ਕਮਾਉਣ ਦਾ ਸਥਾਨ ਕਿਹਾ ਗਿਆ ਹੈ। ਮਨੁੱਖ ਦਾ ਜੀਵਨ ਉਦੇਸ਼ ਕੁਝ ਹੋਰ ਹੈ। ਮਨੁੱਖੀ ਜੀਵਨ ਦਾ ਜੋ ਉਦੇਸ਼ ਗੁਰਮਤਿ ਵਿਚ ਦੱਸਿਆ ਗਿਆ ਹੈ ਉਸ ਅਨੁਸਾਰ ਮਨੁੱਖ ਨੇ ਦੁਨਿਆਵੀਂ ਰਾਜ-ਭਾਗ ਅਤੇ ਇਥੋਂ ਤੱਕ ਕਿ ਪ੍ਰਚਲਿਤ ਧਰਮਾਂ ਵਾਂਗ ਜੀਵਨ ਮੁਕਤੀ ਦੇ ਮਨੋਰਥ ਨੂੰ ਅੱਖੋਂ ਪਰੋਖੇ ਕਰਦੇ ਹੋਏ ''ਮਨਿ ਪ੍ਰੀਤਿ ਚਰਨ ਕਮਲਾਰੇ'' ਦੇ ਜੀਵਨ ਉਦੇਸ਼ ਨੂੰ ਹਾਸਲ ਕਰਨਾ ਹੈ ਭਾਵ ਪ੍ਰਭੂ ਚਰਨਾਂ ਨਾਲ ਪ੍ਰੀਤ ਲਾਉਣ ਹੈ। ਇਸਦੇ ਨਾਲ ਹੀ ਗੁਰਮਤਿ ਇਹ ਵੀ ਦਸਦੀ ਹੈ ਕਿ ਜੇਕਰ ਦੁਨਿਆਵੀ ਕਾਰ-ਵਿਹਾਰ ਪਰਮਸਤਿ ਦੇ ਮਾਰਗ ਤੇ ਲੈ ਕੇ ਜਾਂਦੇ ਹਨ ਤਾਂ ਹੀ ਮਨੁੱਖ ਦੇ ਕਰਮ ਸਕਾਰਥੇ ਹਨ ਤੇ ਜੇਕਰ ਮਨੁੱਖੀ ਕਰਮ ਇਸ ਮਾਰਗ ਤੇ ਨਹੀਂ ਜਾਂਦੇ ਤਾਂ ਮਨੁੱਖ ਭਟਕਣ ਵਿਚ ਪਿਆ ਰਹਿੰਦਾ ਹੈ। ਇਸ ਕਰਕੇ ਅਜਿਹੇ ਦੁਨਿਆਵੀ ਕਰਮਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਜੋ ਨੈਤਿਕਤਾ ਅਤੇ ਸਦਾਚਾਰ ਦੇ ਮਾਰਗ ਤੇ ਜਾਂਦੇ ਹਨ ਅਤੇ ਪਰਮਸਤਿ ਦੀ ਪ੍ਰਾਪਤੀ ਲਈ ਸਹਾਇਕ ਹੁੰਦੇ ਹਨ। ਦੁਨੀਆ ਵਿਚ ਕੀਤੀ ਗਈ ਬੇਈਮਾਨੀ, ਝੂਠ, ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਇਥੇ ਕੁਝ ਸਮੇਂ ਲਈ ਤਾਂ ਮਨੁੱਖ ਨੂੰ ਪਦਾਰਥਕ ਸੁਖ ਪ੍ਰਦਾਨ ਕਰ ਸਕਦੇ ਹਨ ਪਰ ਜਿਥੇ ਨਿਬੇੜਾ ਸੱਚ ਅਤੇ ਸਦਾਚਾਰਕ ਗੁਣਾਂ ਦੇ ਆਧਾਰ ਤੇ ਹੋਣਾ ਹੈ ਉਥੇ ਇਹ ਸਭ ਕਰਮ ਮਨੁੱਖ ਨੂੰ ਕੋਈ ਵੀ ਰਾਹਤ ਨਹੀਂ ਪਹੁੰਚਾ ਸਕਦੇ, ਜਿਵੇਂ ਗੁਰੂ ਅੰਗਦ ਜੀ ਸਪਸ਼ਟ ਕਰਦੇ ਹੋਏ ਦਸਦੇ ਹਨ :

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ।।
ਥਾਓ ਨਾ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ।। (ਪੰਨਾ 463)

ਗੁਰੂ ਸਾਹਿਬਾਨ ਨੇ ਸਮਾਜ ਵਿੱਚ ਰਹਿੰਦੇ ਹੋਏ ਜਿਨ੍ਹਾਂ ਸਮਾਜਕ ਮੁਸ਼ਕਿਲਾਂ ਨੂੰ ਵੇਖਿਆ ਅਤੇ ਅਨੁਭਵ ਕੀਤਾ ਉਹਨਾਂ ਦੇ ਹੱਲ ਲਈ ਇੱਕ ਮਾਰਗ ਦਰਸ਼ਨ ਦਿੱਤਾ ਜਿਸ ਉਤੇ ਚੱਲ ਕੇ ਮਨੁੱਖ ਆਪਣੀਆਂ ਦੁਨਿਆਵੀ ਮੁਸ਼ਕਿਲਾਂ ਨੂੰ ਜਾਂ ਤਾਂ ਹੱਲ ਕਰ ਲੈਣ ਜਾਂ ਫਿਰ ਇਨੀ ਉਚੀ ਅਵਸਥਾ ਵਿਚ ਪਹੁੰਚ ਜਾਣ ਕਿ ਇਸ ਮਾਰਗ ਤੇ ਚੱਲ ਕੇ ਉਹਨਾਂ ਨੂੰ ਇਹਨਾਂ ਮੁਸ਼ਕਲਾਂ ਦਾ ਅਹਿਸਾਸ ਨਾ ਰਹੇ। 'ਅੰਜਨ ਮਾਹਿ ਨਿਰੰਜਨ' ਵਾਲੀ ਜੀਵਨ ਜੁਗਤ ਮਨੁੱਖ ਨੂੰ ਸਚਿਆਰੇ ਪਦ ਵੱਲ ਲਿਜਾ ਸਕਦੀ ਹੈ। ਸਮਾਜ ਵਿਚ ਮਨੁੱਖ ਦੇ ਕਾਰਜ ਹੀ ਜਿਥੇ ਉਸ ਲਈ ਭਲੇ ਅਤੇ ਬੁਰੇ ਮਾਰਗ ਦੇ ਰਾਹ ਖੋਲਦੇ ਹਨ ਉਥੇ ਨਾਲ ਹੀ ਉਸ ਦੁਆਰਾ ਕੀਤੇ ਕਰਮ ਦੂਜੇ ਮਨੁੱਖਾਂ ਨੂੰ ਵੀ ਅਜਿਹੇ ਮਾਰਗ ਤੇ ਚੱਲਣ ਲਈ ਉਕਸਾਉਂਦੇ ਹਨ। ਜੇਕਰ ਮਨੁੱਖ ਬੇਈਮਾਨੀ ਅਤੇ ਅਨੈਤਿਕਤਾ ਦੇ ਮਾਰਗ ਤੇ ਚੱਲੇਗਾ ਤਾਂ ਕਈ ਦੂਜੇ ਮਨੁੱਖ ਵੀ ਉਸ ਦੀ ਦੇਖਾ-ਦੇਖੀ ਉਸੇ ਮਾਰਗ ਤੇ ਚੱਲ ਪੈਂਦੇ ਹਨ। ਪਰ ਜੇਕਰ ਪਰਮ ਅਤੇ ਸੱਚ ਦੇ ਮਾਰਗ ਤੇ ਚੱਲੇ ਤਾਂ ਬਹੁਤ ਸਾਰੇ ਮਨੁੱਖ ਉਸ ਦੇ ਪਿੱਛੇ ਚੱਲਣ ਲਈ ਵੀ ਤਿਆਰ ਹੋ ਜਾਣਗੇ। ਇਸ ਲਈ ਗੁਰੂ ਸਾਹਿਬ ਨੇ ਸਮਾਜ ਵਿਚ ਸੱਚ ਅਤੇ ਸਦਾਚਾਰ ਤੇ ਮਾਰਗ ਤੇ ਚੱਲਣ ਨੂੰ ਇਕ ਸੰਘਰਸ਼ ਦਾ ਨਾਂ ਦਿੱਤਾ ਹੈ ਜੋ ਕਿ ਹਮੇਸ਼ਾਂ ਹੀ ਮਨੁੱਖ ਦੇ ਜੀਵਨ ਵਿਚ ਚਲਦਾ ਰਹਿੰਦਾ ਹੈ। ਇਹ ਸੰਘਰਸ਼ ਮਨੁੱਖ ਦਾ ਮਨੁੱਖ ਨਾਲ ਚਲਦਾ ਹੈ ਜਿਸ ਵਿਚ ਭਾਵੇਂ ਪਰਿਵਾਰਕ ਮੈਂਬਰ, ਦੋਸਤ, ਰਿਸ਼ਤੇਦਾਰ ਅਤੇ ਹੋਰ ਕੋਈ ਵੀ ਸਮਾਜਕ ਵਿਅਕਤੀ ਸ਼ਾਮਲ ਹੋਵੇ, ਇਹ ਨਿਰੰਤਰ ਜਾਰੀ ਰਹਿੰਦਾ ਹੈ। ਮਨੁੱਖਾਂ ਤੋਂ ਇਲਾਵਾ ਇਹ ਸੰਘਰਸ਼ ਵਿਅਕਤੀ ਦਾ ਆਪੇ ਨਾਲ ਵੀ ਚਲਦਾ ਰਹਿੰਦਾ ਹੈ। ਪਰਮਸਤਿ ਦੀ ਪ੍ਰਾਪਤੀ ਦਾ ਮਾਰਗ ਸਮਾਜ ਵਿਚਲੇ ਸੰਘਰਸ਼ ਰਾਹੀਂ ਪ੍ਰਾਪਤ ਕੀਤੇ ਸਦਾਚਾਰਕ ਜੀਵਨ ਰਾਹੀਂ ਸੰਭਵ ਹੋ ਸਕਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਸਦਾਚਾਰਕ ਜੀਵਨ ਨੂੰ ਸੱਚ ਤੋਂ ਵੀ ਉਪਰ ਮੰਨਿਆ ਹੈ।

ਸਚਹੁ ਉਰੈ ਸਭ ਕੋ ਉਪਰਿ ਸਚੁ ਅਚਾਰ ।। (ਪੰਨਾ 62)

### 1.2.7 ਸਚਿਆਰਾ ਪਦ ਦੀ ਪ੍ਰਾਪਤੀ ਵਿਚ ਰੁਕਾਵਟਾਂ :

ਗੁਰੂ ਸਾਹਿਬਾਨ ਕਹਿੰਦੇ ਹਨ ਕਿ ਸਮਾਜ ਵਿਚ ਸਦਾਚਾਰਕ ਜੀਵਨ ਬਿਤਾਉਣ ਨਾਲ ਮਨੁੱਖ ਸਚਿਆਰਾ ਬਣ ਸਕਦਾ ਹੈ। ਜਿਸ ਰਾਹੀਂ ਪਰਮਸਤਿ ਦੀ ਪ੍ਰਾਪਤੀ ਸੰਭਵ ਹੈ। ਪਰ ਸਮਾਜ ਵਿੱਚ ਮਨੁੱਖ ਦੇ ਸਚਿਆਰਾ ਬਣਨ ਵਿਚ ਕੁਝ ਰੁਕਾਵਟਾਂ ਆਉਂਦੀਆਂ ਹਨ। ਜੋ ਕਿ ਮਨੁੱਖ ਨੂੰ ਉਸਦੇ ਜੀਵਨ ਉਦੇਸ਼ ਦੀ ਪ੍ਰਾਪਤੀ ਤੋਂ ਭਟਕਾ ਦਿੰਦੀਆਂ ਹਨ। ਇਹ ਰੁਕਾਵਟਾਂ ਮਨੁੱਖ ਦੇ ਮਨ ਵਿੱਚ ਉਜਾਗਰ ਹੁੰਦੀਆਂ ਹਨ ਅਤੇ ਸਮਾਜ ਵਿਚ ਇਹ ਮਨੁੱਖ ਨੂੰ ਗਤੀਸ਼ੀਲ ਵੀ ਬਣਾਉਂਦੀਆਂ ਹਨ। ਜੇਕਰ ਮਨ ਵਿੱਚ ਉਜਾਗਰ ਹੋਈਆਂ ਇਹਨਾਂ ਗਤੀਸ਼ੀਲ ਰੁਕਾਵਟਾਂ ਤੇ ਕਾਬੂ ਨਾ ਪਾਇਆ ਜਾਵੇ ਤਾਂ ਇਹ ਮਨੁੱਖ ਨੂੰ ਕੁਰਾਹੇ ਪਾ ਦਿੰਦੀਆਂ ਹਨ। ਇਹਨਾਂ ਗਤੀਸ਼ੀਲ ਰੁਕਾਵਟਾਂ ਨੂੰ ਪੰਜ ਵਿਕਾਰ-ਕਾਮ, ਕਰੋਧ, ਲੋਭ,

ਮੋਹ, ਅਹੰਕਾਰ ਕਿਹਾ ਗਿਆ ਹੈ। ਇਹ ਪੰਜ ਵਿਕਾਰ ਮਨੁੱਖ ਨੂੰ ਗਤੀਸ਼ੀਲ ਬਣਾਉਂਦੇ ਹਨ ਅਤੇ ਨਾਲ ਹੀ ਬੰਧਨ ਵਿਚ ਵੀ ਜਕੜ ਲੈਂਦੇ ਹਨ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਮਨਮੁੱਖ ਇਸ ਨੂੰ ਬੁੱਝ ਨਹੀਂ ਸਕਦੇ :

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ।।
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਈ ਨ ਸੁਣੈ ਪੂਕਾਰਾ ।। (ਪੰਨਾ 600)

ਇਹ ਪੰਜ ਵਿਕਾਰ ਕੇਵਲ ਮਨੁੱਖਾਂ ਦਾ ਹੀ ਨਹੀਂ ਬਲਕਿ ਸਮੁੱਚੀ ਸ੍ਰਿਸ਼ਟੀ ਦਾ ਅੰਗ ਹਨ। ਸ੍ਰਿਸ਼ਟੀ ਦਾ ਅੰਗ ਹੋਣ ਕਰਕੇ ਇਹ ਵਿਕਾਰ ਹਰ ਜੀਵ ਵਿੱਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੁੰਦੇ ਹਨ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਹਿਰਨ, ਮੱਛੀ, ਭੌਰਾ, ਪਤੰਗਾ ਅਤੇ ਹਾਥੀ ਇਕ-ਇਕ ਵਿਕਾਰ ਕਰਕੇ ਤਬਾਹ ਹੋ ਜਾਂਦੇ ਹਨ - ਭਾਵ ਹਿਰਨ ਕੰਨਾਂ ਦੇ ਰਸ, ਮੱਛੀ ਪਾਣੀ ਦੇ ਸੁਆਦ, ਭੌਰਾ ਸੁੰਘਣ ਦੀ ਵਾਸਨਾ ਦੀ ਆਦਤ, ਪਤੰਗਾ ਦੀਵੇ ਦੀ ਲਾਟ ਦੇ ਸੇਕ ਅਤੇ ਹਾਥੀ ਕਾਮ ਦੇ ਰਸ ਕਰਕੇ ਦੁੱਖੀ ਹੁੰਦਾ ਹੋਇਆ ਖਤਮ ਹੋ ਜਾਂਦਾ ਹੈ। ਮਨੁੱਖ ਅੰਦਰ ਪੰਜ ਵਿਕਾਰ ਇੱਕਠੇ ਹੀ ਮੌਜੂਦ ਹਨ ਇਸ ਕਰਕੇ ਭਗਤ ਜੀ ਮਨੁੱਖ ਬਾਰੇ ਚਿੰਤਤ ਹੁੰਦੇ ਹੋਏ ਕਹਿੰਦੇ ਹਨ :

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ।।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ।। (ਪੰਨਾ 486)

ਗੁਰਬਾਣੀ ਵਿਚ ਇਹਨਾਂ ਪੰਜ ਵਿਕਾਰਾਂ ਦਾ ਵਿਸਥਾਰ ਪੂਰਵਕ ਜ਼ਿਕਰ ਕੀਤਾ ਗਿਆ ਹੈ। ਇਥੇ ਗੁਰਬਾਣੀ ਦੇ ਅਧਾਰ ਤੇ ਇਹਨਾਂ ਬਾਰੇ ਸੰਖੇਪ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### (i) ਕਾਮ :

ਸਮਾਜ ਵਿਚ ਕਾਮ ਨੂੰ ਦੋ ਰੂਪਾਂ ਵਿਚ ਵੇਖਿਆ ਜਾਂਦਾ ਹੈ। ਇਸਨੂੰ ਇਕ ਅਰਥ ਵਿਚ ਵਾਸਨਾ ਨਾਲ ਜੋੜਿਆ ਜਾਂਦਾ ਹੈ ਅਤੇ ਦੂਜੇ ਅਰਥਾਂ ਵਿਚ ਇਸਨੂੰ ਕਾਮਨਾਵਾਂ ਜਾਂ ਇਛਾਵਾਂ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਸ਼੍ਰਮਣਿਕ ਪਰੰਪਰਾ ਵਿਚ ਕਾਮ ਦੇ ਇਹਨਾਂ ਦੋਵੇਂ ਰੂਪਾਂ ਦਾ ਵਿਸਤਾਰ ਵੇਖਣ ਨੂੰ ਮਿਲਦਾ ਹੈ। ਸ਼੍ਰਮਣਿਕ ਪਰੰਪਰਾ ਦੇ ਧਰਮਾਂ, ਜੈਨ ਅਤੇ ਬੁੱਧ, ਵਿਚ ਕਾਮ ਦੇ ਵਾਸਨਾ ਰੂਪ ਨੂੰ ਨਕਾਰਿਆ ਗਿਆ ਹੈ ਅਤੇ ਇਹਨਾਂ ਦੋਵੇਂ ਧਰਮਾਂ ਵਿਚ ਅਜਿਹੀ ਸਾਧੂ ਪਰੰਪਰਾ ਤੇ ਜ਼ੋਰ ਦਿੱਤਾ ਗਿਆ ਹੈ ਜੋ ਭਿੱਖੂ ਜੀਵਨ ਬਤੀਤ ਕਰਦੇ ਅਤੇ ਗ੍ਰਹਿਸਤ ਧਰਮ ਤੋਂ ਦੂਰ ਰਹਿੰਦੇ। ਕਾਮਨਾਵਾਂ ਅਤੇ ਇਛਾਵਾਂ ਬੁੱਧ ਧਰਮ ਦੀ ਕੇਂਦਰੀ ਵਿਚਾਰਧਾਰਾ ਨਾਲ ਸੰਬੰਧਤ ਹਨ ਜਿਸ ਵਿਚ ਇਹਨਾਂ ਨੂੰ ਦੁੱਖਾਂ ਦਾ ਮੁੱਖ ਕਾਰਨ ਮੰਨਦੇ ਹੋਏ, ਇਹਨਾਂ ਤੋਂ ਨਿਜਾਤ ਪਾਉਣ ਲਈ, ਮੱਧ ਮਾਰਗ ਤੇ ਚੱਲਣ ਦਾ ਰਾਹ ਦਰਸਾਇਆ ਗਿਆ ਹੈ। ਹਿੰਦੂ ਧਰਮ ਦੇ ਗ੍ਰੰਥਾਂ ਵਿਚ ਕਾਮ ਨੂੰ ਸਮੂਹ ਬੁਰਾਈਆਂ ਦੀ ਜੜ੍ਹ ਮੰਨਿਆ ਗਿਆ ਹੈ ਅਤੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਜੋ ਵਿਅਕਤੀ ਇਸ ਬੰਧਨ ਤੋਂ ਮੁਕਤ ਹੋ ਜਾਂਦਾ ਹੈ, ਉਹੀ ਸ੍ਰੇਸ਼ਟ ਹੈ। ਹਵਾਲੇ ਮਾਤਰ ਇਥੇ ਕੇਵਲ ਮਹਾਂਭਾਰਤ ਦਾ ਹਵਾਲਾ ਦਿਤਾ ਜਾ ਰਿਹਾ ਹੈ ਜਿਸ ਵਿਚ ਮਹਾਂਰਿਸ਼ੀ ਵਿਆਸ ਆਪਣੇ ਪੁੱਤਰ ਸ਼ੁਕਦੇਵ ਨੂੰ ਕਾਮ ਦੇ ਬੰਧਨ ਤੋਂ ਮੁਕਤ ਹੋਣ ਦਾ ਫਲ ਦਸਦੇ ਹੋਏ ਕਹਿੰਦੇ ਹਨ :

ਜਗ ਵਿਚ ਬੰਧਨ ਕਾਮ ਦਾ, ਹੋਰ ਨ ਬੰਧਨ ਕੋਈ ।।
ਇਸ ਬੰਧਨ ਤੋਂ ਮੁਕਤ ਜੋ, ਬ੍ਰਹਮਰੂਪ ਹੈ ਸੋਈ ।।

ਸਿੱਖ ਧਰਮ ਵਿਚ ਕਾਮ ਦੀ ਉਤਪਤੀ ਪਰਮਾਤਮਾ ਤੋਂ ਮੰਨੀ ਜਾਂਦੀ ਹੈ। ਇਹ ਕਿਹਾ ਜਾਂਦਾ ਹੈ ਕਿ ਜਦੋਂ ਨਾ ਧਰਤੀ ਸੀ, ਨਾ ਅਗਨੀ, ਨਾ ਹਵਾ ਸੀ, ਨਾ ਪਾਣੀ ਸੀ, ਨਾ ਅਕਾਸ਼ ਸੀ ਭਾਵ ਇਸ ਸ਼੍ਰਿਸ਼ਟੀ ਦੀ ਹੋਂਦ ਨਹੀਂ ਸੀ ਤਾਂ 'ਅਰਬਦ ਨਰਬਦ ਧੁੰਧੂਕਾਰਾ' ਵਾਲੀ ਸਥਿਤੀ ਸੀ। ਉਸ ਸਮੇਂ ਪਰਮਾਤਮਾ ਸੁੰਨ ਸਮਾਧ ਦੀ ਅਵਸਥਾ ਵਿਚ ਮੌਜੂਦ ਸੀ, ਜਿਸਨੂੰ ਪਰਮਾਤਮਾ ਦੇ ਨਿਰਗੁਣ ਸਰੂਪ ਦੇ ਤੌਰ 'ਤੇ ਮੰਨਿਆ ਗਿਆ ਹੈ। ਨਿਰਗੁਣ ਤੋਂ ਸਰਗੁਣ ਸਰੂਪ ਵਿਚ ਆ ਕੇ ਪਰਮਾਤਮਾ ਨੇ ਸ਼੍ਰਿਸ਼ਟੀ ਦੀ ਸਿਰਜਣਾ ਕੀਤੀ: ਜਾਂ ਤਿਸੁ ਭਾਣਾ ਤਾ ਜਗਤੁ ਉਪਾਇਆ ।। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਪਰਮਾਤਮਾ ਦਾ ਨਿਰਗੁਣ ਤੋਂ ਸਰਗੁਣ ਸਰੂਪ ਵਿਚ ਪ੍ਰਵਿਰਤ ਹੋਣਾ ਹੀ ਉਸਦੇ ਕਾਮ ਦਾ ਪ੍ਰਤੀਕ ਹੈ। ਸ੍ਰਿਸ਼ਟੀ ਦਾ ਨਿਯਮ ਹੈ ਕਿ ਜੋ ਗੁਣ ਕਿਸੇ ਬੀਜ ਵਿਚ ਮੌਜੂਦ ਹੈ ਉਹ ਗੁਣ ਓਸਦੇ ਫਲ ਵਿਚ ਆਪਣੇ ਆਪ ਆ

ਜਾਵੇਗਾ, ਜਿਵੇਂ ਸੰਤਰੇ ਦੇ ਬੀਜ ਦਾ ਗੁਣ ਸੰਤਰੇ ਵਿਚ ਆ ਜਾਂਦਾ ਹੈ ਇਸੇ ਤਰ੍ਹਾਂ ਸ੍ਰਿਸ਼ਟੀ ਦਾ ਮੂਲ ਪਰਮਾਤਮਾ ਹੈ ਅਤੇ ਉਸ ਵਿਚ ਉਪਜਿਆ ਕਾਮ ਸ੍ਰਿਸ਼ਟੀ ਦੀ ਹਰ ਵਸਤੂ ਵਿਚ ਵਿਦਮਾਨ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ।। (ਪੰਨਾ 553)

ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਦਸਦੇ ਹਨ :

ਕਾਮੁ ਕ੍ਰੋਧੁ ਪਸਰਿਆ ਸੰਸਾਰ ।। (ਪੰਨਾ 129)

ਕਾਮ ਨੂੰ ਮਾਰਨ ਹਿਤ ਬਹੁਤ ਵੱਡੇ-ਵੱਡੇ ਜੋਗੀਆਂ, ਜਪੀਆਂ, ਤਪੀਆਂ, ਸੰਨਿਆਸੀਆਂ ਨੇ ਜ਼ੋਰ ਲਾਇਆ। ਕਾਮ ਨੂੰ ਮਾਰਨ ਲਈ ਇਹਨਾਂ ਨੇ ਕਠੋਰ ਯੌਗਿਕ ਕ੍ਰਿਆਵਾਂ ਅਤੇ ਤਪ ਕੀਤੇ, ਜੰਗਲਾਂ ਵਿਚ ਜਾ ਕੇ ਇਕਾਂਤ ਵਿਚ ਨਿਵਾਸ ਕਰਨ ਦੀ ਪਿਰਤ ਪਾਈ, ਪਰ ਸਭ ਅਸਫਲ ਰਹੇ। ਕਾਮ ਕ੍ਰਿਆਵਾਂ ਨੂੰ ਮਾਰਨ ਵਾਸਤੇ ਅੱਕ-ਧਤੂਰੇ ਆਦਿ ਨਸ਼ਿਆਂ ਦਾ ਸੇਵਨ ਕੀਤਾ ਜਾਣ ਲੱਗਾ, ਪਰ ਇਹਨਾਂ ਬਿਰਤੀਆਂ ਤੇ ਕਾਬੂ ਪਾਉਣਾ ਸੰਭਵ ਨਾ ਹੋ ਸਕਿਆ। ਇਸ ਤਰ੍ਹਾਂ ਕਾਮ ਨੂੰ ਮਾਰਨ ਦੇ ਸਭ ਯਤਨ ਅਸਫਲ ਰਹੇ।

ਸਿੱਖ ਧਰਮ ਗ੍ਰੰਥ ਇਹ ਮੰਨਦੇ ਹਨ ਕਿ ਕਾਮ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਪਰ ਅਜਿਹੇ ਪ੍ਰਬੰਧ ਕੀਤੇ ਜਾ ਸਕਦੇ ਹਨ ਕਿ ਕਾਮ ਕਾਬੂ ਵਿਚ ਰਹੇ। ਇਸ ਦੀ ਦਿਸ਼ਾ ਵਿਅਕਤੀ ਆਪਣੀ ਮਰਜ਼ੀ ਨਾਲ ਨਿਰਧਾਰਤ ਕਰ ਸਕੇ। ਕਾਮ ਵਿਅਕਤੀ ਉਤੇ ਭਾਰੂ ਨਹੀਂ ਹੋਣਾ ਚਾਹੀਦਾ ਬਲਕਿ ਵਿਅਕਤੀ ਕਾਮ ਦੀ ਦਿਸ਼ਾ ਨਿਰਧਾਰਤ ਕਰਨ ਦੇ ਦ੍ਰਿੜ ਹੋਣਾ ਚਾਹੀਦਾ ਹੈ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਮੈਂ ਉਸ ਸਿੱਖ ਤੋਂ ਬਲਿਹਾਰ ਜਾਂਦਾ ਹਾਂ ਜੋ ਪਰਾਈ ਇਸਤਰੀ ਦੇ ਨੇੜੇ ਨਹੀਂ ਜਾਂਦੇ :

ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨਾ ਜਾਵੈ ।। (ਵਾਰ 12.4)

ਹਿੰਦੂ ਧਰਮ ਵਿਚ ਸੂਤਕ ਦਾ ਜ਼ਿਕਰ ਕਈ ਥਾਈਂ ਆਇਆ ਹੈ, ਇਸ ਨੂੰ ਅਸ਼ੁੱਧਤਾ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਇਸਤਰੀ ਦੇ ਬੱਚਾ ਜੰਮਣ ਸਮੇਂ ਇਹ ਅਸ਼ੁੱਧੀ ਚਾਲੀ ਦਿਨ ਬਾਅਦ ਤੱਕ ਮੰਨੀ ਜਾਂਦੀ ਹੈ। ਜੇਕਰ ਗਾਂ ਦੇ ਗੋਹੇ ਨਾਲ ਲਿਪੀ ਹੋਈ ਰਸੋਈ ਵਿਚ ਕੀੜੇ ਆ ਜਾਣ ਤਾਂ ਅਸ਼ੁੱਧ ਹੋ ਜਾਂਦੀ ਹੈ, ਜੇਕਰ ਕਾਫ਼ਰ ਦਾ ਕਿਸੇ ਸ਼ੁੱਧ ਵਸਤੂ ਨੂੰ ਹੱਥ ਲੱਗ ਜਾਵੇ ਤਾਂ ਉਹ ਵੀ ਅਸ਼ੁੱਧ ਹੋ ਜਾਂਦੀ ਹੈ। ਪਰ ਗੁਰੂ ਨਾਨਕ ਦੇਵ ਜੀ ਅਜਿਹੀ ਸੂਤਕ ਰੂਪੀ ਅਸ਼ੁੱਧੀ ਨੂੰ ਰੱਦ ਕਰਦੇ ਹੋਏ ਪਰਾਈ ਇਸਤਰੀ ਅਤੇ ਪਰਾਏ ਧਨ ਨੂੰ ਵੇਖਣਾ ਸੂਤਕ ਮੰਨਦੇ ਹਨ :

ਅਖੀ ਸੂਤਕੁ, ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ।। (ਪੰਨਾ 472)

ਕਾਮ ਨੂੰ ਕਾਬੂ ਕਰਨ ਲਈ ਇਸਨੂੰ ਉਤਪਤੀ ਤੱਕ ਸੀਮਿਤ ਕਰਕੇ ਆਪਣੀਆਂ ਕਾਮਨਾਵਾਂ ਨੂੰ ਸਰਬੱਤ ਦੇ ਭਲੇ ਹਿੱਤ ਲਾਉਣਾ ਹੀ ਗੁਰਮਤਿ ਉਦੇਸ਼ ਅਤੇ ਉਪਦੇਸ਼ ਹੈ।

## (ii) ਕਰੋਧ :

ਕਰੋਧ ਨੂੰ ਵੀ ਕਾਮ ਵਾਂਗ ਵਿਕਾਰਾਂ ਦੇ ਰੂਪ ਵਿਚ ਵੇਖਿਆ ਗਿਆ ਹੈ ਜੋ ਕਿ ਮਨੁੱਖ ਨੂੰ ਮਨੁੱਖ ਨਾਲ ਲੜ੍ਹਾਉਣ ਅਤੇ ਮਨ ਵਿਚ ਈਰਖਾ, ਦਵੈਸ਼ ਪੈਦਾ ਕਰਨ ਦਾ ਕੰਮ ਕਰਦਾ ਹੈ। ਕਰੋਧ ਮਨੁੱਖ ਵਿਚ ਅਗਿਆਨਤਾ ਦੀ ਭਾਵਨਾ ਪੈਦਾ ਕਰਦਾ ਹੈ। ਇਹ ਮਨੁੱਖ ਨੂੰ ਅੱਖਾਂ ਦੇ ਹੁੰਦੇ ਅੰਨਾ ਅਤੇ ਕੰਨ੍ਹਾਂ ਦੇ ਹੁੰਦੇ ਬੋਲਾ ਬਣਾ ਦਿੰਦਾ ਹੈ। ਕਰੋਧ ਸ਼ਾਂਤੀ ਅਤੇ ਖੁਸ਼ੀ ਦਾ ਵੈਰੀ ਹੈ ਅਤੇ ਮਨੁੱਖ ਵਿਚ ਕਈ ਤਰ੍ਹਾਂ ਦੇ ਹੋਰ ਵਿਕਾਰ ਪੈਦਾ ਕਰਨ ਲਈ ਜ਼ਿੰਮੇਵਾਰ ਹੈ। ਇਸ ਲਈ ਗੁਰੂ ਸਾਹਿਬਾਨ ਨੇ ਕਰੋਧ ਨੂੰ ਚੰਡਾਲ ਕਹਿੰਦੇ ਹੋਏ ਇਹ ਸਮਝਾਇਆ ਹੈ ਕਿ ਜਿਵੇਂ ਸੋਨੇ ਨੂੰ ਖਾਰ ਜਾ ਸੋਹਾਗਾ ਪਿਘਲਾ ਦਿੰਦਾ ਹੈ ਉਸੇ ਤਰ੍ਹਾਂ ਕਾਮ ਅਤੇ ਕਰੋਧ ਸਰੀਰ ਨੂੰ ਖਤਮ ਕਰ ਦਿੰਦੇ ਹਨ। ਗੁਰੂ ਨਾਨਕ ਦੇਵ ਸਮਝਾਉਂਦੇ ਹੋਏ ਕਹਿੰਦੇ ਹਨ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ ।। ਜਿਉ ਕੰਚਨ ਸੋਹਾਗਾ ਢਾਲੈ ।। (ਪੰਨਾ 932)

ਕਰੋਧ ਜਿਥੇ ਵੀ ਉਪਜਦਾ ਹੈ ਉਥੇ ਦੁੱਖ ਅਤੇ ਅਸਾਂਤੀ ਪੈਦਾ ਕਰ ਦਿੰਦਾ ਹੈ। ਭਾਵੇਂ ਕਿ ਇਹ ਸ੍ਰਿਸ਼ਟੀ ਦਾ ਅੰਗ

ਹੋਣ ਕਰਕੇ ਸਮੂਹ ਮਨੁੱਖਾਂ ਦੇ ਜੀਵ ਦਾ ਹਿੱਸਾ ਹੈ ਪਰ ਇਸਦਾ ਮਨੁੱਖ ਤੇ ਪਾਇਆ ਪ੍ਰਭਾਵ ਮਨੁੱਖ ਅਤੇ ਉਸਦੇ ਆਲੇ ਦੁਆਲੇ ਨੂੰ ਪ੍ਰਭਾਵਤ ਕਰਦਾ ਹੈ। ਜਿਸ ਨਾਲ ਸਮੁੱਚੇ ਸਮਾਜ ਵਿਚ ਹੀ ਬੇਗਾਨਗੀ ਦੀ ਭਾਵਨਾ ਉਤਪੰਨ ਹੋ ਜਾਂਦੀ ਹੈ ਅਤੇ ਸਮਾਜ ਦਾ ਵਿਕਾਸ ਰੁਕ ਜਾਂਦਾ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਉਹਨਾਂ ਮਨੁੱਖਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ ਜਿਨ੍ਹਾਂ ਦੇ ਮਨ ਨੂੰ ਕਰੋਧ ਨੇ ਕਾਬੂ ਕੀਤਾ ਹੋਇਆ ਹੈ :

ਓਨਾ ਪਾਸਿ ਦੁਆਸਿ ਨ ਭਿਟੀਐ ।।
ਜਿਨ ਅੰਤਰਿ ਕ੍ਰੋਧੁ ਚੰਡਾਲੁ ।। (ਪੰਨਾ 40)

ਗੁਰਬਾਣੀ ਵਿਚ ਕਰੋਧ ਨੂੰ ਕਾਬੂ ਕਰਨ ਲਈ ਆਤਮ ਵਿਚਾਰ ਦੀ ਗੱਲ ਸਮਝਾਈ ਗਈ ਹੈ ਅਤੇ ਕਿਹਾ ਗਿਆ ਹੈ ਕਿ ਜੋ ਮਨੁੱਖ ਦੂਜਿਆਂ ਅੰਦਰ ਔਗੁਣ ਵੇਖਣ ਅਤੇ ਵਿਚਾਰਨ ਦੀ ਗੱਲ ਕਰਦਾ ਹੈ, ਉਸਨੂੰ ਅਜਿਹਾ ਕਰਨ ਤੋਂ ਪਹਿਲਾਂ ਆਪਣੇ ਮਨ ਅੰਦਰ ਝਾਤ ਮਾਰ ਕੇ ਵੇਖਣ ਦੀ ਲੋੜ ਹੈ ਕਿ ਕਿਤੇ ਜਿਹੜੇ ਔਗੁਣਾਂ ਕਰਕੇ ਉਹ ਦੂਜਿਆਂ ਨਾਲ ਝਗੜ ਰਿਹਾ ਹੈ, ਉਹਨਾਂ ਨੂੰ ਬੁਰਾ ਕਹਿ ਰਿਹਾ ਹੈ, ਕਿਤੇ ਉਹ ਉਸਦੇ ਆਪਣੇ ਮਨ ਦੇ ਅੰਦਰ ਵੀ ਮੌਜੂਦ ਤਾਂ ਨਹੀਂ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਿਹੜਾ ਮਨੁੱਖ ਆਪਣੇ ਆਪ ਨਾਲ ਵਿਚਾਰ ਕਰਦਾ ਹੈ ਉਹ ਸਮਾਜ ਵਿਚ ਨਿਮਰਤਾ ਧਾਰਨ ਕਰਦਾ ਹੈ ਅਤੇ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣਦਾ ਹੈ।

ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ।।
ਹੋਇ ਨਿਮਾਣਾ ਜਗਿ ਰਹਹੁ ਨਾਨਕ ਨਦਰੀ ਪਾਰਿ ।। (ਪੰਨਾ 259)

ਇਸੇ ਤਰ੍ਹਾਂ ਬਾਬਾ ਫਰੀਦ ਜੀ ਕਹਿੰਦੇ ਹਨ ਕਿ ਹੇ ਮਨੁੱਖ ! ਜੇਕਰ ਤੂੰ ਸੋਝੀ ਰਖਦਾ ਹੈ ਤਾਂ ਦੂਜਿਆਂ ਦਾ ਬੁਰਾ ਨਾ ਸੋਚ ਅਤੇ ਜੇਕਰ ਤੂੰ ਅਜਿਹਾ ਕਰਨ ਲਈ ਮਨ ਬਣਾ ਲਿਆ ਹੈ ਤਾਂ ਪਹਿਲਾਂ ਆਪਣੇ ਮਨ ਵਿਚ ਝਾਤੀ ਮਾਰ। ਜਿਹੜੇ ਔਗੁਣਾਂ ਕਰਕੇ ਦੂਜਿਆਂ ਦਾ ਬੁਰਾ ਚਿਤਵ ਰਿਹਾ ਹੈ। ਉਹ ਔਗੁਣ ਤੇਰੇ ਅੰਦਰ ਵੀ ਮੌਜੂਦ ਤਾਂ ਨਹੀਂ। ਇਹ ਕਰੋਧ ਰੂਪੀ ਔਗੁਣ ਮਨੁੱਖ ਨੂੰ ਇਕ ਰੋਗ ਵਾਂਗ ਚਿੰਬੜਿਆ ਹੋਇਆ ਹੈ। ਜਿਸ ਤੋਂ ਦੂਰ ਰਹਿਣ ਨਾਲ ਹੀ ਸਭ ਗੁਣਾਂ ਰੂਪੀ ਖਜ਼ਾਨਿਆ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ।।
ਦੇਹੀ ਰੋਗ ਨ ਲਗਈ ਪਲੈ ਸਭ ਕਿਛੁ ਪਾਇ ।। (ਪੰਨਾ 1382)

ਕਰੋਧ ਦੀ ਵਰਤੋਂ ਸਮਾਜ ਦੇ ਗੁਣਾਂ ਨੂੰ ਖਤਮ ਕਰਨ ਲਈ ਨਹੀਂ ਹੋਣੀ ਚਾਹੀਦੀ ਬਲਕਿ ਇਸਦੀ ਵਰਤੋਂ ਜ਼ੁਲਮ ਦਾ ਖਾਤਮਾ ਕਰਨ ਅਤੇ ਔਗੁਣਾਂ ਨੂੰ ਦੂਰ ਭਜਾਉਣ ਲਈ ਹੋਣੀ ਚਾਹੀਦੀ ਹੈ। ਮਾਨਵਤਾ ਦੀ ਰਾਖੀ ਅਤੇ ਸਵੈਮਾਨ ਦੀ ਬਹਾਲੀ ਇਸਦਾ ਕਾਰਜ ਖੇਤਰ ਹੋਣਾ ਚਾਹੀਦਾ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨਃ ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ।

### (iii) ਲੋਭ :

ਜਦੋਂ ਕਿਸੇ ਵਸਤੂ ਦੀ ਪ੍ਰਾਪਤੀ ਲਈ ਮਨੁੱਖ ਸਮਾਜ ਦੇ ਸਮੂਹ ਨੈਤਿਕ ਨਿਯਮ ਛਿੱਕੇ ਟੰਗ ਦੇਵੇ ਤਾਂ ਉਸਨੂੰ ਲੋਭ ਕਿਹਾ ਜਾਂਦਾ ਹੈ। ਇਸ ਵਿਚ ਕਿਸੇ ਅਪ੍ਰਾਪਤ ਵਸਤੂ ਦੀ ਪ੍ਰਾਪਤੀ ਲਈ, ਅਤੇ ਜੇ ਵਸਤੂ ਕੋਲ ਹੈ ਤਾਂ ਉਸ ਵਿਚ ਹੋਰ ਵਾਧੇ ਲਈ ਯੋਗ ਅਤੇ ਅਯੋਗ ਯਤਨ ਕੀਤੇ ਜਾਂਦੇ ਹਨ। ਧਨ-ਪਦਾਰਥਾਂ ਦਾ ਭੰਡਾਰ ਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਵੀ ਲੋਭ ਕਿਹਾ ਜਾਂਦਾ ਹੈ। ਅਜਿਹੇ ਮਨੁੱਖ ਦੀ ਤੁਲਨਾ ਉਸ ਹਲਕਾਏ ਕੁੱਤੇ ਨਾਲ ਕੀਤੀ ਗਈ ਹੈ ਜੋ ਲੋਭ ਵਿਚ ਆ ਕੇ ਸਭ ਤਰ੍ਹਾਂ ਦੀ ਚੰਗੀ-ਮੰਦੀ ਵਸਤੂ ਖਾਣ ਵਿਚ ਲੱਗਾ ਰਹਿੰਦਾ ਹੈ, ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ।।
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ।। (ਪੰਨਾ 50)

ਲੋਭ ਵਿਚ ਇੱਕਤਰ ਕੀਤੀ ਵਸਤੂ ਵਿਅਕਤੀ ਦੇ ਮਨ ਨੂੰ ਸ਼ਾਂਤ ਰੱਖਣ ਦੀ ਥਾਂ ਹੋਰ ਭਟਕਾ ਦਿੰਦੀ ਹੈ। ਇਕੱਤਰ

ਕੀਤੀ ਵਸਤੂ ਨੂੰ ਸੰਭਾਲ ਕੇ ਰੱਖਣਾ, ਉਸਦੀ ਰਾਖੀ ਕਰਨੀ ਅਤੇ ਉਸ ਵਿਚ ਹੋਰ ਵਾਧਾ ਕਰਨ ਦੀ ਇੱਛਾ ਮਨੁੱਖ ਨੂੰ ਚੈਨ ਨਾਲ ਨਹੀਂ ਬਹਿਣ ਦਿੰਦੀ। ਇਸ ਤਰ੍ਹਾਂ ਕਰਨ ਨਾਲ ਇੰਞ ਲਗਦਾ ਹੈ ਕਿ ਜਿਵੇਂ ਕੋਈ ਪਦਾਰਥ ਮਿੱਠਾ ਸਮਝ ਕੇ ਮੂੰਹ ਵਿਚ ਪਾਇਆ ਹੋਵੇ ਪਰ ਉਸਦਾ ਸੁਆਦ ਕੌੜਾ ਨਿਕਲੇ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਦੇ ਮਨ ਵਿਚਲਾ ਲੋਭ ਉਸਨੂੰ ਟਿਕ ਕੇ ਨਹੀਂ ਬੈਠਣ ਦਿੰਦਾ ਅਤੇ ਵਿਅਕਤੀ ਦੇ ਮਨ ਵਿਚ ਭਟਕਣ ਬਣੀ ਰਹਿੰਦੀ ਹੈ :

ਕਬਹੁ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ।।
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ।। (ਪੰਨਾ 876)

ਲੋਭ ਨਾਲ ਇਕੱਤਰ ਕੀਤੇ ਧਨ-ਪਦਾਰਥ ਦੁਨੀਆਂ ਦਾ ਹਿੱਸਾ ਹਨ ਅਤੇ ਮਨੁੱਖ ਨੇ ਇਹਨਾਂ ਦਾ ਸਾਧਨ ਮਾਤਰ ਇਸਤੇਮਾਲ ਕਰਨਾ ਹੈ ਨਾ ਕਿ ਇਹਨਾਂ ਵਿਚ ਖਚਿਤ ਹੋ ਕੇ ਆਪਣਾ ਜੀਵਨ ਕੁਰਾਹੇ ਪਾਉਣਾ ਹੈ। ਗੁਰਬਾਣੀ ਹਲਤ ਅਤੇ ਪਲਤ ਦੀ ਗੱਲ ਕਰਦੀ ਹੈ। ਜਿਸ ਦਾ ਭਾਵ ਹੈ ਕਿ ਹਲਤ (ਇਸ ਦੁਨੀਆ) ਵਿਚ ਰਹਿੰਦੇ ਹੋਏ ਸਦਾਚਾਰਕ ਜੀਵਨ ਰਾਹੀਂ ਅਗਲੇ ਜੀਵਨ ਭਾਵ ਪਲਤ (ਅਗਲੀ ਦੁਨੀਆ) ਦੀ ਤਿਆਰੀ ਕਰਨੀ ਹੈ ਤਾਂ ਕਿ ਉਥੇ ਜਾ ਕੇ ਆਪਣੇ ਕੀਤੇ ਮੰਦ ਕਰਮਾਂ ਕਾਰਨ ਸ਼ਰਮਿੰਦਾ ਨਾ ਹੋਣਾ ਪਵੇ। ਇਸ ਲਈ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਦੀ ਦਰਗਾਹ ਵਿਚ ਚੰਗੇ ਅਮਲਾਂ ਨੇ ਕੰਮ ਆਉਣਾ ਹੈ ਨਾ ਕਿ ਲੋਭ ਵਸ ਇਸ ਦੁਨੀਆ ਵਿਚ ਇਕੱਤਰ ਕੀਤੀ ਮਾਇਆ ਨੇ ਸਾਥ ਦੇਣਾ ਹੈ:

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ।। (ਪੰਨਾ 417)

ਗੁਰਮਤਿ ਨੇ ਲੋਭ ਦੇ ਵਿਕਾਰ ਤੋਂ ਬਚਣ ਲਈ ਮਨੁੱਖ ਨੂੰ ਸੰਜਮ ਵਿਚ ਰਹਿਣ ਦਾ ਮਾਰਗ ਦਰਸਾਇਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਤਿੰਨ ਪ੍ਰਮੁੱਖ ਅਸੂਲਾਂ - ਨਾਮ ਜਪੋ, ਕਿਰਤ ਕਰੋ, ਵੰਡ ਛਕੋ, ਰਾਹੀਂ ਸਮਾਜ ਨੂੰ ਇਕ ਸੇਧ ਦਿੱਤੀ ਹੈ ਕਿ ਪਾਪਾਂ ਨਾਲ ਕੋਈ ਵੀ ਵਸਤੂ ਇਕੱਤਰ ਕਰਨ ਦੀ ਥਾਂ ਤੇ ਉਸਨੂੰ ਪ੍ਰਾਪਤ ਕਰਨ ਲਈ ਮਿਹਨਤ ਅਤੇ ਇਮਾਨਦਾਰੀ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਇਮਾਨਦਾਰੀ ਵਾਲੀ ਕਮਾਈ ਨੂੰ ਆਪਣੇ ਤੱਕ ਹੀ ਸੀਮਿਤ ਨਹੀਂ ਰੱਖਣਾ ਬਲਕਿ ਵੰਡ ਕੇ ਛੱਕਣਾ ਹੈ। ਗੁਰੂ ਸਾਹਿਬ ਨੇ ਇਸ ਮਾਰਗ ਦੀ ਪ੍ਰੋੜਤਾ ਕਰਦੇ ਹੋਏ ਕਿਹਾ :

ਘਾਲਿ ਖਾਇ ਕਿਛੁ ਹਥਹੁ ਦੇਇ ।। ਨਾਨਕ ਰਾਹੁ ਪਛਾਣਹਿ ਸੇਇ ।। (ਪੰਨਾ 1245)

### (iv) ਮੋਹ :

ਜਦੋਂ ਕਿਸੇ ਵਸਤੂ ਦੀ ਪਕੜ ਵਿਚ ਮਨ ਆ ਜਾਂਦਾ ਹੈ ਅਤੇ ਉਸ ਵਸਤੂ ਦੇ ਵਿਸਰਨ ਨਾਲ ਮਨ ਨੂੰ ਦੁੱਖ ਪੁੱਜਦਾ ਹੈ, ਤਾਂ ਉਹਨੂੰ ਮੋਹ ਕਿਹਾ ਜਾਂਦਾ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਮੋਹ ਕਰਕੇ ਹੀ ਪਰਮਾਤਮਾ ਨੇ ਇਸ ਜਗਤ ਨੂੰ ਪੈਦਾ ਕੀਤਾ ਹੈ :

ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ।। (ਪੰਨਾ 1129)

ਜੀਵਨ ਦਾ ਅੰਗ ਹੋਣ ਕਰਕੇ ਮਨੁੱਖ ਸ੍ਰਿਸ਼ਟੀ ਦੀ ਹਰ ਵਸਤੂ ਨਾਲ ਮੋਹ ਕਰਦਾ ਹੈ। ਘਰ ਵਿਚ ਮਾਤਾ-ਪਿਤਾ, ਪਤਨੀ ਅਤੇ ਬੱਚਿਆਂ ਨਾਲ; ਆਲੇ-ਦੁਆਲੇ ਵਿਚ ਦੋਸਤਾਂ, ਮਿੱਤਰਾਂ, ਗੁਆਂਢੀਆਂ ਨਾਲ, ਪ੍ਰਕਿਰਤੀ ਵਿਚ ਫਲ, ਫੁੱਲ, ਬੂਟੇ, ਦਰੱਖਤਾਂ ਨਾਲ; ਪਿੰਡ ਵਿਚ ਰਹਿਣ ਵਾਲੇ ਵਿਅਕਤੀਆਂ ਦਾ ਆਪਣੀ ਫਸਲ ਅਤੇ ਜਾਨਵਰਾਂ ਨਾਲ ਮੋਹ ਆਮ ਵੇਖਣ ਨੂੰ ਮਿਲਦਾ ਹੈ ਇਸੇ ਕਰਕੇ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਏਤੁ ਮੋਹਿ ਡੂਬਾ ਸੰਸਾਰੁ ।। (ਪੰਨਾ 356)

ਗੁਰੂ ਸਾਹਿਬਾਨ ਕਹਿੰਦੇ ਹਨ ਕਿ ਮਨੁੱਖ ਇਸ ਝੂਠੇ ਮੋਹ ਵਿਚ ਫਸਕੇ ਆਪਣੇ ਜੀਵਨ-ਉਦੇਸ਼ ਤੋਂ ਭਟਕ ਜਾਂਦਾ ਹੈ। ਦੁਨੀਆ ਵਿਚ ਵਿਅਕਤੀ ਦਾ ਮੋਹ ਜਿਨ੍ਹਾਂ ਵਧਦਾ ਜਾਂਦਾ ਹੈ ਉਨਾ ਹੀ ਵਿਅਕਤੀ ਬੰਧਨ ਵਿਚ ਫਸਦਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਮੋਹ ਵਿਚ ਸਮੁੱਚਾ ਜਗਤ ਫਸਿਆ ਹੋਇਆ ਹੈ ਅਤੇ ਸੱਚ ਨੂੰ ਸਮਝਣ ਤੋਂ ਅਸਮਰਥ ਹੈ :

ਜੇਤਾ ਮੋਹੁ ਪਰੀਤਿ ਸੁਆਦ ।। ਸਭਾ ਕਾਲਖ ਦਾਗਾ ਦਾਗ ।।

ਦਾਗ ਦੋਸ ਮੁਹਿ ਚਲਿਆ ਲਾਇ ।। ਦਰਗਹ ਬੈਸਣ ਨਾਹੀ ਜਾਇ ।। (ਪੰਨਾ 662)

ਗੁਰਬਾਣੀ ਦੁਨਿਆਵੀ ਮੋਹ ਦੀ ਥਾਂ ਸੱਚੇ ਪ੍ਰੇਮ ਤੇ ਜ਼ੋਰ ਦਿੰਦੀ ਹੈ ਇਸਦਾ ਇਹ ਅਰਥ ਨਹੀਂ ਕਿ ਦੁਨਿਆਵੀ ਵਸਤ ਵੱਲ ਧਿਆਨ ਹੀ ਨਹੀਂ ਦੇਣਾ। ਦੁਨਿਆਵੀ ਵਸਤਾਂ ਮਨੁੱਖ ਲਈ ਹੀ ਹਨ ਪਰ ਇਹਨਾਂ ਦੀ ਸੁਯੋਗ ਵਰਤੋਂ ਕਰਨੀ ਹੈ। ਦੁਨਿਆਵੀ ਵਸਤਾਂ ਦੇ ਮੋਹ ਵਿਚੋਂ ਹੀ ਇਹਨਾਂ ਦੇ ਕਰਤਾ ਨਾਲ ਪ੍ਰੇਮ ਵੱਲ ਰੁਚਿਤ ਹੋਣਾ ਹੈ, ਇਹੀ ਗੁਰਬਾਣੀ ਉਦੇਸ਼ ਹੈ। ਇਸ ਉਦੇਸ਼ ਦੀ ਵਿਆਖਿਆ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ।। (ਪੰਨਾ 730)

ਸਿੱਖ ਧਰਮ ਵਿਚ ਸੇਵਾ, ਪਰਉਪਕਾਰ ਅਤੇ ਮਾਨਵਤਾ ਦੀ ਰੱਖਿਆ ਲਈ ਕੁਰਬਾਨੀ ਦੀ ਭਾਵਨਾ ਪੈਦਾ ਕਰਨਾ ਹੀ ਦੁਨਿਆਵੀ ਮੋਹ ਵਿਚ ਖਚਿਤ ਹੋਣ ਤੋਂ ਬਚਣ ਦਾ ਮਾਰਗ ਹੈ। ਭਾਈ ਘਨੱਈਆ ਜੀ ਦੁਆਰਾ ਬਿਨਾ ਭੇਦਭਾਵ ਦੁਸ਼ਮਣ ਦੀਆ ਫੌਜ਼ਾਂ ਨੂੰ ਪਾਣੀ ਪਿਲਾਉਣਾ ਅਤੇ ਅਠਾਰਵੀਂ ਸਦੀ ਵਿਚ ਸਿੱਖਾਂ ਵਲੋਂ ਆਮ ਲੋਕਾਂ ਦੀ ਰੱਖਿਆ ਲਈ ਕੀਤੀਆਂ ਕੁਰਬਾਨੀਆਂ ਦੁਨਿਆਵੀ ਮੋਹ ਤੋਂ ਬਚਣ ਦਾ ਪ੍ਰੇਰਣਾ ਸਰੋਤ ਹਨ।

### (v) ਹੰਕਾਰ :

ਹੰਕਾਰ ਨੂੰ ਸਮੂਹ ਵਿਕਾਰਾਂ ਦੀ ਜੜ੍ਹ ਮੰਨਿਆ ਜਾਂਦਾ ਹੈ। ਜਿਉਂ-ਜਿਉਂ ਮਨੁੱਖ ਵਿਚ ਚੇਤਨਾ ਦਾ ਵਿਕਾਸ ਹੁੰਦਾ ਰਹਿੰਦਾ ਹੈ ਤਿਉਂ-ਤਿਉਂ ਮਨੁੱਖ ਦੀ ਹਉਮੈ ਵਧਦੀ ਜਾਂਦੀ ਹੈ। ਇਸਦਾ ਭਾਵ ਹੈ ਕਿ ਚੇਤਨਾ ਵਸ ਹੀ ਮਨੁੱਖ ਨੂੰ ਦੁਨਿਆਵੀ ਪਦਾਰਥਾਂ ਦੀ ਸੋਝੀ ਹੁੰਦੀ ਹੈ ਅਤੇ ਜਿਉਂ ਹੀ ਇਹ ਸੋਝੀ ਵਧਦੀ ਹੈ ਮਨੁੱਖ ਇਹਨਾਂ ਪਦਾਰਥਾਂ ਨੂੰ ਇਕੱਤਰ ਕਰਨ ਵੱਲ ਰੁਚਿਤ ਹੋ ਜਾਂਦਾ ਹੈ, ਅਤੇ ਜਿਵੇਂ ਹੀ ਉਸ ਕੋਲ ਇਹਨਾਂ ਪਦਾਰਥਾਂ ਦਾ ਭੰਡਾਰ ਦੂਜਿਆਂ ਨਾਲੋਂ ਵਧਦਾ ਹੈ ਤਿਵੇਂ ਹੀ ਉਹ ਆਪਣੇ ਆਪ ਨੂੰ ਦੂਜਿਆਂ ਨਾਲੋਂ ਸ੍ਰੇਸ਼ਟ ਸਮਝਣ ਲੱਗ ਪੈਂਦਾ ਹੈ। ਆਪਣੇ ਆਪ ਨੂੰ ਦੂਜਿਆਂ ਤੋਂ ਸ੍ਰੇਸ਼ਟ ਸਮਝਣਾ ਹੀ ਵਿਅਕਤੀ ਦੀ ਹਉਮੈ ਦਾ ਪ੍ਰਤੀਕ ਹੈ।

ਸਮਾਜ ਵਿਚ ਵਿਅਕਤੀ ਸੇਵਾ ਕਰਦਾ ਹੈ, ਭਾਵ ਦੂਜਿਆਂ ਦੀ ਭਲਾਈ ਕਰਦਾ ਹੈ। ਅਜਿਹਾ ਕਰਦੇ ਮਨ ਵਿਚ ਇਹ ਵਿਚਾਰ ਉਤਪੰਨ ਹੋ ਜਾਵੇ ਕਿ ਮੈਂ ਦੂਜਿਆਂ ਤੋਂ ਵਧੇਰੇ ਸੇਵਾ ਅਤੇ ਪਰਉਪਕਾਰ ਦੇ ਕੰਮ ਕੀਤੇ ਹਨ ਤਾਂ ਸਮਝੋ ਹਉਮੈ ਨੇ ਡੇਰਾ ਪਾ ਲਿਆ। ਭਗਤੀ ਕਰਦਿਆਂ ਮਨ ਵਿਚ ਇਹ ਖਿਆਲ ਆ ਜਾਵੇ ਕਿ ਮੈਂ ਦੂਜਿਆਂ ਤੋਂ ਵਧੇਰੇ ਭਗਤੀ ਕੀਤੀ ਹੈ, ਤਾਂ ਇਸਦਾ ਭਾਵ ਹਉਮੈ ਬੋਲ ਰਹੀ ਹੈ। ਬੁੱਧੀ ਦੀ ਵਰਤੋਂ ਕਰਦਿਆਂ ਕੋਈ ਚੀਜ਼ ਖੋਜ ਲਈ ਜਾਂ ਕਿਸੇ ਤਕਨੀਕ ਵਿਚ ਵਧੇਰੇ ਮੁਹਾਰਤ ਹਾਸਲ ਕਰਕੇ ਇਹ ਜਿਤਾਉਣ ਦੀ ਕੋਸ਼ਿਸ਼ ਕੀਤੀ ਤਾਂ ਸਮਝੋ ਹਉਮੈ ਨੇ ਪ੍ਰਭਾਵ ਪਾ ਲਿਆ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਦੋਂ ਤੱਕ ਹਉਮੈ ਪ੍ਰਗਟ ਹੁੰਦੀ ਹੈ, ਪਰਮਾਤਮਾ ਦੀ ਪ੍ਰਾਪਤੀ ਅਸੰਭਵ ਹੈ। ਜਦੋਂ ਹਉਮੈ ਚਲੀ ਜਾਂਦੀ ਹੈ ਤਾਂ ਪ੍ਰਭੂ-ਪ੍ਰੀਤ ਦਾ ਦਰ ਖੁਲ੍ਹ ਜਾਂਦਾ ਹੈ :

ਹਉਮੈ ਜਾਈ ਤਾਂ ਕੰਮ ਸਮਾਈ ।। (ਪੰਨਾ 750)

ਵਿਅਕਤੀ ਸਮਾਜ ਵਿਚ ਰਹਿੰਦਾ ਹੋਇਆ ਗੁਰੂ ਦੇ ਦਰਸਾਏ ਮਾਰਗ ਤੇ ਚਲਦਾ ਹੈ, ਸੰਗਤ, ਲੰਗਰ, ਸੇਵਾ ਦੀ ਪ੍ਰਥਾ ਨੂੰ ਅਪਣਾਉਂਦਾ ਹੈ, ਪਰ ਮਨ ਵਿਚ ਨਿਮਰਤਾ ਨਹੀਂ ਆਈ ਤਾਂ ਅਜਿਹੇ ਮਨੁੱਖ ਦੀ ਤੁਲਨਾ ਉਸ ਬਾਂਸ ਨਾਲ ਕੀਤੀ ਜਾ ਸਕਦੀ ਹੈ ਜੋ ਚੰਦਨ ਦੇ ਕੋਲ ਵਸਦਾ ਹੈ ਪਰ ਉਸ ਵਿਚ ਸੁਗੰਧੀ ਉਤਪੰਨ ਨਹੀਂ ਹੁੰਦੀ। ਅਜਿਹਾ ਕਿਉਂ ਹੁੰਦਾ ਹੈ? ਹਉਮੈ ਕਿਥੋਂ ਉਤਪੰਨ ਹੁੰਦੀ ਹੈ? ਇਸਤੇ ਕਾਬੂ ਕਿਵੇਂ ਪਾਇਆ ਜਾ ਸਕਦਾ ਹੈ? ਇਹਨਾਂ ਪ੍ਰਸ਼ਨਾਂ ਦੀ ਵਿਸਤਾਰ ਪੂਰਵਕ ਚਰਚਾ ਗੁਰਬਾਣੀ ਵਿਚ ਕੀਤੀ ਗਈ ਹੈ। ਇਥੇ ਕੇਵਲ ਇੰਨਾ ਜਾਣ ਲੈਣਾ ਹੀ ਕਾਫੀ ਹੈ ਕਿ ਹਉਮੈ ਦੀ ਉਤਪਤੀ ਪਰਮਾਤਮਾ ਤੋਂ ਮੰਨੀ ਗਈ ਹੈ ਅਤੇ ਇਸ ਤੇ ਕਾਬੂ ਪਾਉਣ ਵਾਲੇ ਨਾਮ ਦੀ ਅਣਹੋਂਦ ਕਾਰਨ ਮਨੁੱਖ ਦੁਖੀ ਹੁੰਦਾ ਹੈ। ਨਾਮ ਸਿਮਰਨ ਤੋਂ ਬਗੈਰ ਜਿਨੇ ਮਰਜ਼ੀ ਤੀਰਥ ਇਸ਼ਨਾਨ ਕਰ ਲਏ ਜਾਣ, ਵਰਤ ਰੱਖ ਲਏ ਜਾਣ, ਯਾਤਰਾਵਾਂ ਕਰ ਲਈਆਂ ਜਾਣ, ਸਭ ਵਿਅਰਥ ਹਨ ਇਹਨਾਂ ਦਿਖਾਵਿਆਂ ਨਾਲ ਮਨ ਵਿਚ ਹਉਮੈ ਪੈਦਾ ਹੁੰਦੀ ਹੈ, ਪਰਮਾਤਮਾ ਦੀ ਸੋਝੀ ਨਹੀਂ ਪੈਂਦੀ, ਜਿਵੇਂ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ :

ਤੀਰਥ ਬਰਤ ਅਰੁ ਦਾਨ ਕਰਿ ਮਨ ਮੈਂ ਧਰੈ ਗੁਮਾਨੁ ।।

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ।। (ਪੰਨਾ 1428)

ਸਮਾਜ ਵਿਚ ਰਹਿੰਦੇ ਪ੍ਰਭੂ ਦੁਆਰਾ ਉਪਜੀ ਹਉਮੈ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਸ ਤੋਂ ਦੂਰ ਭੱਜਿਆ ਜਾ ਸਕਦਾ ਹੈ, ਪਰ ਇਸਤੇ ਕਾਬੂ ਪਾ ਕੇ ਇਸਨੂੰ ਸਹੀ ਦਿਸ਼ਾ ਵੱਲ ਲਾਇਆ ਜਾ ਸਕਦਾ ਹੈ। ਵਿਅਕਤੀ ਦੂਜਿਆ ਤੇ ਕਬਜਾ ਕਰਨ ਦੀ ਬਿਰਤੀ ਨੂੰ ਛੱਡਦੇ ਹੋਏ ਸਵੈਮਾਨ ਦੀ ਰਾਖੀ ਤੇ ਲੋਕ ਭਲਾਈ ਲਈ ਜੀਵਨ ਉਦੇਸ਼ ਨਿਰਧਾਰਤ ਕਰਕੇ ਆਪਣੀ ਹਉਮੈ ਨੂੰ ਨਿਮਰਤਾ ਸਹਿਤ ਸਮਾਜ ਸੁਧਾਰ ਵੱਲ ਲਾ ਕੇ ਅਧਿਆਤਮਕ ਵਿਕਾਸ ਵਿਚ ਯੋਗਦਾਨ ਪਾ ਸਕਦਾ ਹੈ।

### 1.2.8 ਵਿਕਾਰਾਂ ਤੇ ਕਾਬੂ ਪਾਉਣ ਦੇ ਸਾਧਨ :

ਵਿਕਾਰ ਮਨੁੱਖ ਦੇ ਅਧਿਆਤਮਕ ਵਿਕਾਸ ਵਿਚ ਰੁਕਾਵਟਾਂ ਹਨ। ਇਹਨਾਂ ਵਿਕਾਰਾਂ ਨੂੰ ਜੇਕਰ ਸਹੀ ਦਿਸ਼ਾ ਪ੍ਰਦਾਨ ਕੀਤੀ ਜਾਵੇ ਤਾਂ ਇਹ ਉਸਾਰੂ ਦਿਸ਼ਾ ਵੱਲ ਲਿਜਾਣ ਵਿਚ ਸਹਾਇਤਾ ਕਰਦੇ ਹਨ। ਇਹਨਾਂ ਵਿਕਾਰਾਂ ਨੂੰ ਕਾਬੂ ਕਰਨ ਅਤੇ ਇਹਨਾਂ ਤੋਂ ਮੁਕਤ ਹੋਣ ਦੇ ਜੋ ਪ੍ਰਮੁੱਖ ਸਾਧਨ ਗੁਰਬਾਣੀ ਵਿਚ ਦਰਸਾਏ ਗਏ ਹਨ, ਉਹਨਾਂ ਦਾ ਸੰਖੇਪ ਵਰਣਨ ਇਥੇ ਕੀਤਾ ਜਾ ਰਿਹਾ ਹੈ।

### (1) ਪ੍ਰਭੂ ਦਾ ਨਾਮ ਸਿਰਮਨ :

ਇਹ ਇਕ ਐਸੀ ਜੁਗਤ ਹੈ ਜਿਸ ਨਾਲ ਮਨ ਦੀ ਮੈਲ ਸਾਫ ਹੁੰਦੀ ਹੈ ਜਿਵੇਂ 'ਜਪੁ' ਬਾਣੀ ਵਿਚ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜੇਕਰ ਕੱਪੜੇ ਨੂੰ ਮੈਲ ਲੱਗ ਜਾਵੇ ਤਾਂ ਉਹ ਸਾਬਣ ਨਾਲ ਧੋਤੀ ਜਾਂਦੀ ਹੈ, ਇਸੇ ਤਰ੍ਹਾਂ ਜੇਕਰ ਮਨ ਨੂੰ ਮੈਲ ਲੱਗੀ ਹੋਵੇ ਤਾਂ ਨਾਮ ਸਿਮਰਨ ਦੀ ਲੋੜ ਪੈਂਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਦੀ ਦੇਹੀ ਵਿਚ ਵਿਦਮਾਨ ਵਿਕਾਰਾਂ ਤੋਂ ਭਗਤ ਜਨ ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਛੁਟਕਾਰਾ ਪਾ ਲੈਂਦੇ ਹਨ :

- ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ।।
  ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ।। (ਪੰਨਾ 388)
- ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ।।
  ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ।। (ਪੰਨਾ 519)

ਵਿਕਾਰ ਮਨੁੱਖ ਦੇ ਮਨ ਵਿਚ ਔਗੁਣ ਪੈਦਾ ਕਰਦੇ ਹਨ ਅਤੇ ਵਿਅਕਤੀ ਨੂੰ ਗੁਣਹੀਣ ਕਰ ਦਿੰਦੇ ਹਨ ਗੁਣਾਂ ਨੂੰ ਪੁਨਰ-ਸੁਰਜੀਤ ਅਤੇ ਉਜਾਗਰ ਕਰ ਲਈ ਕਿਸੇ ਸਹਾਰੇ ਦੀ ਲੋੜ ਪੈਂਦੀ ਹੈ। ਜਿਵੇਂ ਖੂਹ ਵਿਚੋਂ ਪਾਣੀ ਕੱਢਣ ਲਈ ਬਾਲਟੀ ਦੀ ਲੋੜ ਪੈਂਦੀ ਹੈ। ਉਸੇ ਤਰ੍ਹਾਂ ਗੁਣਾਂ ਨੂੰ ਮਨ ਵਿਚ ਵਸਾਉਣ ਲਈ ਪਰਮਾਤਮਾ ਦੇ ਨਾਮ ਦੀ ਜ਼ਰੂਰਤ ਹੈ। ਨਾਮ ਸਿਮਰਨ ਰੂਪੀ ਅੰਮ੍ਰਿਤ ਜਲ ਦੀ ਸ਼ਕਤੀ ਨਾਲ ਪੰਜ ਵਿਕਾਰਾਂ ਨੂੰ ਮਨ ਵਿਚ ਕਾਬੂ ਕਰਕੇ ਉਹਨਾਂ ਦੀ ਥਾਂ ਪੰਜ ਗੁਣਾਂ ਨੂੰ ਉਜਾਗਰ ਕਰਨ ਦਾ ਮਾਰਗ ਦਰਸਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ ।।
ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ।। (ਪੰਨਾ 437)

ਪ੍ਰਭੂ ਦਾ ਨਾਮ ਸਿਮਰਨ ਕਰਦੇ ਹੋਏ ਜੇਕਰ ਉਸਦੀ ਬਖਸ਼ਿਸ਼ ਹੋ ਜਾਵੇ ਤਾਂ ਵਿਕਾਰ ਮਨੁੱਖ ਦਾ ਕੁਝ ਨਹੀਂ ਵਿਗਾੜ ਸਕਦੇ ਅਤੇ ਆਪਣੇ ਆਪ ਗੁਣੀ ਸ਼ਕਤੀਆਂ ਦੇ ਅਧੀਨ ਆ ਜਾਂਦੇ ਹਨ।

### (2) ਗੁਰੂ :

ਜਿਸ ਵਿਅਕਤੀ ਨੇ ਪਰਮਾਤਮਾ ਨੂੰ ਜਾਣ ਲਿਆ ਹੈ ਗੁਰਬਾਣੀ ਵਿਚ ਉਸਨੂੰ ਗੁਰੂ ਕਿਹਾ ਗਿਆ ਹੈ ਅਤੇ ਅਜਿਹੇ ਸਤਿਗੁਰੂ ਦੀ ਅਗਵਾਈ ਵਿਚ ਮਨੁੱਖ ਇਸ ਭਵਸਾਗਰ ਨੂੰ ਪਾਰ ਕਰਨ ਦੇ ਸਮਰੱਥ ਹੋ ਸਕਦਾ ਹੈ। ਗੁਰੂ ਨੂੰ ਸਭ ਤੋਂ ਵੱਡਾ ਤੀਰਥ ਮੰਨਦੇ ਹੋਏ ਉਸਦੀ ਸ਼ਰਨ ਵਿਚ ਜਾਣ ਅਤੇ ਉਸ ਅੱਗੇ ਆਤਮ ਸਮਰਪਣ ਕਰਨ ਵਿਚ ਹੀ ਸਭ ਸੁੱਖਾਂ ਦੀ ਪ੍ਰਾਪਤੀ ਦਾ ਖਜ਼ਾਨਾ ਲੱਭਿਆ ਜਾ ਸਕਦਾ ਹੈ। ਸਤਿਗੁਰੂ ਨੂੰ ਅੰਮ੍ਰਿਤ ਸਰੋਵਰ ਮੰਨ ਕੇ ਸਭ ਤਰ੍ਹਾਂ ਦਾ ਮੈਲ

ਸਾਫ ਕਰਨ ਦਾ ਸਾਧਨ ਮੰਨਿਆ ਗਿਆ ਹੈ। ਸਤਿਗੁਰੂ ਦਾ ਉਪਦੇਸ਼ ਅਜਿਹਾ ਸਰੋਵਰ ਮੰਨਿਆ ਗਿਆ ਹੈ ਜਿਥੇ ਵਿਕਾਰ ਰੂਪੀ ਕਊਏ ਹੰਸ ਰੂਪੀ ਸਦਗੁਣਾਂ ਵਿਚ ਤਬਦੀਲ ਹੋ ਜਾਂਦੇ ਹਨ। ਗੁਰੂ ਦੀ ਕ੍ਰਿਪਾ ਨਾਲ ਹੀ ਵਿਅਕਤੀ ਪਰਮਾਤਮਾ ਦੀ ਦਰਗਾਹ ਵਿਚ ਉਜਲਾ ਮੂੰਹ ਲੈ ਕੇ ਜਾ ਸਕਦਾ ਹੈ ਅਤੇ ਸਮੂਹ ਵਿਕਾਰਾਂ ਤੇ ਕਾਬੂ ਪਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਸਮਝਾਉਂਦੇ ਹੋਏ ਕਹਿੰਦੇ ਹਨ :

ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ।।
ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ।। (ਪੰਨਾ 46)

ਗੁਰੂ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਗਿਆਨ ਦੇ ਚਾਨਣ ਵਿਚ ਲਿਆਉਣ ਦਾ ਸਾਧਨ ਮੰਨਿਆ ਗਿਆ ਹੈ। ਜੋਗੀਆਂ ਨੇ ਗੁਰੂ ਨੂੰ ਕੁੰਡਲਨੀ ਜਾਗ੍ਰਿਤ ਕਰਨ ਦਾ ਮਾਧਿਅਮ ਮੰਨਿਆ ਅਤੇ ਇਹ ਕਿਹਾ ਕਿ ਸਰੀਰ ਵਿਚਲੀਆਂ ਤਿੰਨ ਪ੍ਰਮੁੱਖ ਨਾੜੀਆਂ - ਇੜਾ, ਪਿੰਗੁਲਾ ਅਤੇ ਸੁਖਮਨਾ - ਇਕਾਂਤ ਵਿਚ ਗੁਰੂ ਦੇ ਮਾਰਗ ਦਰਸ਼ਨ ਰਾਹੀਂ ਜਾਗ੍ਰਿਤ ਹੋ ਸਕਦੀਆਂ ਹਨ ਅਤੇ ਇਹ ਜੋਗੀਆਂ ਦਾ ਜੀਵਨ ਉਦੇਸ਼ ਸੀ। ਪਰ ਸਿੱਖ ਧਰਮ ਜੋਗੀਆਂ ਵਾਂਗ ਸੰਸਾਰ ਛੱਡਣ ਦਾ ਮੁਦਈ ਨਹੀਂ ਅਤੇ ਗ੍ਰਹਿਸਤ ਦੀ ਪ੍ਰਮੁੱਖਤਾ ਨੂੰ ਉਜਾਗਰ ਕਰਦਾ ਹੋਇਆ ਸੰਸਾਰ ਦੇ ਸਮੂਹ ਵਿਕਾਰਾਂ ਅਤੇ ਦੁਖਾਂ ਦੀ ਨਵਿਰਤੀ ਦਾ ਸਾਧਨ ਗੁਰੂ ਨੂੰ ਮੰਨਦਾ ਹੈ ਜਿਸ ਦੇ ਮਾਰਗ ਦਰਸ਼ ਵਿਚ ਵਿਅਕਤੀ ਨੂੰ ਵਿਕਾਰਾਂ ਤੋਂ ਮੁਕਤੀ ਦੇ ਨਾਲ-ਨਾਲ ਉਸ ਦੀਆਂ ਸਮੂਹ ਇਛਾਵਾਂ ਵੀ ਪੂਰੀਆਂ ਹੁੰਦੀਆਂ ਹਨ, ਜਿਵੇਂ ਕਿ ਗੁਰੂ ਅਰਜਨ ਦੇਵ ਜੀ ਦਸਦੇ ਹਨ :

ਕਾਮੁ, ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ।। (ਪੰਨਾ 108)

## (3) ਸਤਿਸੰਗਤ :

ਸਤਿਸੰਗਤ ਅਜਿਹਾ ਸਥਾਨ ਹੈ ਜਿਥੇ ਮਨੁੱਖ ਦੇ ਔਗੁਣਾਂ ਨੂੰ ਮਨ ਵਿਚੋਂ ਬਾਹਰ ਕੱਢਣਾ ਅਤੇ ਗੁਣਾਂ ਨੂੰ ਧਾਰਨ ਕਰਨਾ ਹੈ। ਗੁਰੂ ਰਾਮਦਾਸ ਜੀ ਨੇ ਸਤਿਸੰਗਤ ਨੂੰ ਸਤਿਗੁਰੂ ਦਾ ਸਥਾਨ ਮੰਨਦੇ ਹੋਏ ਕਿਹਾ ਹੈ ਕਿ ਇਥੇ ਪ੍ਰਭੂ ਪ੍ਰਾਪਤੀ ਵਾਲੇ ਗੁਣ ਪੈਦਾ ਕਰਨੇ ਸਿਖਾਏ ਜਾਂਦੇ ਹਨ :

ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ।। (ਪੰਨਾ 1316)

ਸਤਿਸੰਗਤ ਮਨੁੱਖ ਦੇ ਸੰਸਾਰਕ ਅਤੇ ਅਧਿਆਤਮਕ ਗਿਆਨ ਹਾਸਲ ਕਰਨ ਦਾ ਸਥਾਨ ਹੈ। ਸੰਸਾਰਕ ਗਿਆਨ ਹਾਸਲ ਕਰਨ ਲਈ ਸੁਣਨ, ਮੰਨਣ ਅਤੇ ਵਿਚਾਰ ਦੀ ਜ਼ਰੂਰਤ ਪੈਂਦੀ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਪਰਮਾਤਮਾ ਨੇ ਮਨੁੱਖ ਨੂੰ ਸੁਣਨ ਲਈ ਕੰਨ ਦਿੱਤੇ ਹਨ ਅਤੇ ਇਹਨਾਂ ਰਾਹੀਂ ਸੱਚ ਦੇ ਗਿਆਨ ਵਾਲੀ ਬਾਣੀ ਸੁਣਨੀ ਚਾਹੀਦੀ ਹੈ ਜਿਸ ਨਾਲ ਤਨ ਅਤੇ ਮਨ ਵਿਚ ਅਨੰਦ ਅਤੇ ਖੇੜਾ ਪੈਦਾ ਹੁੰਦਾ ਹੈ ਅਤੇ ਬੁੱਧੀ ਵਿਚ ਰਤਨ ਜਵਾਹਰ ਮਾਣਿਕ ਰੂਪੀ ਗੁਣ ਪ੍ਰਗਟ ਹੁੰਦੇ ਹਨ, ਕਹਿਣ ਦਾ ਭਾਵ ਕਿ ਸਮਾਜ ਦੇ ਉਚ ਇਖਲਾਕੀ ਗੁਣਾਂ ਦਾ ਸੰਚਾਰ ਹੁੰਦਾ ਹੈ। ਇਸ ਤਰ੍ਹਾਂ ਮੰਨਣ ਸੰਬੰਧੀ 'ਜਪੁਜੀ' ਵਿਚ ਜਿਨ੍ਹਾਂ ਪਉੜੀਆਂ ਦਾ ਜ਼ਿਕਰ ਆਇਆ ਹੈ। ਇਹ ਪਉੜੀਆਂ ਵਿਅਕਤੀ ਦੁਆਰਾ ਗੁਰੂ ਦੀ ਸਿੱਖਿਆ ਤੇ ਅਮਲ ਕਰਨ ਦੀ ਸਿਖਿਆ ਦਿੰਦੀਆਂ ਹਨ। ਗੁਰੂ ਦੀ ਸਿੱਖਿਆ ਤੇ ਅਮਲ ਕਰਨ ਨਾਲ ਮਨੁੱਖ ਦਾ ਆਪਣਾ ਮਨ ਅਤੇ ਉਸਦਾ ਆਲਾ-ਦੁਆਲਾ ਪ੍ਰਭਾਵਤ ਹੁੰਦਾ ਹੈ। ਮਨੁੱਖ ਦੇ ਮਨ ਵਿਚ ਨੈਤਿਕ ਗੁਣਾਂ ਦਾ ਸੰਚਾਰ ਹੁੰਦਾ ਹੈ। ਜਿਸ ਨਾਲ ਵਿਕਾਰ ਤੋਂ ਉਪਰ ਉਠਣ ਵਿਚ ਸਹਾਇਤਾ ਮਿਲਦੀ ਹੈ। ਸਤਿਸੰਗਤ ਵਿਚ ਆ ਕੇ ਸੁਣਨ ਅਤੇ ਮੰਨਣ ਦੇ ਨਾਲ-ਨਾਲ ਵਿਚਾਰ ਦੀ ਵੀ ਸਿੱਖਿਆ ਦਿੱਤੀ ਗਈ। ਵਿਚਾਰ ਨਾਲ ਗੁਰੂ ਦੀਆਂ ਕਹੀਆਂ ਹੋਈਆਂ ਗੁਝੀਆਂ ਗੱਲਾਂ ਦੇ ਭੇਦ ਖੋਲਣ ਅਤੇ ਸਮਝਣ ਵਿਚ ਸਹਾਇਤਾ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸ਼ਬਦ ਦੀ ਵੀਚਾਰ ਨਾਲ ਦੁਰਮਤ ਦੂਰ ਹੁੰਦੀ ਹੈ ਅਤੇ ਗੁਰੂ ਦੇ ਦੱਸੇ ਹੋਏ ਮਾਰਗ ਤੇ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਖੁਲਦਾ ਹੈ :

ਸਬਦੁ ਬੀਚਾਰਿ ਭਏ ਨਿਰੰਕਾਰੀ ।।
ਗੁਰਮਤਿ ਜਾਗੇ ਦੁਰਮਤਿ ਪਰਹਾਰੀ ।। (ਪੰਨਾ 904)

ਸਤਿਸੰਗਤ ਵਿਚ ਹਉਮੈ ਰੂਪੀ ਰੋਗ ਤੇ ਕਾਬੂ ਪਾਇਆ ਜਾ ਸਕਦਾ ਹੈ ਅਤੇ ਨਿਮਰਤਾ ਰੂਪੀ ਗਿਆਨ ਧਾਰਨ ਕਰਨ

ਦਾ ਮਾਰਗ ਖੁਲਦਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ :

ਸਾਧ ਕੈ ਸੰਗਿ ਮਿਟੈ ਅਭਿਆਨੁ ।। ਸਾਧ ਕੈ ਸੰਗਿ ਪ੍ਰਗਟੈ ਸੁਗਿਆਨ ।। (ਪੰਨਾ 271)

ਸਤਿਸੰਗਤ ਇਕ ਅਜਿਹਾ ਸਥਾਨ ਹੈ ਜਿਥੇ ਸਭ ਵਿਕਾਰ ਰੂਪੀ ਔਗੁਣਾਂ ਤੋਂ ਮੁਕਤੀ ਮਿਲਦੀ ਹੈ ਅਤੇ ਪਰਮਾਤਮਾ ਦੇ ਮਾਰਗ ਵੱਲ ਲਿਜਾਣ ਵਾਲੇ ਗੁਣਾਂ ਨੂੰ ਧਾਰਨ ਕਰਨ ਦਾ ਮੌਕਾ ਮਿਲਦਾ ਹੈ। ਦਰਅਸਲ ਸਤਿਸੰਗਤ ਇਕ ਅਜਿਹੀ ਪ੍ਰਯੋਗਸ਼ਾਲਾ ਹੈ ਜਿਥੇ ਮਨੁੱਖੀ ਗੁਣਾਂ ਦਾ ਸੰਚਾਰ ਹੁੰਦਾ ਹੈ ਅਤੇ ਇਹਨਾਂ ਸੰਚਾਰਿਤ ਹੋਏ ਗੁਣਾਂ ਨੂੰ ਸਮਾਜ ਵਿਚ ਅਮਲੀ ਪੱਧਰ ਤੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਤਾਂ ਕਿ ਸਮਾਜ ਵਿਚ ਗੁਣਾਂ ਦਾ ਵਿਕਾਸ ਅਤੇ ਔਗੁਣਾਂ ਦਾ ਵਿਕਾਸ ਹੋ ਸਕੇ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਤਿਸੰਗਤ ਵਿਚ ਔਗੁਣਾਂ ਨੂੰ ਦੂਰ ਕਰਕੇ ਗੁਣਾਂ ਨੂੰ ਅਪਨਾਉਣ ਦਾ ਮੌਕਾ ਮਿਲਦਾ ਹੈ :

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ।।
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ ।। (ਪੰਨਾ 379)

### 1.2.9 ਸਿੱਟਾ

ਇਸ ਤਰ੍ਹਾਂ ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਮਨੁੱਖ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲ ਕੇ ਸਚਿਆਰ ਰੂਪ ਧਾਰਨ ਕਰਦਾ ਹੋਇਆ ਆਪਣੇ ਪਰਮ ਉਦੇਸ਼ ਸੱਚ ਨੂੰ ਪ੍ਰਾਪਤ ਕਰਦਾ ਹੈ। ਸੱਚ ਦੇ ਮਾਰਗ ਵਿਚ ਆਈਆਂ ਵਿਕਾਰ ਰੂਪੀ ਔਕੜਾਂ ਨੂੰ ਦੂਰ ਕਰਦੇ ਹੋਏ ਵਿਅਕਤੀ ਇਹਨਾਂ ਦੀ ਸਹੀ ਦਿਸ਼ਾ ਨਿਰਧਾਰਤ ਕਰਕੇ ਇਹਨਾਂ ਨੂੰ ਗੁਣਾਂ ਵਿਚ ਤਬਦੀਲ ਕਰਦਾ ਹੈ। ਇਥੇ ਇਸ ਵਿਚਾਰ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਜਿਵੇਂ ਇਕ ਵਿਅਕਤੀ ਨੇ ਆਪਣੇ ਘਰ ਜਾਣ ਲਈ ਇਕ ਜੰਗਲ ਵਿਚੋਂ ਲੰਘਣਾ ਹੈ। ਜੰਗਲ ਵਿਚੋਂ ਲੰਘਦੇ ਹੋਏ ਜੋ ਔਕੜਾਂ ਆਉਂਦੀਆਂ ਹਨ ਉਹਨਾਂ ਔਕੜਾਂ ਨੂੰ ਪਾਰ ਕਰਦਾ ਹੋਇਆ ਵਿਅਕਤੀ ਆਪਣਾ ਉਦੇਸ਼ ਹਾਸਲ ਕਰਦਾ ਹੈ। ਇਸੇ ਤਰ੍ਹਾਂ ਹਰ ਮਨੁੱਖ ਨੇ ਸਮਾਜ ਵਿਚ ਸੰਘਰਸ਼ ਕਰਦੇ ਹੋਏ ਸਚਿਆਰਾ ਪਦ ਪ੍ਰਾਪਤ ਕਰਨਾ ਹੈ ਅਤੇ ਪ੍ਰਭੂ ਪ੍ਰਾਪਤੀ ਦਾ ਮਨੁੱਖੀ ਜੀਵਨ ਉਦੇਸ਼ ਹਾਸਲ ਕਰਨਾ ਹੈ।

## ਸਦਗੁਣ (Virtues)

1.3.1 ਉਦੇਸ਼

1.3.2 ਭੂਮਿਕਾ

1.3.3 ਸਿੱਖਮੱਤ ਵਿਚ ਸਾਧਾਰਣ ਸਦਗੁਣ

- 1.3.3.1 ਸਿਆਣਪ
- 1.3.3.2 ਸੱਚਸ਼ੀਲਤਾ
- 1.3.3.3 ਨਿਆ
- 1.3.3.4 ਸੰਜਮ
- 1.3.3.5 ਸਾਹਸ
- 1.3.3.6 ਨਿਮਰਤਾ
- 1.3.3.7 ਸੰਤੋਖ

1.3.4 ਸਾਰ

1.3.5 ਪ੍ਰਸ਼ਨ

### 1.3.1 ਉਦੇਸ਼

ਪਾਠ ਦਾ ਉਦੇਸ਼ ਸਿੱਖ ਮਤ ਅਨੁਸਾਰ ਪ੍ਰਮੁੱਖ ਸਦਗੁਣਾ ਦਾ ਵੇਰਵਾ ਦਿੰਦੇ ਹੋਏ ਮਨੁੱਖੀ ਵਿਹਾਰ ਵਿੱਚ ਇਹਨਾਂ ਦੀ ਮਹੱਤਤਾ ਦਰਸਾਉਣਾ ਹੈ।

### 1.3.2 ਭੂਮਿਕਾ

ਮਨੁੱਖ ਦੇ ਚਰਿੱਤਰ ਦੇ ਸ਼ੁਭ ਗੁਣ ਨੂੰ 'ਸਦਗੁਣ' ਕਹਿੰਦੇ ਹਨ। ਅੰਗਰੇਜ਼ੀ ਸ਼ਬਦ 'Vitrue' (ਸਦਗੁਣ) ਗ੍ਰੀਕ ਭਾਸ਼ਾ ਦੇ ਜਿਸ ਸ਼ਬਦ ਵਿਚੋਂ ਨਿਕਲਿਆ ਹੈ ਉਸਦਾ ਅਰਥ ਹੈ 'ਪੁਰਸ਼ਤਾ' ਜਾਂ 'ਵੀਰਤਾ'। ਇਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਸਦਗੁਣ ਦਾ ਮਨੁੱਖ ਦੀ ਵੀਰਤਾ ਨਾਲ ਕੀ ਸੰਬੰਧ ਹੋ ਸਕਦਾ ਹੈ। ਦਰਅਸਲ ਪ੍ਰਾਚੀਨ ਕਾਲ ਵਿਚ ਚੰਗਾ ਵਿਅਕਤੀ ਉਸ ਨੂੰ ਹੀ ਮੰਨਦੇ ਸਨ ਜੋ ਬਹਾਦਰ ਹੁੰਦਾ ਸੀ ਭਾਵ ਜਿਸ ਅੰਦਰ ਵੀਰਤਾ ਦਾ ਗੁਣ ਪਾਇਆ ਜਾਂਦਾ ਸੀ। 'ਪੁਰਸ਼ਤਾ' ਮਨੁੱਖ ਦਾ ਗੁਣ ਹੋਣਾ ਚਾਹੀਦਾ ਹੈ ਕਿਉਂਕਿ ਇਸ ਵਿਚ ਸ਼ਕਤੀ ਦਾ ਭਾਵ ਹੈ। ਕਿਸੇ ਵੀ ਵਸਤੂ ਜਾਂ ਵਿਅਕਤੀ ਦੇ ਵਿਸ਼ੇਸ਼ ਗੁਣ ਨੂੰ ਸਦਗੁਣ ਕਿਹਾ ਜਾਂਦਾ ਹੈ। ਨੀਤੀ ਸ਼ਾਸਤਰ ਵਿਚ ਸਦਗੁਣ ਦਾ ਸਬੰਧ ਮਨੁੱਖ ਦੇ ਅੰਦਰੂਨੀ ਜੀਵਨ ਨਾਲ ਹੋਣਾ ਚਾਹੀਦਾ ਹੈ ਕਿਉਂਕਿ ਗੁਣਾਂ ਦਾ ਸੰਬੰਧ ਚਰਿੱਤਰ ਨਾਲ ਹੁੰਦਾ ਹੈ। ਇੰਜ ਸਦਗੁਣ ਵਿਅਕਤੀ ਦੇ ਅੰਦਰੂਨੀ ਜੀਵਨ ਦੀ ਉਚਾਈ ਹੈ। ਸਦਗੁਣ ਸ਼ੁਭ ਕੰਮਾਂ ਨੂੰ ਕਰਨ ਦੀ ਪ੍ਰਵਿਰਤੀ ਵਿਚ ਪ੍ਰਗਟ ਹੁੰਦੇ ਹਨ : "ਸਦਗੁਣ ਸ਼ੁਭ ਚਰਿੱਤਰ ਦਾ ਖਾਸ ਗੁਣ ਅਤੇ ਹਮੇਸ਼ਾਂ ਸ਼ੁਭ ਕੰਮ ਦੀ ਪ੍ਰਵਿਰਤੀ ਹੈ।"

ਸਦਗੁਣ ਵਿਅਕਤੀ ਦੇ ਜੀਵਨ ਦੀ ਸਾਧਨਾ ਦਾ ਫਲ ਹੈ। ਮਨੁੱਖ ਦੁਆਰਾ ਕੀਤਾ ਗਿਆ ਹਰੇਕ ਨਿਰਣਾ, ਇੱਛਾ ਅਤੇ ਕਾਰਜ

ਵਿਅਕਤੀ ਦੇ ਚਰਿੱਤਰ ਉਪਰ ਆਪਣਾ ਸ਼ੁਭ ਜਾਂ ਅਸ਼ੁਭ ਪ੍ਰਭਾਵ ਛੱਡ ਜਾਂਦਾ ਹੈ ਅਤੇ ਇਹ ਅੱਗੇ ਚੱਲ ਕੇ ਸੰਸਕਾਰ ਬਣ ਕੇ ਵਿਅਕਤੀ ਦੇ ਅੰਦਰੂਨੀ ਜੀਵਨ ਦਾ ਗੁਣ ਬਣ ਜਾਂਦਾ ਹੈ। ਇੰਜ ਸਦਗੁਣ ਮਨੁੱਖ ਦੀ ਸਮਝ ਅਤੇ ਅਨੁਭਵ ਤੋਂ ਪੈਦਾ ਹੁੰਦਾ ਹੈ। ਇਹ ਸਦਗੁਣ ਉਮਰ ਅਨੁਸਾਰ ਬਦਲਦੇ ਰਹਿੰਦੇ ਹਨ। ਪਹਿਲਾਂ ਬਹਾਦਰ ਉਸ ਨੂੰ ਮੰਨਦੇ ਸੀ ਜੋ ਕਿਸੇ ਦੂਜੇ ਵਿਅਕਤੀ ਦਾ ਖੂਨ ਕਰ ਦਿੰਦਾ ਹੈ। ਅੱਜ ਇਸ ਦੇ ਅਰਥ ਵਧੇਰੇ ਵਿਸ਼ਾਲ ਹੋ ਗਏ ਹਨ। ਅੱਜ ਉਹ ਕਵੀ ਵੀ ਬਹਾਦਰ ਹੈ ਜੋ ਸੱਚ ਨੂੰ ਕਵਿਤਾ ਰਾਹੀਂ ਕਹਿੰਦਾ ਹੈ। ਸਦਗੁਣ ਅੰਦਰੂਨੀ ਹੁੰਦੇ ਹਨ ਜਦੋਂ ਕਿ ਕਰਤੱਵ ਬਾਹਰਲੇ ਹੁੰਦੇ ਹਨ। ਸਦਗੁਣ ਕਰਤੱਵ ਕਰਨ ਦੀ ਆਦਤ ਹੈ। ਸਦਗੁਣ ਕਰਤੱਵ ਨਾਲੋਂ ਵਧੇਰੇ ਕੰਮ ਕਰਨਾ ਹੈ। ਕਰਤੱਵ ਤਾਂ ਅਪਰਿਵਰਤਨਸ਼ੀਲ ਹੁੰਦੇ ਹਨ ਜਦੋਂ ਕਿ ਸਦਗੁਣ ਸਮਾਜਿਕ ਸਥਾਨ, ਪਦ ਅਤੇ ਯੁੱਗ ਆਦਿ ਅਨੁਸਾਰ ਬਦਲਦੇ ਰਹਿੰਦੇ ਹਨ। ਜਿਵੇਂ ਕਿ ਹਿੰਦੂ ਸ਼ਾਸਤਰਾਂ ਵਿਚ ਮਨੁੱਖ ਦੇ ਸਦਗੁਣਾਂ ਵਿਚ ਅਹਿੰਸਾ, ਸੱਚ, ਆਤਮ-ਸੰਜਮ, ਅਮਾਨਤਾ, ਸੰਤੋਖ,

ਦਾਨ, ਦਇਆ ਪ੍ਰੇਮ ਅਤੇ ਭਾਈਚਾਰਾ ਆਦਿ ਸ਼ਾਮਲ ਹਨ। ਯੂਨਾਨੀ ਦਾਰਸ਼ਨਿਕ ਪਲੇਟੋ ਦੇ ਅਨੁਸਾਰ ਬੁੱਧੀ, ਸਾਹਸ, ਸੰਜਮ ਅਤੇ ਨਿਆਂ ਹੀ ਮਨੁੱਖ ਦੇ ਚਾਰ ਸਦਗੁਣ ਹਨ। ਪਰੰਤੂ ਅਰਸਤੂ ਕੇਵਲ ਸੰਜਮ ਨੂੰ ਹੀ ਮਨੁੱਖ ਦਾ ਇਕ ਮਾਤਰ ਸਦਗੁਣ ਮੰਨਦਾ ਹੈ, ਉਹ ਜੀਵਨ ਵਿਚ ਦੋ ਅਤੀਵਾਦੀ ਦੁਰਗੁਣਾਂ ਅਤੇ ਦੁਰਾਚਾਰਾਂ ਦੇ ਵਿਚ ਮੱਧਮਾਨ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਇਹ ਮੱਧਮਾਨ ਮਨੁੱਖ ਦੇ ਸੰਜਮ ਵਿਚ ਹੈ ਜੋ ਉਸ ਦਾ ਸ਼ੁਭ ਗੁਣ ਹੈ।

ਯੂਨਾਨੀ ਦਾਰਸ਼ਨਿਕ ਪੈਥਾਗੋਰਸ ਤੋਂ ਹੀ ਨੈਤਿਕ ਜੀਵਨ ਦਾ ਪ੍ਰਗਟਾਅ ਸਦਗੁਣਾਂ ਦੇ ਅਰਥਾਂ ਵਿਚ ਹੋਣ ਲੱਗਾ। ਦੂਜੇ ਸ਼ਬਦਾਂ ਵਿਚ ਉੱਚੇ ਨੈਤਿਕਤਾ ਵਾਲਾ ਵਿਅਕਤੀ ਆਪਣੇ ਆਪ ਦਾ ਪ੍ਰਗਟਾਵਾ ਸਦਗੁਣਾਂ ਦੇ ਅਰਥਾਂ ਵਿਚ ਕਰਨ ਲੱਗਾ। ਭਾਰਤੀ ਦਰਸ਼ਨ ਦੇ ਅਲੱਗ ਅਲੱਗ ਸਕੂਲਾਂ ਨੇ ਅਜਿਹੇ ਨੈਤਿਕ ਅਰਥ ਦੇ ਪ੍ਰਗਟਾਵੇ ਲਈ ਭਿੰਨ ਭਿੰਨ ਸ਼ਬਦਾਂ ਦਾ ਪ੍ਰਯੋਗ ਕੀਤਾ, ਜਿਵੇਂ ਨਿਆਇ ਵਿਚ ਵਾਤਸਾਈਨਾ ਨੇ ਸ਼ੁਭ ਸ਼ਬਦ ਦਾ ਪ੍ਰਯੋਗ ਕੀਤਾ ਜਦੋਂ ਕਿ ਪਤੰਜਲੀ ਨੇ 'ਯਾਮਾ' ਸ਼ਬਦ ਵਰਤਿਆ। ਜੈਨੀਆਂ ਵਿਚ 'ਪੁੰਨ' ਅਤੇ 'ਧਰਮ' ਸ਼ਬਦ ਸਮਾਨ ਅਰਥ ਦੀ ਅਭਿਵਿਅਕਤੀ ਕਰਦੇ ਹਨ। ਪੁਰਾਤਨ ਭਾਰਤੀ ਸਾਹਿਤ ਵਿਚ ਸ਼ਬਦ 'ਗੁਣਾਂ' ਦਾ ਪ੍ਰਯੋਗ ਚੰਗੇ ਗੁਣਾਂ, ਸਦਗੁਣਾਂ, ਮੈਰਿਟ, ਸ਼੍ਰੇਸ਼ਟਾਵਾਂ ਲਈ ਕੀਤਾ ਗਿਆ ਹੈ। ਅਰਬੀ ਭਾਸ਼ਾ ਤੋਂ ਸ਼ਬਦ 'ਸਿਫਤ ਅਤੇ ਸ਼ੀਲ ਵਰਤੇ ਗਏ ਹਨ। ਬੁੱਧਮੱਤ ਵਿਚ ਇਸ ਦਾ ਸਮਾਨਾਰਥੀ ਸ਼ਬਦ 'ਸਿਲਾ' ਹੈ ਜਿਸ ਦਾ ਭਾਵ ਚੰਗੇ ਵਿਵਹਾਰ ਤੋਂ ਸੀ। ਸਿੱਖ ਧਰਮ ਵਿੱਚ ਸਦਗੁਣ (Virtue) ਦੇ ਬਰਾਬਰ ਅਰਥ ਦੇਣ ਵਾਲੇ ਸ਼ਬਦ 'ਸਿਫਤ' ਅਤੇ 'ਸੀਲ' ਵਰਤੇ ਗਏ ਹਨ। ਏਥੇ ਗੁਣ ਤੋਂ ਭਾਵ ਸਦਗੁਣ ਅਤੇ ਆਤਮ ਦੇ ਚੰਗੇ ਗੁਣਾਂ ਤੋਂ ਹੈ। ਗੁਣ ਦਾ ਵਿਪਰੀਤ ਸਿੱਖ ਧਰਮ ਵਿੱਚ 'ਔਗੁਣ' (ਬੁਰਾ ਗੁਣ) ਹੈ ਅਤੇ ਇਸ ਦਾ ਵਿਰੋਧੀ 'ਵਿਣਗੁਣ' (ਗੁਣ ਦੀ ਗੈਰਹਾਜ਼ਰੀ) ਤੋਂ ਹੈ।

1.3.3 **ਸਿੱਖਮੱਤ ਵਿਚ ਸਾਧਾਰਣ ਸਦਗੁਣ** : ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਗੁਰੂਆਂ ਨੇ ਗੁਣ ਦੀ ਮਹੱਤਤਾ ਬਾਰੇ ਦੱਸਿਆ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, "ਜਿੰਨੀਆਂ ਬਦੀਆਂ ਹਨ, ਸਾਡੀ ਧੌਣ-ਗਰਦਨ ਦੁਆਲੇ ਉਨੀਆਂ ਹੀ ਜੰਜੀਰਾਂ ਹਨ। ਹਰੇਕ ਬਦੀ ਨੂੰ ਸਦਗੁਣ ਨਾਲ ਦੂਰ ਕਰਨਾ ਹੈ, ਸਦਗੁਣ ਹੀ ਸਾਡਾ ਕੇਵਲ ਦੋਸਤ ਹੈ। ਅਗਲੇ ਹੀ ਪੈਰੇ ਵਿਚ ਗੁਰੂ ਨਾਨਕ ਦੇਵ ਦੱਸਦੇ ਹਨ ਕਿ ਤੁਹਾਡੇ ਮਨ ਨੂੰ ਕਿਸਾਨ ਹੋਣਾ ਚਾਹੀਦਾ ਹੈ ਅਤੇ ਸਾਡੇ ਕਰਮਾਂ ਨੂੰ ਸਾਡੀ ਖੇਤੀ ਅਤੇ ਤੁਹਾਡੇ ਸਰੀਰ ਨੂੰ ਖੇਤ ਹੋਣਾ ਚਾਹੀਦਾ ਹੈ ਅਤੇ ਯਤਨ ਨਾਲ ਇਸ ਦੀ ਸਿੰਚਾਈ ਕਰਨੀ ਚਾਹੀਦੀ ਹੈ। ਅਧਿਆਤਮਕ ਸ਼ਬਦ ਬੀਜ ਅਤੇ ਸੰਤੋਖ ਨੂੰ ਸਿਆੜ ਅਤੇ ਨਿਮਰਤਾ ਨੂੰ ਖੇਤ ਦੀ ਵਾੜ ਹੋਣਾ ਚਾਹੀਦਾ ਹੈ। ਜੇ ਤੁਸੀਂ ਪਿਆਰ ਦੇ ਬੀਜ ਬੀਜੋਗੇ ਤਾਂ ਜਦੋਂ ਉਹ ਬੀਜ ਫੁਟੇਗਾ ਉਦੋਂ ਤਦ ਤੁਹਾਡਾ ਘਰ ਕਿਸਮਤ ਵਾਲਾ ਹੋਵੇਗਾ। ਇਸ ਦਾ ਭਾਵ ਹੈ ਕਿ ਗੁਰੂਆਂ ਨੇ ਸਾਨੂੰ ਆਪਣੇ ਅੰਦਰ ਸਦਗੁਣਾਂ ਨੂੰ ਪੈਦਾ ਕਰਨ ਉਪਰ ਜ਼ੋਰ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਇਕ ਜਗ੍ਹਾ ਲਿਖਦੇ ਹਨ ਕਿ ਸਦਗੁਣਾਂ ਤੋਂ ਬਗੈਰ ਉਪਾਸਨਾ (ਭਗਤੀ) ਅਸੰਭਵ ਹੈ। ਗੁਰੂ ਨਾਨਕ ਦੇਵ ਜੀ ਸਦਗੁਣ ਨੂੰ ਅਮੋਲ ਕਹਿੰਦੇ ਹਨ ਜਿਸਨੂੰ ਕਿਸੇ ਦੁਕਾਨ ਤੋਂ ਖਰੀਦਿਆ ਨਹੀਂ ਜਾ ਸਕਦਾ.....। ਇਸ ਦੇ ਬਾਵਜੂਦ ਉਚਿਤ ਵਿਵਹਾਰ ਲਈ ਗੁਣਾਂ ਜਾਂ ਸਦਗੁਣਾਂ ਦੀ ਕੋਈ ਸੂਚੀ ਸਾਨੂੰ ਨਹੀਂ ਮਿਲਦੀ। ਫਿਰ ਵੀ ਕੁਝ ਅਜਿਹੇ ਸਦਗੁਣ ਹਨ ਜਿਹਨਾਂ ਦੇ ਵਧੇਰੇ ਸਮਾਜਿਕ ਅਰਥ-ਸੰਕੇਤ ਹਨ। ਇਸ ਲਈ ਜਿਹੜੇ ਸਦਗੁਣਾਂ ਦਾ ਜ਼ਿਕਰ ਅਸੀਂ ਏਥੇ ਕਰਨ ਜਾ ਰਹੇ ਹਾਂ ਉਹ ਹਨ : ਸਿਆਣਪ, ਸੱਚਾਈ,

ਸੰਜਮ, ਸਾਹਸ, ਨਿਆਂ, ਨਿਮਰਤਾ ਅਤੇ ਸੰਤੋਖ।

1.3.3.1 **ਸਿਆਣਪ** (Wisdom) : ਇਕ ਬੁਨਿਆਦੀ ਸਦਗੁਣ ਹੋਣ ਕਰਕੇ ਸਿਆਣਪ ਸਿੱਖਾਂ ਦੇ ਨੀਤੀ ਸ਼ਾਸਤਰ ਵਿੱਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਇਸ ਲਈ ਦੂਜੇ ਹੋਰ ਸ਼ਬਦ ਜਿਹਨਾਂ ਦਾ ਸਿੱਖੀ ਵਿੱਚ ਪ੍ਰਯੋਗ ਹੋਇਆ ਹੈ ਉਹ ਹਨ ਗਿਆਨ ਅਤੇ ਗਿਆਨੀ। ਇਹਨਾਂ ਤੋਂ ਇਲਾਵਾ ਮੱਤ, ਮਨ, ਬੁੱਧ, ਬਿਬੇਕ ਬੁੱਧ ਸ਼ਬਦ ਸਿਆਣਪ ਦੇ ਆਦਰਸ਼ ਦਾ ਪ੍ਰਗਟਾਵਾ ਕਰਦੇ ਹਨ। ਸਿਆਣਪ ਦੇ ਸਰੂਪ ਅਤੇ ਖੇਤਰ ਨੂੰ ਸਮਝਣ ਲਈ ਇਹਨਾਂ ਪ੍ਰਸ਼ਨਾਂ ਨੂੰ ਜਾਨਣਾ ਜ਼ਰੂਰੀ ਹੈ ਕਿ ਕਿਹੜੇ ਗਿਆਨ ਨੂੰ ਸਿਆਣਪ ਲਈ ਲਿਆ ਜਾਵੇ ਜਾਂ ਕੀ ਅਸੀਂ ਉਸ ਵਿਅਕਤੀ ਨੂੰ ਸਿਆਣਾ ਕਹਿ ਸਕਦੇ ਹਾਂ ਜੋ ਸਿਆਣਪ ਦਾ ਪ੍ਰਯੋਗ ਨਹੀਂ ਕਰਦਾ ਜਾਂ ਜਿਸ ਦੇ ਕਾਰਜਾਂ ਵਿਚ ਸਿਆਣਪ ਦਾ ਲਿਸ਼ਕਾਰਾ ਨਹੀਂ ਪੈਂਦਾ। ਗੁਰੂ ਨਾਨਕ ਦੇਵ ਜੀ ਨੇ 'ਆਦਿ ਗ੍ਰੰਥ' ਵਿਚ ਦਰਜ ਆਪਣੀ ਬਾਣੀ 'ਜਪੁਜੀ' ਵਿਚ ਵਿਸਥਾਰਪੂਰਬਕ ਇਸ ਦੀ ਜਾਂਚ ਕੀਤੀ ਹੈ। ਸਿਆਣਪ ਨੂੰ ਪੈਦਾ ਕਰਨ ਲਈ ਉਹਨਾਂ ਨੇ ਤਿੰਨ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ। ਜੋ ਅੱਗੋਂ ਗਿਆਨ ਦੇ ਵੱਖ ਵੱਖ ਪੱਖ ਹਨ। ਇਹ ਹਨ : ਸੁਣੀਏ, ਮੰਨੀਏ ਅਤੇ ਏਕ ਧਿਆਨ।

ਸਿਆਣਪ ਨੂੰ ਪ੍ਰਾਪਤ ਕਰਨ ਲਈ ਸਭ ਤੋਂ ਪਹਿਲਾਂ 'ਸੁਣੀਏ' ਦੀ ਅਵਸ਼ਕਤਾ ਹੁੰਦੀ ਹੈ। ਜਿਗਿਆਸੂ ਨੂੰ ਕਿਸ ਬਾਰੇ ਸੁਣਨਾ ਚਾਹੀਦਾ ਹੈ? ਇਸ ਦੇ ਜੁਆਬ ਵਿਚ ਵੀ ਗੁਰੂ ਨਾਨਕ ਦੇਵ ਨੇ ਚਾਰ ਪੈਰੇ ਲਿਖੇ ਹਨ :

ਉਹ ਪਹਿਲੇ ਪਹਿਰੇ ਦਾ ਸਬੰਧ ਸੁਣਨ ਲਈ ਕਿਸੇ ਵਿਅਕਤੀ ਦੀ ਲੋੜ ਪੈਂਦੀ ਹੈ ਭਾਵ ਗਿਆਨੀ ਵਿਅਕਤੀਆਂ ਦੇ ਜੀਵਨ ਦੀ ਅਤੇ ਸੰਸਾਰ ਦੇ ਵੱਖ-ਵੱਖ ਪੱਖਾਂ ਦੀ।

ਦੂਜੇ ਪਹਿਰੇ ਵਿਚ ਜਿਗਿਆਸੂ ਦੁਆਰਾ ਸੁਣਨਾ ਸ਼ਾਮਲ ਹੈ ਭਾਵ ਉਚੇਰੀ ਚੇਤਨਤਾ ਦੇ ਸਾਰ ਜਿਵੇਂ ਦੇਵਤੇ ਆਦਿ। ਜਿਗਿਆਸੂ ਆਪਣੇ ਅੰਦਰਲੀ ਹੇਤਨਤਾ ਨਾਲ ਉਸ ਉਚੇਰੀ ਚੇਤਨਤਾ ਦੇ ਰਹੱਸ ਬਾਰੇ ਸੁਣਦਾ ਹੈ ਜੋ ਸ਼ਾਸਤਰਾਂ, ਸਮ੍ਰਿਤੀਆਂ ਅਤੇ ਵੇਦਾਂ ਵਿੱਚ ਦਰਜ ਹੈ। ਮਨੁੱਖ ਉਪਰ ਇਸ ਸੁਣਨ ਦਾ ਕੀ ਪ੍ਰਭਾਵ ਹੈ? ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਸ ਸੁਣਨ ਨਾਲ ਜਿਗਿਆਸੂ ਦੀ ਖੁਦ ਦੀ ਚੇਤਨਤਾ ਦਾ ਵਿਸਥਾਰ ਹੁੰਦਾ ਹੈ। ਇਹ ਉਸ ਨੂੰ ਬੁਰਾਈ ਅਤੇ ਦੁੱਖ ਤੋਂ ਉਪਰ ਉਠਾ ਦਿੰਦੀ ਹੈ।

ਤੀਜੇ ਪਹਿਰੇ ਵਿਚ ਗੁਰੂ ਨਾਨਕ ਦੇਵ ਜੀ ਜਿਗਿਆਸੂ ਤੋਂ ਕੁਝ ਹੋਰ ਨੈਤਿਕ ਨਿਯਮਾਂ ਦੀ ਮੰਗ ਕਰਦੇ ਹਨ ਜਿਵੇਂ ਸਿਆਣਪ, ਸੰਤੋਖ ਜਾਂ ਪਵਿੱਤਰਤਾ। ਵਿਅਕਤੀ ਉਹਨਾਂ ਸਦਗੁਣਾਂ ਨੂੰ ਸੁਣਦਾ ਹੈ ਜਿਹੜੀਆਂ ਪੂਰਨ ਮਨੁੱਖ ਨੂੰ ਆਪਣੇ ਅੰਦਰ ਪੈਦਾ ਕਰਨੀਆਂ ਚਾਹੀਦੀਆਂ ਹਨ।

ਚੌਥੇ ਪਹਿਰੇ ਵਿਚ ਜਿਗਿਆਸੂ ਵੱਖ ਵੱਖ ਨੇਤਾਵਾਂ ਦੁਆਰਾ ਸਿਆਣਪ ਦੇ ਵਿਵਹਾਰਕ ਪ੍ਰਯੋਗ ਬਾਰੇ ਸੁਣਦਾ ਹੈ। ਉਹ ਸਿੱਖਦਾ ਹੈ ਕਿ ਕਿਵੇਂ ਇਹਨਾਂ ਆਗੂਆਂ ਨੇ ਮੁਸੀਬਤ ਸਮੇਂ ਮਨੁੱਖਾਂ ਦੀ ਅਗਵਾਈ ਕੀਤੀ ਹੈ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਕੀ ਜਿਗਿਆਸੂ ਨੂੰ ਪਹਿਲਾਂ ਸਥਾਪਿਤ ਗਿਆਨ ਬਾਰੇ ਸੁਣ ਕੇ ਉਸ ਨੂੰ ਹੀ ਸਵੀਕਾਰ ਕਰ ਲੈਣਾ ਚਾਹੀਦਾ ਹੈ ਜਾਂ ਕਿ ਉਸ ਉਪਰ ਚਿੰਤਨ ਕਰਨਾ ਚਾਹੀਦਾ ਹੈ।

ਸ਼ਬਦ 'ਮਨੈ' ਸੰਸਕ੍ਰਿਤ ਸ਼ਬਦ 'ਮਣਨ' (manana) ਤੋਂ ਨਿਕਲਿਆ ਹੈ ਜਿਸ ਦਾ ਅਰਥ ਚਿੰਤਨ ਹੈ। ਇਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਚਾਰ ਪਹਿਰਿਆਂ ਵਿਚ ਵਿਸ਼ਲੇਸ਼ਣ ਕੀਤਾ ਹੈ। ਪਹਿਲੇ ਪਹਿਰੇ ਵਿਚ ਗੁਰੂ ਜੀ ਜਿਗਿਆਸੂ ਨੂੰ ਚਿੰਤਨ ਬਾਰੇ ਸਾਵਧਾਨ ਕਰਦੇ ਹਨ ਕਿ ਚਿੰਤਨ ਦੀ ਪ੍ਰਕਿਰਿਆ ਨੂੰ ਪੂਰਨ ਰੂਪ ਵਿਚ ਨਹੀਂ ਦੱਸਿਆ ਜਾ ਸਕਦਾ। ਦੂਜੇ ਪਹਿਰੇ ਵਿਚ ਦੱਸਿਆ ਗਿਆ ਹੈ ਕਿ ਚਿੰਤਨ ਰਾਹੀਂ ਮਨੁੱਖ ਦੀ ਚੇਤਨਤਾ, ਉਸ ਦਾ ਮਨ ਤੇਜ਼ ਹੁੰਦਾ ਹੈ ਅਤੇ ਤਦ ਜਿਗਿਆਸੂ ਸੱਤਾ ਦੇ ਸੱਚੇ ਸਰੂਪ ਨੂੰ ਪਹਿਚਾਣਨ ਦੇ ਯੋਗ ਹੁੰਦਾ ਹੈ ਅਤੇ ਗਲਤ ਰਸਤੇ ਨੂੰ ਤਿਆਗਦਾ ਹੈ। ਇਕ ਹੋਰ ਸਥਾਨ ਤੇ 'ਆਦਿ ਗ੍ਰੰਥ' ਵਿਚ ਗੁਰੂ ਅਮਰਦਾਸ ਨੇ ਸੱਤਾ ਅਤੇ ਝੂਠ ਵਿਚਕਾਰ 'ਬਿਬੇਕ ਸੁਧਾ ਦੇ ਰੂਪ ਵਿਚ ਅੰਤਰ ਕੀਤਾ ਹੈ ਇੰਜ ਮਨੁੱਖ ਆਵਾਗਵਨ ਦੇ ਚੱਕਰਾਂ 'ਚ ਨਹੀਂ ਪੈਂਦਾ। ਚਿੰਤਨ ਬਾਰੇ ਤੀਜੇ ਪਹਿਰੇ ਅੰਦਰ ਗੁਰੂ ਨਾਨਕ ਦੇਵ ਕਹਿੰਦੇ ਹਨ ਕਿ ਇਹ ਚਿੰਤਨ ਜਿਗਿਆਸੂ

ਦੇ ਰਸਤੇ ਚੋਂ ਸਾਰੀਆਂ ਰੁਕਾਵਟਾਂ ਹਟਾ ਦਿੰਦਾ ਹੈ ਅਤੇ ਉਹ ਸਿਧੇ ਰਸਤੇ ਉਪਰ ਚਲਣ ਲਗ ਜਾਂਦਾ ਹੈ। ਇੰਜ ਉਹ ਸਮਾਜਿਕ ਭੂਮੀ ਨਾਲੋਂ ਨਹੀਂ ਟੁੱਟਦਾ ਅਤੇ ਨੈਤਿਕ ਕਾਰਜ ਕਰਨੇ ਲਗਾਤਾਰ ਜਾਰੀ ਰੱਖਦਾ ਹੈ।

ਚੌਥੇ ਪਹਿਰੇ ਵਿਚ ਸਾਨੂੰ ਚਿੰਤਨ ਬਾਰੇ ਦੱਸਿਆ ਗਿਆ ਹੈ ਕਿ ਚਿੰਤਨ ਵਾਲਾ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ। ਇਸ ਅਵਸਥਾ ਉਪਰ ਮਨੁੱਖ ਆਪਣੇ ਆਪ ਨੂੰ ਪਰਉਪਕਾਰੀ ਕੰਮ ਵਿਚ ਲਗਾ ਲੈਂਦਾ ਹੈ। ਸਾਰੀ ਮਨੁੱਖਤਾ ਨੂੰ ਉਹ ਆਪਣਾ ਹੀ ਪਰਿਵਾਰ ਸਮਝਦਾ ਹੈ। ਉਹ ਕੇਵਲ ਖੁਦ ਹੀ ਆਦਰਸ਼ ਦੀ ਪ੍ਰਾਪਤੀ ਨਹੀਂ ਕਰਦਾ ਸਗੋਂ ਅਜਿਹਾ ਕਰਨ ਵਿਚ ਦੂਜਿਆਂ ਦੀ ਮੱਦਦ ਵੀ ਕਰਦਾ ਹੈ।

ਗਿਆਨ ਦਾ ਤੀਜਾ ਪੱਖ 'ਏਕ ਧਿਆਨ' ਭਾਵ ਇਕੋ ਮਨ ਬਿਰਤੀ ਦਾ ਚਿੰਤਨ ਹੁੰਦਾ ਹੈ। ਏਥੇ ਸੁਣਨ ਅਤੇ ਚਿੰਤਨ ਦੋਹਾਂ ਦੁਆਰਾ ਪ੍ਰਾਪਤ ਗਿਆਨ ਦਾ ਸੰਸਲੇਸ਼ਣ ਹੁੰਦਾ ਹੈ। ਜਿਥੇ ਸਿੱਖ ਮਤ ਵਿਚ ਸੰਸਾਰ ਬਾਰੇ ਗਿਆਨ ਮਹੱਤਵਪੂਰਨ ਸਥਾਨ ਪ੍ਰਾਪਤ ਕਰਦਾ ਹੈ ਉਥੇ ਵੇਦਾਂਤ ਵਿਚ ਇਹ ਗਿਆਨ ਘਟੀਆ ਕਿਸਮ ਦਾ ਹੈ। ਸਿੱਖ ਮਤ ਵਿਚ ਸਿਆਣਪ ਦੇ ਅਭਿਆਸ ਉਪਰ ਵੀ ਮਹੱਤਤਾ ਦਿੱਤੀ ਗਈ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, "ਇਸ ਸੰਸਾਰ ਵਿਚ ਸਿਆਣੇ ਲੋਕ ਘੱਟ ਹੀ ਹਨ ਜੋ ਸਿਆਣਪ ਉਪਰ ਚਿੰਤਨ ਕਰਦੇ ਹਨ ਅਤੇ ਸੰਸਾਰ ਵਿਚ ਕੋਈ ਕੋਈ ਹੀ ਹੈ ਅਜਿਹਾ ਸਿਆਣਾ ਜੋ ਸਿਆਣਪ ਦਾ ਅਭਿਆਸ ਕਰਦਾ ਹੈ। ਇੰਜ ਹੀ ਕਬੀਰ ਜੀ ਲਿਖਦੇ ਹਨ, "ਜੇ ਤੁਹਾਡੇ ਪਾਸ ਸਿਆਣਪ ਹੈ ਤਾਂ ਬੁਰਾਈ ਨੂੰ ਖਤਮ ਕਰ ਦਿਉ ਅਤੇ ਆਪਣੇ ਸਰੀਰ ਨੂੰ ਅਨੁਸ਼ਾਸਤ ਕਰੋ।" ਸਿਆਣਪ ਅਤੇ ਅਭਿਆਸ ਵਿਚਕਾਰ ਜੋ ਰਿਸ਼ਤਾ ਸਿਖਮੱਤ ਵਿਚ ਹੈ ਉਹੀ ਅਸੀਂ ਯੂਨਾਨੀ ਫਿਲਾਸਫਰ ਸੁਕਰਾਤ ਵਿਚ ਵੇਖਦੇ ਹਾਂ ਜਦੋਂ ਉਹ ਕਹਿੰਦਾ ਹੈ ਕਿ ਗਿਆਨ ਸਦਗੁਣ ਹੈ। ਉਸ ਅਨੁਸਾਰ ਇਕ ਵਿਅਕਤੀ ਜੋ ਚੰਗਿਆਈ ਨੂੰ ਜਾਣਦਾ ਹੈ ਉਹ ਚੰਗਿਆਈ ਦੀ ਹੀ ਚੋਣ ਕਰੇਗਾ। ਇਸ ਤਰ੍ਹਾਂ ਉਸਦਾ ਗਿਆਨਵਾਨ ਹੋਣਾ ਉਸਨੂੰ ਇੱਕ ਸਦਗੁਣੀ ਵਿਅਕਤੀ ਬਣਾਉਣ ਵਿੱਚ ਸਹਾਈ ਹੁੰਦਾ ਹੈ।

1.3.3.2 **ਸੱਚਸ਼ੀਲਤਾ (ਸਚਿਆਰਤਾ) (Truthfulness)** : ਸਚਿਆਰਤਾ ਨੂੰ ਤੱਤ-ਮੀਮਾਂਸਕ ਅਰਥਾਂ ਵਿਚ ਸਚਾਈ ਨਾਲੋਂ ਭਿੰਨ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸੱਚ ਦਾ ਪ੍ਰਯੋਗ ਆਦਿ ਗ੍ਰੰਥ ਵਿਚ ਸਚਿਆਰਤਾ ਦਾ ਨੈਤਿਕ ਅਰਥਾਂ ਵਿਚ ਅਤੇ ਸੱਤਾ (ਤੱਤ-ਮੀਮਾਂਸਕ) ਅਰਥ ਵਿਚ ਕੀਤਾ ਗਿਆ ਹੈ। ਬਹੁਤ ਸਾਰੇ ਵਿਦਵਾਨ ਮੰਨਦੇ ਹਨ ਕਿ ਸਚਿਆਰਤਾ ਦੀ ਵਿਆਖਿਆ ਇਕ ਨੈਤਿਕ ਸਦਗੁਣ ਦੇ ਤੌਰ ਤੇ ਵਿਸ਼ਾਲ ਤੱਤ-ਮੀਮਾਂਸਕ ਅਰਥ ਰੱਖਦੀ ਹੈ ਕਿਉਂਕਿ ਜਿਹੜੇ ਸੱਚਾਈ ਨੂੰ ਜਾਣਦੇ ਹਨ ਉਹੀ ਸੱਚੇ ਪਾਤਸ਼ਾਹ ਦਾ ਚਿੰਤਨ ਕਰਨਗੇ। ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਹਰੇਕ ਵਸਤੂ ਸੱਚਾਈ ਤੋਂ ਹੇਠਾਂ ਹੈ ਪਰੰਤੂ ਸਚਿਆਰਾ ਵਿਵਹਾਰ ਇਸ ਤੋਂ ਉਪਰ ਹੈ। ਵਿਵਹਾਰ ਉਪਰ ਜ਼ੋਰ ਸਿਖ ਧਰਮ ਦਾ ਮੁੱਖ ਲੱਛਣ ਹੈ। ਗੁਰੂ ਰਾਮਦਾਸ ਕਹਿੰਦੇ ਹਨ, "ਅਸੀਂ ਝੂਠੇ ਅਤੇ ਬਦਕਿਸਮਤ ਹਾਂ ਸਾਡੀ ਜ਼ੁਬਾਨ ਉਪਰ ਕੁਝ ਹੁੰਦਾ ਹੈ, ਮਨ ਵਿਚ ਕੁਝ ਹੋਰ ਹੀ।" ਉਪਰੋਂ ਅਸੀਂ ਪਰਮਾਤਮਾ ਨਾਲ ਜੁੜੇ ਪ੍ਰਤੀਤ ਹੁੰਦੇ ਹਾਂ ਪਰੰਤੂ ਅੰਦਰੋਂ ਬੁਰਾਈ ਨਾਲ ਭਰੇ ਹੋਏ। ਗੁਰੂ ਅਰਜਨ ਦੇਵ ਨੇ ਝੂਠ, ਫਰੇ ਬ ਨੂੰ ਤਿਆਗਣ ਲਈ ਕਿਹਾ ਹੈ ਇਸਤੋਂ ਵੱਡੀ ਕੋਈ ਬੁਰਾਈ ਨਹੀਂ ਹੈ। ਭਾਈ ਗੁਰਦਾਸ ਲਿਖਦੇ ਹਨ ਕਿ ਸਚਿਆਰਾ ਸੱਚ ਦੀ ਪ੍ਰਾਪਤੀ ਲਈ ਕਿਸੇ ਹੋਰ ਮਨੁੱਖ ਦੀ ਵੀ ਮੱਦਦ ਕਰਦਾ ਹੈ। ਭਾਈ ਗੁਰਦਾਸ ਅਨੁਸਾਰ ਝੂਠ ਤਾਂ ਗੁਲਾਮੀ ਦੀ ਨਿਸ਼ਾਨੀ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਕ ਵਿਅਕਤੀ ਸੱਚ ਬੋਲਦਾ ਹੈ ਕਿਉਂਕਿ ਪਿਅਰ ਅਜਿਹਾ ਕਰਨ ਲਈ ਉਸ ਨੂੰ ਪ੍ਰੇਰਨਾ ਦਿੰਦਾ ਹੈ। ਇਕ ਉਹ ਵਿਅਕਤੀ ਜਿਹੜਾ ਦੂਜਿਆਂ ਨੂੰ ਪਿਆਰ ਕਰਦਾ ਹੈ, ਉਹ ਉਹਨਾਂ ਨੂੰ ਕਦੇ ਧੋਖਾ ਨਹੀਂ ਦੇਵੇਗਾ। ਝੂਠ ਤਾਂ ਪਿਆਰ-ਰਹਿਤ ਹੁੰਦਾ ਹੈ। ਝੂਠ ਅੰਦਰ ਸੁਆਰਥੀਪਨ ਹੁੰਦਾ ਹੈ।

1.3.3.3 **ਨਿਆਂ (Justice)** : ਸਿੱਖਮਤ ਵਿਚ ਨਿਆਂ ਦਾ ਸਦਗੁਣ ਆਤਮ ਉਪਰ ਅਤੇ ਸਮਾਜੀ ਸਬੰਧਾਂ ਉਪਰ ਪ੍ਰਭਾਵ ਕਰਕੇ ਉੱਚਾ ਸਥਾਨ ਰੱਖਦਾ ਹੈ। ਨਿਆਂ ਦੇ ਸਦਗੁਣ ਨੂੰ ਸਮਾਜੀ ਸਮਾਨਤਾ ਦੇ ਅਰਥਾਂ ਵਿਚ ਹੀ ਲਿਆ ਜਾਂਦਾ ਹੈ। ਸਾਰੇ ਸਿੱਖ ਗੁਰੂਆਂ ਨੇ ਮੰਨਿਆ ਹੈ ਕਿ ਸਮਾਜਿਕ ਸਮਾਨਤਾ ਤੋਂ ਬਗੈਰ ਨਿਆਂ ਅਰਥਹੀਣ ਹੈ। ਇਸ ਸਦਗੁਣ ਕਾਰਨ ਹੀ ਮਨੁੱਖ ਬਾਕੀ ਸਾਰਿਆਂ ਨੂੰ ਸਾਰੇ ਪੱਖਾਂ ਵਿਚ ਸਮਾਜਿਕ ਤੌਰ ਤੇ ਸਮਾਨ ਮੰਨਦਾ ਹੈ। ਦੂਜਾ ਨਿਆਂ ਦੇ ਸਦਗੁਣ ਵਿਚ ਦੂਜਿਆਂ ਦੇ ਅਧਿਕਾਰਾਂ ਦਾ ਸਨਮਾਨ ਵੀ ਹੁੰਦਾ ਹੈ ਅਤੇ ਦੂਜਿਆਂ ਦਾ ਸੋਸ਼ਣ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ

ਦੂਜਿਆਂ ਨੂੰ ਉਹਨਾਂ ਦੇ ਅਧਿਕਾਰਾਂ ਤੋਂ ਵੰਚਿਤ ਨਹੀਂ ਕਰਨਾ ਚਾਹੀਦਾ। ਜਿਹੜਾ ਦੂਜਿਆਂ ਦੇ ਅਧਿਕਾਰਾਂ ਦਾ ਉਲੰਘਣ ਨਹੀਂ ਕਰਦਾ, ਉਹੀ ਨਿਆਂਸ਼ੀਲ ਹੁੰਦਾ ਹੈ। ਹਰੇਕ ਵਿਅਕਤੀ ਦੇ ਅਧਿਕਾਰ ਨੂੰ ਪਵਿੱਤਰ ਸਮਝਣਾ ਨਿਆਂ ਦਾ ਜ਼ਰੂਰੀ ਤੱਤ ਹੈ। ਸਿੱਖ ਗੁਰੂਆਂ ਦੁਆਰਾ ਨਿਆਂ ਦੇ ਸਦਗੁਣ ਦਾ ਸਰਵ-ਵਿਆਪੀ ਪ੍ਰਯੋਗ ਕੀਤਾ ਅਤੇ ਸੁਝਾਇਆ ਗਿਆ ਹੈ। ਪ੍ਰੇਮ ਸੁਮਾਰਗ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਵਿਅਕਤੀ ਨੂੰ ਨਿਆਂਸ਼ੀਲ ਹੋਣਾ ਚਾਹੀਦਾ ਹੈ। ਸਾਨੂੰ ਦੂਜੇ ਦੇ ਹੱਕ ਉਪਰ ਨਜ਼ਰ ਨਹੀਂ ਰੱਖਣੀ ਚਾਹੀਦੀ। ਨਿਆਂ ਤੇ ਅਮਲ ਕਰਨ ਨਾਲੋਂ ਕੋਈ ਚੰਗੀ ਪੂਜਾ ਨਹੀਂ ਹੈ। ਗੁਰੂ ਨੇ ਕਿਸੇ ਮਨੁੱਖ ਦੁਆਰਾ ਦੂਜਿਆਂ ਦੇ ਸੋਸ਼ਣ ਦੀ ਮਨਾਹੀ ਕੀਤੀ ਹੈ। ਸਿੱਖਮਤ ਵਿਚ ਨਿਆਂ ਦਾ ਵਿਚਾਰ ਏਦਾਂ ਦਾ ਨਹੀਂ ਹੈ ਜਿੱਦਾਂ ਯੂਨਾਨੀ ਸੋਫਿਟ ਵਕੀਲ ਥਰੈਸ਼ੀਮੈਚਸ ਮੰਨਦਾ ਹੈ ਜੋ ਪਲੇਟੋ ਦੀ ਰੀਪਬਲਿਕ ਪੁਸਤਕ ਵਿਚ ਲਿਖਿਆ ਹੈ ਕਿ ਨਿਆਂ ਤਾਕਤਵਰ ਦਾ ਫਾਇਦਾ ਹੈ ਜਾਂ ਨਿਆਂ ਸਾਸ਼ਕ ਅਤੇ ਸ਼ਕਤੀਸ਼ਾਲੀ ਦੀ ਰੁਚੀ ਹੈ। ਬਲਕਿ ਸਿੱਖੀ ਵਿੱਚ ਨਿਆਂ ਦੇ ਸਦਗੁਣ ਦਾ ਪ੍ਰਯੋਗ ਤਾਂ ਸ਼ਾਸਕ ਦੁਆਰਾ ਸਵੈ-ਨਿਯਮਤ (ਮਰਿਆਦਾ) ਹੈ। ਪ੍ਰੇਮ ਸੁਮਾਰਗ ਬਾਰੇ ਭਾਈ ਕਾਹਨ ਸਿੰਘ ਲਿਖਦੇ ਹਨ ਜਿਤਨੇ ਕਾਨੂੰਨ ਪਰਜਾ ਉਪਰ ਲਾਗੂ ਹੁੰਦੇ ਹਨ, ਸ਼ਾਸਕ ਉਪਰ ਵੀ ਲਾਗੂ ਹੋਣੇ ਚਾਹੀਦੇ ਹਨ। ਭਾਵੇਂ ਨਿਆਂ ਦਾ ਸਦਗੁਣ ਇਕ ਬੁਨਿਆਦੀ ਸਦਗੁਣ ਹੈ ਪਰੰਤੂ ਪਰਮਾਤਮਾ ਨਾਲ ਅਭੇਦ ਵਿਅਕਤੀ ਇਸ ਤੋਂ ਵੀ ਉਪਰ ਉਠ ਜਾਂਦੇ ਹਨ ਅਤੇ ਸਰਵ-ਵਿਆਪੀ ਪ੍ਰੇਮ ਉਹਨਾਂ ਦੀ ਅਗਵਾਈ ਕਰਦਾ ਹੈ। ਨਿਆਂ ਨੂੰ ਸਭ ਤੋਂ ਹੇਠਲੇ ਆਕਾਰ ਦਾ ਪਰਉਪਕਾਰ ਮੰਨਿਆ ਗਿਆ ਹੈ। ਆਦਰਸ਼ ਆਤਮ ਬਹੁਤ ਉਚੇਰਾ ਉਠ ਜਾਂਦਾ ਹੈ ਅਤੇ ਸਰਵ-ਵਿਆਪੀ ਪਿਆਰ ਦੀ ਪ੍ਰਾਪਤੀ ਕਰਦਾ ਹੈ।

1.3.3.4 **ਸੰਜਮ (Temperance)** : ਸਿੱਖ ਨੀਤੀ ਸ਼ਾਸਤਰ ਅੰਦਰ ਸੰਜਮ (ਸਵੈ-ਕੰਟਰੋਲ) ਦੇ ਸਦਗੁਣ ਨੂੰ ਵੀ ਮਹੱਤਵਪੂਰਨ ਸਥਾਨ ਮਿਲਿਆ ਹੋਇਆ ਹੈ। ਗੁਰੂ ਅਮਰਦਾਸ ਸੰਜਮ ਦੇ ਸਰੂਪ ਦੇ ਸਬੰਧ ਵਿਚ ਇਕ ਪ੍ਰਸ਼ਨ ਕਰਦੇ ਹਨ। ਉਹ ਪੁੱਛਦੇ ਹਨ ਮੈਨੂੰ ਕਿਸ ਚੀਜ਼ ਉਪਰ ਕਾਬੂ ਕਰਨਾ ਹੈ ਅਤੇ ਕਿਸ ਨੂੰ ਤਿਆਗਣਾ ਹੈ, ਮੈਨੂੰ ਨਹੀਂ ਪਤਾ ਕਿ ਮੈਨੂੰ ਕੀ ਕਰਨਾ ਹੈ? ਉਸੇ ਪਹਿਰੇ ਦੀਆਂ ਬਾਅਦ ਵਾਲੀਆਂ ਸਤਰਾਂ ਵਿਚ ਸੰਜਮੀ ਮਨੁੱਖਾਂ ਦਾ ਹਵਾਲਾ ਦੇਂਦੇ ਹੋਏ ਉਹ ਕਹਿੰਦੇ ਹਨ, 'ਸੱਚਾਈ ਉਹਨਾਂ ਦਾ ਸੰਜਮ ਹੈ, ਇਹ ਕੰਮ ਹੈ ਜੋ ਉਹ ਕਰਦੇ ਹਨ। ਅੱਗੋਂ ਉਹ ਇਸ ਨੂੰ ਹੋਰ ਸਪੱਸ਼ਟ ਕਰਦੇ ਹਨ ਜਦੋਂ ਕਹਿੰਦੇ ਹਨ ਕਿ ਕੇਵਲ ਵਰਤ ਰੱਖਣਾ ਜਾਂ ਸੰਸਾਰ ਤਿਆਗਣਾ ਸੰਜਮ ਨਹੀਂ ਹੈ। ਸਗੋਂ ਸਚਾਈ ਅਤੇ ਸੰਜਮ ਨੂੰ ਦੁਨਿਆਵੀ ਕਾਰ ਵਿਹਾਰ ਵਿੱਚ ਵਰਤਣਾ ਹੀ ਕੇਵਲ ਸੱਚੇ ਕਾਰਜ ਹਨ। ਏਥੇ ਅਸੀਂ ਸੰਜਮ ਦੇ ਦੋਵੇਂ ਪੱਖਾਂ ਵਿਵਹਾਰ ਦੀ ਸਾਧਾਰਨਤਾ (moderation) ਅਤੇ ਉਚੇਰੇ ਦੁਆਰੇ ਹੇਠਲੇ ਦੀ ਨਿਯਮੱਤਤਾ ਦੀ ਜਾਂਚ ਕਰਦੇ ਹਾਂ।

ਗੁਰੂ ਨਾਨਕ ਦੇਵ ਜੀ ਹੱਦ-ਦਰਜੇ ਦੇ ਸਵੈ-ਕੰਟਰੋਲ ਦੀ ਨਿਖੇਧੀ ਕਰਦੇ ਹਨ। ਇਸ ਵਿਚ ਜਿਗਿਆਸੂ ਕਈ ਵਾਰ ਵੱਖ-ਵੱਖ ਗਿਆਨ ਇੰਦਰੀਆਂ ਉਪਰ ਸਵੈ-ਕਾਬੂ ਹਿੰਸਕ ਕਿਸਮ ਦਾ ਪਾਉਣ ਦਾ ਯਤਨ ਕਰਦਾ ਹੈ ਜਿਸ ਨੂੰ ਗੁਰੂ ਨਾਨਕ ਦੇ ਵ ਜੀ ਨੇ ਹੱਠ ਯੋਗ (Hatha Yoga) ਕਿਹਾ ਹੈ ਅਤੇ ਜਿਸਦੀ ਉਹਨਾਂ ਨੇ ਨਿਖੇਧੀ ਕੀਤੀ ਹੈ। ਹੱਠ ਯੋਗ ਇਕ ਅਜਿਹਾ ਅਨੁਸ਼ਾਸਨ ਹੈ ਜਿਸ ਵਿਚ ਹੱਦੋਂ ਵੱਧ ਸਰੀਰਕ ਅਤੇ ਮਾਨਸਿਕ ਕੰਟਰੋਲ ਉਪਰ ਜ਼ੋਰ ਦਿੱਤਾ ਜਾਂਦਾ ਹੈ ਭਾਵ ਸਾਹਗਤੀ ਦੀ ਨਿਯਮਤਾ। ਸ਼ਾਬਦਿਕ ਤੌਰ ਤੇ ਹੱਠ ਯੋਗ ਦਾ ਅਰਥ ਸੂਰਜ-ਚੰਦ (Sun-moon) ਹੈ। ਇਸ ਦਾ ਰਵਾਇਤੀ ਅਰਥ ਹੈ ਹਿੰਸਾ ਜਾਂ ਸ਼ਕਤੀ ਅਤੇ ਅਤਿਆਚਾਰ ਜਾਂ ਦਬਾਅ। ਇਸ ਦਾ ਇਸਤੇਮਾਲ ਵਿਅਕਤੀ ਦੀ ਇੱਛਾ ਦੇ ਵਿਰੁੱਧ ਕੀਤਾ ਜਾਂਦਾ ਹੈ। ਇਸ ਕਿਸਮ ਦੇ ਹੱਠ ਯੋਗ ਨੂੰ ਕਦੇ ਕਦੇ ਧੱਕੇਸ਼ਾਹੀ ਯੋਗ ਕਿਹਾ ਜਾਂਦਾ ਹੈ। ਸਿੱਖਮਤ ਵਿਚ ਅਜਿਹੇ ਹਿੰਸਕ ਸਵੈ-ਕੰਟਰੋਲ ਦੀ ਸਵੀਕ੍ਰਿਤੀ ਨਹੀਂ ਹੈ। ਗੁਰੂ ਨਾਨਕ ਦੇਵ ਲਿਖਦੇ ਹਨ, 'ਬੇਕਾਰ ਮੈਂ ਧਿਆਨ ਦਾ ਅਭਿਆਸ ਕੀਤਾ, ਸਵੈ ਕਾਬੂ ਦਾ ਇਸਤੇ ਮਾਲ ਕੀਤਾ ਅਤੇ ਬੇਕਾਰ ਹੀ ਹੱਠ ਯੋਗ ਰਾਹੀਂ ਆਪਣੀਆਂ ਗਿਆਨ-ਇੰਦਰੀਆਂ ਉਪਰ ਕੰਟਰੋਲ ਕੀਤਾ ਪਰੰਤੂ ਆਦਰਸ਼ ਦੀ ਪ੍ਰਾਪਤੀ ਸਹਿਜ ਅਵਸਥਾ ਵਿਚ ਹੀ ਹੈ।

ਸਿੱਖਮਤ ਵਿਚ ਹੱਦੋਂ ਵੱਧ ਕਿਸਮ ਦੇ ਸੰਨਿਆਸ ਨੂੰ ਇਕ ਆਦਰਸ਼ ਸੰਜਮ ਦੇ ਤੌਰ ਤੇ ਲੈਣ ਤੋਂ ਮਨਾਹੀ ਕੀਤੀ ਗਈ ਹੈ। ਮਨੁੱਖ ਨੂੰ ਸਾਧਾਰਨ ਜੀਵਨ ਇਸ ਸੰਸਾਰ ਵਿਚ ਹੀ ਜੀਣ ਲਈ ਕਿਹਾ ਗਿਆ ਹੈ। ਗੁਰੂਆਂ ਨੇ ਤਜਵੀਜ ਕੀਤਾ ਹੈ ਕਿ ਸਾਨੂੰ ਘੱਟ ਖਾਣਾ ਚਾਹੀਦਾ ਹੈ ਘੱਟ ਹੀ ਸੋਣਾ ਚਾਹੀਦਾ ਹੈ ਅਤੇ ਬੋਲਣਾ ਵੀ ਘੱਟ ਹੀ ਚਾਹੀਦਾ ਹੈ। ਸਿੱਧਾਂ ਦੇ ਇੱਕ ਪ੍ਰਸ਼ਨ

ਦੇ ਜੁਆਬ ਵਿਚ ਗੁਰੂ ਨਾਨਕ ਦੇਵ ਕਹਿੰਦੇ ਹਨ, "ਮੈਂ ਬਹੁਤ ਘੱਟ ਸੌਂਦਾ ਹਾਂ ਅਤੇ ਘੱਟ ਹੀ ਖਾਂਦਾ ਹਾਂ, ਇਹੀ ਮਤ ਹੈ ਜੋ ਮੈਨੂੰ ਲੱਭਾ ਹੈ।" ਏਸੇ ਤਰ੍ਹਾਂ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਇਕ ਗੁਰਸਿੱਖ ਘੱਟ ਖਾਂਦਾ ਹੈ ਘੱਟ ਸੌਂਦਾ ਹੈ ਅਤੇ ਘੱਟ ਬੋਲਦਾ ਹੈ।" ਏਦਾਂ ਹੀ ਗੁਰੂ ਅਮਰਦਾਸ ਨੇ ਸੰਜਮ ਦੀ ਵਿਆਖਿਆ ਸਾਧਾਰਨਤਾ ਦੇ ਅਰਥਾਂ ਵਿਚ ਕੀਤੀ। ਉਹ ਕਹਿੰਦੇ ਹਨ, ਇਕ ਵਿਅਕਤੀ ਨੂੰ ਕੇਵਲ ਉਸ ਸਮੇਂ ਹੀ ਖਾਣਾ ਚਾਹੀਦਾ ਹੈ ਜਦੋਂ ਬੋਲਣ ਦੀ ਲੋੜ ਹੋਵੇ ਅਤੇ ਉਸੇ ਸਮੇਂ ਹੀ ਸੌਣਾ ਚਾਹੀਦਾ ਹੈ ਜਦੋਂ ਉਸ ਨੂੰ ਪੂਰੀ ਨੀਂਦ ਆਈ ਹੋਵੇ। ਸਿਖਮਤ ਵਿਚ ਹਦੋਂ ਵੱਧ ਹਿੰਸਕ ਸਵੈ-ਕਾਬੂ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਸਗੋਂ ਸੰਜਮ ਨੂੰ ਸਾਧਾਰਨਤਾ ਦੇ ਤੌਰ ਤੇ ਇਕ ਸਦਗੁਣ ਵਜੋਂ ਲਿਆ ਗਿਆ ਹੈ। ਏਦਾਂ ਦਾ ਵਿਚਾਰ ਸੰਜਮ ਬਾਰੇ ਅਰਸਤੂ ਨੇ ਆਪਣੀ ਪੁਸਤਕ ਨਿਕੋਮੀਹੀਅਨ ਐਥਿਕਸ (Nichomachean Ethics) ਵਿੱਚ ਦਿੱਤੇ ਹਨ। ਕੁਝ ਖੁਸ਼ੀਆਂ ਦੇ ਸਬੰਧ ਵਿਚ ਸਾਧਾਰਨਤਾ ਅਤੇ ਕੁਝ ਹੱਦ ਤੱਕ ਕੁਝ ਦੁੱਖਾਂ ਦੇ ਸਬੰਧ ਵਿਚ ਸਾਧਾਰਨਤਾ ਹੀ ਸੰਜਮ ਹੈ। ਸਿੱਖ ਗੁਰੂਆਂ ਨੇ ਆਮ ਕਰਕੇ ਇਸ ਨੂੰ ਸਤ ਸੰਜਮ ਜਾਂ ਸੱਚ ਸੰਜਮ ਕਿਹਾ ਹੈ। ਇੰਜ ਉਹਨਾਂ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਸੰਜਮ ਇਕ ਅਜਿਹਾ ਸਦਗੁਣ ਹੈ ਜਿਸ ਅੰਦਰ 'ਸੱਤ' ਨਿਯਮਤ ਹੁੰਦਾ ਹੈ ਜਾਂ ਵਿਅਕਤੀ ਦੇ ਦੂਜੇ ਪੱਖਾਂ ਉਪਰ ਹਾਵੀ ਹੁੰਦਾ ਹੈ। ਭਾਰਤੀ ਦਰਸ਼ਨ ਦੇ ਸਾਂਖ ਸਕੂਲ ਵਿਚ ਵੀ 'ਸੱਤਵ' (Sattva) ਸ਼ਬਦ ਦਾ ਪ੍ਰਯੋਗ ਹੋਇਆ ਹੈ ਜੋ ਸ਼ਬਦ 'ਸੱਤ' ਤੋਂ ਹੀ ਨਿਕਲਿਆ ਹੈ। ਸੱਤਵ ਉਹ ਗੁਣ ਹੈ ਜੋ ਵਿਅਕਤੀ ਅੰਦਰ ਚੰਗਿਆਈ ਅਤੇ ਖੁਸ਼ੀ ਪੈਦਾ ਕਰਦਾ ਹੈ ਜਦੋਂ ਕਿ 'ਰੱਜਸ' ਸਾਰੀ ਕਿਰਿਆ ਦਾ ਸ੍ਰੋਤ ਹੈ ਅਤੇ ਦੁੱਖ ਪੈਦਾ ਕਰਦਾ ਹੈ। ਤੱਮਸ ਗੁਣ ਵਿਅਕਤੀ ਅੰਦਰ ਅਲਗਾਵ ਦੀ ਭਾਵਨਾ ਪੈਦਾ ਕਰਦਾ ਹੈ ਅਤੇ ਇਹ ਅਗਿਆਨਤਾ ਵੱਲ ਲਿਜਾਂਦਾ ਹੈ। ਇੰਜ ਸਾਨੂੰ ਦੱਸਿਆ ਗਿਆ ਹੈ ਕਿ ਦੇਵਤਾਵਾਂ ਅੰਦਰ ਸੱਤਵ ਤੱਤ ਦੂਜੇ ਦੋਹਾਂ ਰੱਜਸ ਅਤੇ ਤੱਮਸ ਉਪਰ ਹਾਵੀ ਹੁੰਦਾ ਹੈ। ਗੁਰੂਆਂ ਦੁਆਰਾ ਵਰਤੇ ਗਏ ਸ਼ਬਦ 'ਸਤ ਸੰਜਮ ਜਾਂ ਸੱਚ ਸੰਜਮ ਦਾ ਭਾਵ ਉਚੇਰੇ ਦੁਆਰਾ ਹੇਠਲੇ ਪੱਧਰ ਦੀ ਨਿਯਮਤਾ ਦੇ ਸਾਧਾਰਨ ਨਿਯਮ ਤੋਂ ਵੀ ਹੈ ਜਿਸ ਨੂੰ ਸੱਤ ਕਿਹਾ ਜਾਂਦਾ ਹੈ। ਯੂਨਾਨੀ ਦਾਰਸ਼ਨਿਕ ਪਲੇਟੋ ਨੇ ਆਪਣੀ ਪੁਸਤਕ 'ਰੀਪਬਲਿਕ' ਦੀ ਚੌਥੀ ਪੁਸਤਕ ਵਿਚ ਸੰਜਮ ਦੀ ਵਿਆਖਿਆ ਵਿਅਕਤੀ ਦੇ ਆਤਮ ਦੇ ਮਾਲਕ ਦੇ ਤੌਰ ਤੇ ਕੀਤੀ ਹੈ। ਪਲੇਟੋ ਅਨੁਸਾਰ ਵਿਅਕਤੀ ਦੀ ਆਤਮਾ ਵਿਚ ਚੰਗੇਰਾ ਸਿਧਾਂਤ ਹੁੰਦਾ ਹੈ ਅਤੇ ਇਕ ਬੁਰਾ ਸਿਧਾਂਤ। ਜਦੋਂ ਮਨੁੱਖ ਆਤਮਾ ਦੇ ਬੁਰੇ ਨਿਯਮ ਉਪਰ ਚੰਗੇਰੇ ਨਿਯਮ ਦੁਆਰਾ ਕਾਬੂ ਪਾ ਲੈਂਦਾ ਹੈ ਤਾਂ ਉਹ ਆਪਣੇ ਆਤਮ ਦਾ ਮਾਲਕ ਖੁਦ ਹੁੰਦਾ ਹੈ ਅਤੇ ਇਹੀ ਪ੍ਰਸੰਸਾ ਦਾ ਅਰਥ ਹੈ।

ਇੰਜ ਅਸੀਂ ਕਹਿ ਸਕਦੇ ਹਾਂ ਕਿ ਸੰਜਮ ਇੱਕ ਸਦਗੁਣ ਹੈ ਜਿਸ ਦੇ ਸਾਕਾਰਾਤਮਕ ਅਤੇ ਨਿਖੇਧਾਤਮਕ ਦੋਵੇਂ ਪੱਖ ਹੁੰਦੇ ਹਨ। ਅੱਜ ਵਧ ਰਹੀ ਤਕਨਾਲੋਜੀ ਦੇ ਯੁਗ ਵਿਚ ਸੰਜਮ ਦੇ ਸਦਗੁਣ ਦੀ ਅਵਸ਼ਕਤਾ ਹੈ। ਅੱਜ ਸੰਜਮ ਦਾ ਸਦਗੁਣ ਵਿਅਕਤੀ ਦੇ ਨਿਜੀ ਜੀਵਨ ਅਤੇ ਰਾਸ਼ਟਰੀ ਜਾਂ ਅੰਤਰ-ਰਾਸ਼ਟਰੀ ਪੱਧਰ ਉਪਰ ਮਹੱਤਵਪੂਰਨ ਰੋਲ ਅਦਾ ਕਰ ਸਕਦਾ ਹੈ।

1.3.3.5 **ਸਾਹਸ (Courage)** : ਸਿੱਖ ਨੀਤੀ ਸ਼ਾਸਤਰ ਵਿਚ ਸਾਹਸ ਇਕ ਕੇਂਦਰੀ ਸਦਗੁਣ ਹੈ। ਸਾਹਸ ਤੋਂ ਬਿਨਾਂ ਮਨੁੱਖ ਬਿਨਾਂ ਪ੍ਰਮਾਣਿਕਤਾ ਦੇ ਹੁੰਦਾ ਹੈ। ਸਾਹਸ ਇਕ ਪੇਚੀਦਾ ਸਦਗੁਣ ਹੈ। ਇਸ ਅੰਦਰ ਮਜ਼ਬੂਤੀ ਅਤੇ ਬਹਾਦਰੀ ਦੋਵੇਂ ਸ਼ਾਮਲ ਹੁੰਦੇ ਹਨ। ਸਿੱਖ ਧਰਮ ਵਿਚ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਬਹਾਦਰੀ ਨੂੰ ਵਧੇਰੇ ਮਹੱਤਵਪੂਰਨ ਮੰਨਿਆ ਜਾਣ ਲੱਗਾ ਹੈ। ਸਿੱਖ ਧਰਮ ਵਿਚ ਮਜ਼ਬੂਤੀ (ਕਿਲਾਬੰਦੀ) ਅਤੇ ਬਹਾਦਰੀ ਇਕ ਦੂਜੇ ਤੋਂ ਬਾਹਰ ਨਹੀਂ ਹਨ ਸਗੋਂ ਸ਼ੁਰੂ ਤੋਂ ਆਖਰਲੇ ਗੁਰੂ ਤੱਕ ਦੋਵੇਂ ਇਕ ਦੂਜੇ ਨਾਲ ਰਲਵੇਂ ਹਨ। ਆਦਿ ਗ੍ਰੰਥ ਵਿਚ ਸਾਹਸੀ ਅਤੇ ਬਹਾਦਰ ਵਿਅਕਤੀ ਲਈ ਸ਼ਬਦ ਸੂਰਾ, ਸੂਰਬੀਰ, ਨਿਡਰ ਅਤੇ ਨਿਰਭਉ ਵਰਤੇ ਗਏ ਹਨ। ਆਦਿ ਗ੍ਰੰਥ ਵਿਚ ਕਬੀਰ ਉਹਨਾਂ ਲੋਕਾਂ ਨੂੰ ਫਿਟਕਾਰਦਾ ਹੈ ਜਿਹੜੇ ਆਪਣੇ ਧਰਮ ਨੂੰ ਛੱਡ ਜਾਂਦੇ ਹਨ। ਉਸ ਅਨੁਸਾਰ ਕੇਵਲ ਪੇਟ ਨੂੰ ਭਰਨਾ ਹੀ ਮਨੁੱਖੀ ਜੀਵਨ ਦਾ ਉਦੇਸ਼ ਨਹੀਂ ਸਗੋਂ ਸੰਘਰਸ਼ ਦਾ ਮੁਕਾਬਲਾ ਹੀ ਜੀਵਨ ਹੈ। ਇੰਜ ਹੀ ਗੁਰੂ ਅਮਰਦਾਸ ਭਗਤ ਪ੍ਰਹਿਲਾਦ ਦੀ ਕਹਾਣੀ ਦੱਸਦੇ ਹਨ ਕਿ ਕਿਵੇਂ ਉਸ ਦੇ ਪਿਤਾ ਨੇ ਉਸ ਨੂੰ ਇਕ ਕਮਰੇ ਅੰਦਰ ਬੰਦ ਕਰ ਦਿੱਤਾ ਸੀ ਪਰੰਤੂ ਬੱਚਾ ਪ੍ਰਹਿਲਾਦ ਡਰਿਆ ਨਹੀਂ ਸਗੋਂ ਉਸਨੇ ਕਿਹਾ ਸੀ ਕਿ ਮੇਰੇ ਅੰਦਰ ਪਰਮਾਤਮਾ ਹੈ। ਇਸ ਦਾ ਭਾਵ ਇਹ ਹੈ ਕਿ ਪਰਮਾਤਮਾ ਸਹੀ ਮਨੁੱਖਾਂ ਦੇ ਨਾਲ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਹੱਸਦੇ ਹੱਸਦੇ ਸ਼ਹਾਦਤ ਦਿੱਤੀ। ਸਿੱਖ ਧਰਮ ਵਿਚ ਇਸ ਸਦਗੁਣ ਨੂੰ ਕਦੇ ਕਦੇ ਭਰਿਆ ਹੋਇਆ ਅਧਿਆਤਮਕ ਸਾਹਸ ਦੇ ਤੌਰ ਤੇ ਜਾਣਿਆ ਜਾਂਦਾ ਹੈ। ਗੁਰੂ ਅਰਜਨ ਦੇਵ ਕਹਿੰਦੇ ਹਨ, "ਪਰਮਾਤਮਾ ਨਿਡਰ ਹੈ। ਉਹ ਤੁਹਾਡੇ ਅੰਦਰ ਵੱਸਦਾ ਹੈ, ਤਦ ਤੁਸੀਂ ਕਿਉਂ ਡਰਦੇ ਹੋ"? ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਤੌਰ

ਤੇ ਪ੍ਰਮਾਤਮਾ ਨਾਲ ਜੁੜੇ ਮਨੁੱਖ ਬਾਰੇ ਕਹਿੰਦੇ ਹਨ ਕਿ ਉਸ ਨੂੰ ਡਰ ਨਹੀਂ ਲਗਦਾ, ਨਾ ਹੀ ਕਦੇ ਡੁੱਬਦਾ ਹੈ। ਪਰਮਾਤਮਾ ਦੁਆਰਾ ਪ੍ਰੇਰਤ ਵਿਸ਼ਵਾਸ ਅਤੇ ਸਾਹਸ ਬਾਰੇ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, "ਪਰਮਾਤਮਾ ਨੇ ਮੇਰੀ ਰੱਖਿਆ ਕੀਤੀ ਹੈ ਅਤੇ ਮੈਂ ਨਿਰਭਉ ਹੋ ਗਿਆ ਹਾਂ, ਹੁਣ ਮੈਂ ਸ਼ਹੀਦੀ (ਆਨੰਦ ਦੀ ਅਵਸਥਾ) ਦਾ ਆਨੰਦ ਲੈ ਰਿਹਾ ਹਾਂ। ਬਹੁਤ ਸਾਰੇ ਗੁਰੂਆਂ ਦੀਆਂ ਲਿਖਤਾਂ ਵਿਚ ਨਿਰਪੇਖ (Absolute) ਦਾ ਵਰਨਣ ਨਿਡਰ ਦੇ ਤੌਰ ਤੇ ਕੀਤਾ ਗਿਆ ਹੈ। ਡਰ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਕੋਈ ਦੂਜਾ ਹੁੰਦਾ ਹੈ ਜਿਸ ਤੋਂ ਕਿਸੇ ਨੂੰ ਡਰ ਲਗਦਾ ਹੈ। ਇੰਜ ਜਦੋਂ ਨਿਰਪੇਖ ਨੂੰ ਨਿਰਭਉ ਕਿਹਾ ਜਾਂਦਾ ਹੈ, ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਇਹ ਨਿਰਪੇਖ ਕੇਵਲ ਇਕੋ ਇਕ ਹੀ ਹੈ ਅਤੇ ਦਵੈਤਵਾਦ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਨਿਰਪੇਖ ਨੂੰ ਨਿਰਭਉ ਆਖਿਆ ਹੈ। ਉਹਨਾਂ ਨੇ ਤਾਂ ਇਸ ਨੂੰ ਸਰਬ ਲੋਹ (All Steel) ਵੀ ਕਿਹਾ ਹੈ। ਬਹਾਦੁਰੀ ਬਾਰੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਜ਼ਫਰਨਾਮੇ ਵਿਚ ਔਰੰਗਜ਼ੇਬ ਨੂੰ ਲਿਖਦੇ ਹਨ, ਜਦੋਂ ਹਾਲਾਤ ਸਾਰੇ ਇਲਾਜਾਂ ਨੂੰ ਪਾਰ ਕਰ ਜਾਵੇ, ਤਦ ਤਲਵਾਰ ਚੁਕਣੀ ਉਚਿਤ ਹੁੰਦੀ ਹੈ। ਅਜਿਹਾ ਸੰਦੇਸ਼ ਭਗਵਦ ਗੀਤਾ ਵਿਚ ਵੀ ਮਿਲਦਾ ਹੈ ਜਦੋਂ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਤਲਵਾਰ ਉਠਾਉਣ ਲਈ ਕਿਹਾ ਸੀ। ਜੰਗ-ਏ-ਮੈਦਾਨ ਵਿਚ ਬਹਾਦੁਰੀ ਦਿਖਾਉਣ ਦੀ ਲੋੜ ਪਹਿਲਾਂ ਛੇਵੇਂ ਸਿੱਖ ਗੁਰੂ ਹਰਗੋਬਿੰਦ ਜੀ ਨੇ ਮਹਿਸੂਸ ਕੀਤੀ ਜੋ ਦਸਵੇਂ ਗੁਰੂ ਗੋਬਿੰਦ ਸਿੰਘ ਤੱਕ ਅਤੇ ਬਾਅਦ ਵਿਚ ਵੀ ਰਹਿਤਨਾਮਿਆਂ ਵਿਚ ਜਾਰੀ ਰਹੀ। ਇਸ ਸਮੇਂ ਦੇ ਦੌਰਾਨ ਇਕ ਵਾਰੀ ਜ਼ਰੂਰ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਹਥਿਆਰ ਚੁਕਣ ਨਾਲੋਂ ਸ਼ਹਾਦਤ ਨੂੰ ਸਵੀਕਾਰ ਕੀਤਾ ਜੋ ਕਿਲਾਬੰਦੀ ਅਤੇ ਬਹਾਦੁਰੀ ਦਾ ਬੇਮਿਸਾਲ ਸੁਮੇਲ ਸੀ।

ਸਿੱਖ ਧਰਮ ਵਿਚ ਸਾਹਸ ਦੀ ਮਹੱਤਤਾ ਇੱਕ ਨੈਤਿਕ ਸਦਗੁਣ ਦੇ ਤੌਰ ਤੇ, ਜਿਵੇਂ ਰਹਿਤਨਾਮਿਆਂ ਵਿਚ ਜ਼ਿਕਰ ਆਉਂਦਾ ਹੈ, ਬਹੁਤ ਵੱਧ ਗਈ ਹੈ। ਇਸ ਨੇ, ਇਹ ਨਿਰਧਾਰਤ ਕਰਨ ਲਈ ਕਿ ਕੀ ਕੋਈ ਵਿਸ਼ੇਸ਼ ਵਿਅਕਤੀ ਸਿੱਖ ਨੈਤਿਕਤਾ ਨੂੰ ਸਵੀਕਾਰ ਕਰਦਾ ਹੈ ਜਾਂ ਨਹੀਂ, ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇੰਜ ਅਸੀਂ ਵੇਖਦੇ ਹਾਂ ਕਿ ਤਨਖਾਹਨਾਮਾ (ਨੰਦ ਲਾਲ ਜੀ) ਵਿਚ ਕਿਹਾ ਗਿਆ ਹੈ ਕਿ ਖਾਲਸੇ ਦੇ ਹੋਰ ਦੂਜੇ ਗੁਣਾਂ ਵਿਚ ਇੱਕ ਗੁਣ ਇਹ ਵੀ ਹੈ ਕਿ ਜੰਗ ਦੇ ਮੈਦਾਨ ਵਿਚ ਸਭ ਤੋਂ ਅੱਗੇ ਹੋ ਕੇ ਲੜਨਾ, ਹਥਿਆਰ ਪਹਿਨਣੇ ਅਤੇ ਮਰਦੇ ਦਮ ਤੱਕ ਲੜਣਾ ਹੈ। ਏਦਾਂ ਹੀ ਭਾਈ ਚੌਪਾ ਸਿੰਘ ਜੀ ਸਿੱਖ ਪਾਸੋਂ ਮੰਗ ਕਰਦੇ ਹਨ ਕਿ ਉਸ ਨੂੰ ਜੰਗ ਦੇ ਮੈਦਾਨ ਵਿਚ ਭੱਜਣਾ ਨਹੀਂ ਚਾਹੀਦਾ: ਕਿੰਨੀ ਵੀ ਭਿਆਨਕ ਜੰਗ ਕਿਉਂ ਨਾ ਹੋਵੇ ਸਿੱਖ ਨੇ ਹਥਿਆਰਾਂ ਨੂੰ ਪਹਿਨਣਾਂ ਹੈ ਅਤੇ ਲੜਨਾ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਵਿਚ ਭਾਈ ਸੁੱਖਾ ਸਿੰਘ ਨੇ ਆਪਣੇ ਗੁਰਬਿਲਾਸ (1854) ਵਿਚ ਬਹਾਦੁਰੀ ਉਪਰ ਜ਼ੋਰ ਦਿੱਤਾ ਹੈ। 'ਗੁਰਬਿਲਾਸ' ਅਨੁਸਾਰ ਪੰਜਵੇਂ ਗੁਰੂ ਅਰਜਨ ਦੇਵ ਨੇ ਇਕ ਯੋਧੇ ਕਲੇਸੀ ਨੂੰ ਸੰਬੋਧਨ ਕੀਤਾ ਅਤੇ ਸਹੀ ਕਾਰਨ ਲਈ ਲੜਣ ਦੇ ਸਦਗੁਣ ਬਾਰੇ ਦੱਸਿਆ। ਅਜਿਹਾ ਯੋਧਾ ਸਾਰੀ ਧਰਤੀ ਉਪਰ ਰਾਜ ਕਰ ਸਕਦਾ ਹੈ ਅਤੇ ਮਰਨ ਤੋਂ ਬਾਅਦ ਮੁਕਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਖੁਦ ਕਹਿੰਦੇ ਹਨ ਕਿ ਸਾਹਸ ਇਕ ਉਚ ਦਰਜੇ ਦਾ ਸਦਗੁਣ ਹੈ। ਉਹਨਾਂ ਅਨੁਸਾਰ ਬਹਾਦੁਰ ਅਤੇ ਪਰਉਪਕਾਰੀ ਹੀ ਸੰਸਾਰ ਵਿਚ ਸਨਮਾਨ ਪ੍ਰਾਪਤ ਕਰਦੇ ਹਨ। ਜੋਹਨ ਕਲਾਰਕ ਆਰਚਰ ਲਿਖਦਾ ਹੈ ਕਿ "ਸ਼ੁਰੂ ਤੋਂ ਹੀ ਗੁਰੂ ਗੋਬਿੰਦ ਸਿੰਘ ਸਾਰੇ ਸਿੰਘਾਂ ਨੂੰ ਹਥਿਆਰ ਪਹਿਨਣ ਦਾ ਅਭਿਆਸ ਕਰਵਾਇਆ ਕਰਦੇ ਸਨ ਅਤੇ ਸਿੰਘਾਂ ਨੂੰ ਕਿਹਾ ਕਰਦੇ ਸਨ ਕਿ ਲੜਾਈ ਦੇ ਮੈਦਾਨ ਦੇ ਸਮੇਂ ਦੁਸ਼ਮਨ ਤੋਂ ਭੱਜਣਾ ਨਹੀਂ ਅਤੇ ਨਾ ਹੀ ਆਤਮ-ਸਮਰਪਣ ਕਰਨਾ ਹੈ।" ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਵਿਚ ਇਕ ਧਰਮ ਜਾਂ ਸਮੁਦਾਇ ਦੇ ਲੋਗ ਨਹੀਂ ਹਨ ਸਗੋਂ ਹਿੰਦੂ, ਮੁਸਲਮਾਨ ਅਤੇ ਸਿੱਖ ਸਾਰੇ ਸਨ। ਉਹਨਾਂ ਨੇ ਕਿਹਾ ਹੈ ਕਿ ਜੰਗ ਦੇ ਮੈਦਾਨ ਵਿਚ ਸਾਡਾ ਸਾਹਸ ਬਿਨਾਂ ਕਿਸੇ ਨਫ਼ਰਤ ਜਾਂ ਦੁਸ਼ਮਣੀ ਦੇ ਅਧਿਆਤਮਕ ਸੱਚ ਦੀ ਘੋਸ਼ਣਾ ਕਰਨੀ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਨੇ ਦੂਜੇ ਨੈਤਿਕ ਸਿਧਾਂਤਾਂ ਜਿਵੇਂ ਸਮਾਨਤਾ, ਉਚਿਤਤਾ, ਸਰਵ-ਵਿਆਪੀ ਭਾਈਚਾਰੇ ਉਪਰ ਵੀ ਜ਼ੋਰ ਦਿੱਤਾ ਹੈ। ਜਿਹੜੇ ਉਹਨਾਂ ਨੂੰ ਪਰਮਾਤਮਾ ਕਹਿੰਦੇਸਨ, ਉਹ ਉਹਨਾਂ ਦੀ ਨਿੰਦਾ ਕਰਦੇ ਸਨ। ਸਾਹਸ ਨੂੰ ਇੱਕ ਸਦਗੁਣ ਦੇ ਤੌਰ ਤੇ ਜ਼ਰੂਰ ਹੀ ਸਮੂਹਾਂ, ਕੌਮਾਂ ਦੀਆਂ ਹੱਦਾਂ ਨੂੰ ਪਾਰ ਕਰਨਾ ਚਾਹੀਦਾ ਹੈ ਅਤੇ ਇਹ ਸਮੁੱਚੀ ਮਾਨਵਤਾ ਲਈ ਹੋਣਾ ਚਾਹੀਦਾ ਹੈ।

1.3.3.6 **ਨਿਮਰਤਾ (Humility)** : ਨਿਮਰਤਾ ਅਜਿਹਾ ਸਦਗੁਣ ਹੈ ਜਿਸਦੀ ਮਹੱਤਤਾ ਨਿਜੀ ਅਤੇ ਸਮਾਜਿਕ ਦੋਹਾਂ

ਤਰ੍ਹਾਂ ਨਾਲ ਹੈ। ਨਿਮਰਤਾ ਦੇ ਸਦਗੁਣ ਨੂੰ ਪੈਦਾ ਕਰਨ ਵਿਚ ਅਸਮਰਥਾ ਦਾ ਕਾਰਨ ਨੈਤਿਕ ਅਦਰਸ਼ ਬਾਰੇ ਮਨੁੱਖ ਦੀ ਅਗਿਆਨਤਾ ਹੁੰਦੀ ਹੈ ਜਿਸ ਨਾਲ ਉਸ ਨੂੰ ਜ਼ਰੂਰ ਹੀ ਆਪਣੇ ਆਤਮ ਦਾ ਲੇਖਾ ਜੋਖਾ ਕਰਨਾ ਚਾਹੀਦਾ ਹੈ। ਇੰਜ ਨਿਮਰਤਾ ਦਾ ਸਦਗੁਣ ਕੇਵਲ ਉਹਨਾਂ ਦਾ ਹੀ ਸਦਗੁਣ ਨਹੀਂ ਹੈ ਜਿਹਨਾਂ ਨੇ ਕੁਝ ਪ੍ਰਾਪਤੀ ਕਰ ਲਈ ਹੈ ਸਗੋਂ ਉਹਨਾਂ ਦਾ ਵੀ ਸਦਗੁਣ ਹੈ ਜਿਹਨਾਂ ਨੇ ਆਦਰਸ਼ ਪ੍ਰਾਪਤੀ ਦੇ ਉਦੇਸ਼ ਰਾਹੀਂ ਆਪਣੇ ਆਪ ਦਾ ਮੁਲਾਂਕਣ ਕਰ ਲਿਆ ਹੈ। ਨਿਮਰ ਜਾਂ ਨਿਮਰਤਾ (Humility) ਲਈ ਸਿੱਖ ਧਰਮ ਵਿੱਚ ਸ਼ਬਦ ਗਰੀਬ, ਨੀਚ ਅਤੇ ਨਿਮਾਣਾ ਦਾ ਇਸਤੇਮਾਲ ਹੋਇਆ ਹੈ। ਭਾਈ ਗੁਰਦਾਸ ਜੀ ਨੇ ਨਿਮਰਤਾ ਅਤੇ ਨਿਤਾਣਾ ਸ਼ਬਦਾਂ ਦਾ ਪ੍ਰਯੋਗ ਨਿਮਰਤਾ ਜਾਂ ਸ਼ਕਤੀਹੀਣਤਾ ਲਈ ਕੀਤਾ ਹੈ। ਗੁਰੂ ਖੁਦ ਨਿਮਰਤਾ ਲਈ ਕਹਿੰਦਾ ਹੈ, ਮੈਂ ਨੀਵਾਂ ਅਤੇ ਬਿਨਾਂ ਸਹਾਰੇ ਦੇ (ਨਿਆਸਰਾ) ਹਾਂ, ਅਗਿਆਨ ਅਤੇ ਬਿਨਾਂ ਕਿਸੇ ਗੁਣ ਦੇ ਹਾਂ।" ਇਸ ਸਦਗੁਣ ਨੂੰ ਧਾਰਨ ਲਈ ਦੂਜਿਆਂ ਦੁਆਰਾ ਵੀ ਅਜਿਹੇ ਨਜ਼ਰੀਏ ਦੀ ਲੋੜ ਹੈ। ਇਕ ਹੋਰ ਜਗ੍ਹਾ ਗੁਰੂ ਜੀ ਆਖਦੇ ਹਨ, "ਕਈਆ ਨੂੰ ਬੋਲਣ ਦੀ ਆਪਣੀ ਸ਼ਕਤੀ ਉਪਰ ਮਾਣ ਹੁੰਦਾ ਹੈ, ਦੂਜਿਆਂ ਨੂੰ ਆਪਣੇ ਅਮੀਰਪੁਣੇ ਉਪਰ ਪਰੰਤੂ ਬਿਨਾਂ ਪਰਮਾਤਮਾ ਦੇ ਮੈਨੂੰ ਕਿਸੇ ਹੋਰ ਦਾ ਆਸਰਾ ਨਹੀਂ ਹੈ।" ਭਾਈ ਗੁਰਦਾਸ ਲਿਖਦੇ ਹਨ ਕਿ ਹੇ ਰਚਨਹਾਰੇ, ਮੇਰੇ ਮਾਲਕ, ਮੈਨੂੰ ਬਚਾਓ, ਮੈਂ ਤੁਹਾਡਾ ਨਿਮਾਣਾ ਜਿਹਾ ਗੁਲਾਮ ਹਾਂ।" ਉਹ ਲਿਖਦੇ ਹਨ ਕਿ ਜਿਹੜਾ ਗੁਰੂ ਦੀਆਂ ਹਦਾਇਤਾਂ ਉਪਰ ਚਲਦਾ ਹੈ, ਉਹ ਆਪਣੇ ਆਪ ਨੂੰ ਨੀਵਿਆਂ ਦਾ ਨੀਵਾਂ ਕਹਿੰਦਾ ਹੈ।" ਵਿਅਕਤੀ ਨੂੰ ਆਪਣੇ ਗੁਣਾਂ ਦਾ ਅੰਦਾਜਾ ਨਿਮਰਤਾਪੂਰਬਕ ਹੋਣਾ ਚਾਹੀਦਾ ਹੈ; ਇਹ ਰਵੱਈਆ ਹੀ ਕੇਵਲ ਕਿਸੇ ਦੇ ਗੁਣ ਦਾ ਪ੍ਰਗਟਾਅ ਹੁੰਦਾ ਹੈ। ਮਿਸਾਲ ਵਜੋਂ ਅੰਬ ਦਾ ਦਰਖਤ ਅੰਬਾਂ ਦੇ ਭਾਰ ਕਾਰਨ ਨੀਵਾਂ ਝੁਕਿਆ ਹੋਇਆ ਹੈ। ਦਰਅਸਲ ਨਿਮਰਤਾ ਗੁਣ ਦੀ ਨਿਸ਼ਾਨੀ ਹੈ ਅਤੇ ਇਸ ਗੁਣ ਦਾ ਮੁੱਲ ਇਸ ਗੱਲ ਕਰਕੇ ਹੈ ਕਿ ਇਸ ਗੁਣ ਦੀ ਮਲਕੀਅਤ ਬਾਰੇ ਨਿਮਰ ਰਾਇ ਰੱਖਣੀ ਚਾਹੀਦੀ ਹੈ।

ਸਮਾਜਿਕ ਪੱਖ ਤੋਂ ਨਿਮਰਤਾ ਦਾ ਅਰਥ ਅਜਿਹਾ ਸਦਗੁਣ ਹੋ ਸਕਦਾ ਹੈ ਜਿਸ ਦਾ ਪ੍ਰਗਟਾਵਾ ਆਪਣੇ ਸਾਥੀਆਂ ਪ੍ਰਤੀ, ਗੁਰੂ ਪ੍ਰਤੀ ਅਤੇ ਅਨੁਭਵ ਪ੍ਰਤੀ ਹੋਇਆ ਹੋਵੇ। ਪਹਿਲਾਂ ਬਹੁਤ ਹੀ ਮੁਸ਼ਕਿਲ ਪ੍ਰਤੀਤ ਦਿੰਦਾ ਹੈ ਕਿਉਂਕਿ ਜਿਥੋਂ ਤੱਕ ਗੁਰੂ ਜਾਂ ਅਨੁਭਵ-ਅਤੀਤ ਦਾ ਪ੍ਰਸ਼ਨ ਹੈ, ਵਿਅਕਤੀ ਜ਼ਰੂਰ ਹੀ ਆਪਣੇ ਆਪ ਨੂੰ ਉਹਨਾਂ ਦੇ ਮੁਕਾਬਲੇ ਅਪੂਰਨ ਸਮਝਦਾ ਹੈ। ਪਰੰਤੂ ਆਪਣੇ ਸੰਗੀ ਸਾਥੀਆਂ ਦੇ ਮਾਮਲੇ ਵਿਚ ਵਿਅਕਤੀ ਉਹਨਾਂ ਦੀ ਤੁਲਨਾ ਵਿਚ ਕਈ ਪੱਖਾਂ ਵਿਚ ਆਪਣੇ ਆਪ ਬਾਰੇ ਭਿੰਨ ਵਿਚਾਰ ਰੱਖਦਾ ਹੈ। ਇਹ ਭਾਵੇਂ ਮੁਸ਼ਕਲ ਹੈ ਪਰੰਤੂ ਬੁਨਿਆਦੀ ਵੀ ਇਹੀ ਹੀ ਹੈ। ਭਾਈ ਗੁਰਦਾਸ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਲੋਗ ਇਕ ਦੂਜੇ ਦੇ ਪੈਰਾਂ ਨੂੰ ਹੱਥ ਲਗਾਉਂਦੇ ਸਨ ਜੋ ਨਿਮਰਤਾ ਦੀ ਨਿਸ਼ਾਨੀ ਸੀ। ਸਿਰ ਉੱਚਾ ਹੁੰਦਾ ਹੈ ਪਰ ਜਦੋਂ ਪੈਰਾਂ ਉਪਰ ਝੁਕਦਾ ਹੈ ਤਾਂ ਇਹ ਨਿਮਰਤਾ ਦੀ ਨੈਤਿਕਤਾ ਹੈ। ਗੁਰੂ ਦੇ ਸਾਹਮਣੇ ਨਿਮਰਤਾ ਦਰਅਸਲ ਕੇਵਲ ਉਚਿਤ ਰਵੱਈਆ ਹੈ। ਗੁਰੂ ਜੀ ਕਹਿੰਦੇ ਹਨ, ਹੱਦੋਂ ਵੱਧ ਨਿਮਰਤਾ ਵਿਚ ਮੈਂ ਪੂਰਨ ਗੁਰੂ ਦੇ ਦਰਵਾਜ਼ੇ ਅੱਗੇ ਡਿੱਗ ਪੈਂਦਾ ਹਾਂ, ਉਹ ਨਿਮਰ ਵਿਅਕਤੀ ਨੂੰ ਸਨਮਾਨ ਬਖਸ਼ਦਾ ਹੈ ਅਤੇ ਉਹਨਾਂ ਨੂੰ ਥਾਪਣਾ ਦਿੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਕਈ ਵਾਰ ਕਿਸੇ ਸੰਤ ਮਹਾਤਮਾ ਦੇ ਪੈਰਾਂ ਦੀ ਧੂੜ ਆਪਣੇ ਮੱਥੇ ਉਪਰ ਲਗਾਉਣ ਦੀ ਇੱਛਾ ਪ੍ਰਗਟ ਕੀਤੀ ਸੀ ਤਾਂਕਿ ਉਹ ਖੁਦ ਨੀਵਿਆਂ ਵਿਚ ਸਭ ਤੋਂ ਨੀਵੇਂ ਬਣ ਸਕਣ। ਗੁਰੂ ਨਾਨਕ ਦੇਵ ਜੀ ਅਨੁਭਵ-ਅਤੀਤ ਪ੍ਰਤੀ ਨਿਮਰਤਾ ਬਾਰੇ ਦੱਸਦੇ ਹਨ ਕਿ ਅਸੀਂ ਸੀਮਾਵਾਂ ਅੰਦਰ ਹੀ ਖਾਂਦੇ, ਪੀਂਦੇ, ਬੋਲਦੇ, ਵੇਖਦੇ ਅਤੇ ਸਾਹ ਲੈਂਦੇ ਹਾਂ ਅਤੇ ਸਾਡੇ ਜੀਵਨ ਦਾ ਸਮਾਂ ਵੀ ਸੀਮਤ ਹੈ। ਨਿਮਰਤਾ ਦਾ ਸਦਗੁਣ ਮਨੁੱਖ ਨੂੰ ਇਸ ਸੀਮਾ ਦਾ ਅਹਿਸਾਸ ਕਰਵਾਉਂਦਾ ਹੈ ਕਿ ਉਹ ਇੱਕ ਆਦਰਸ਼ ਤੋਂ ਕਿੰਨਾ ਦੂਰ ਹੈ, ਕਿੰਨੀਆਂ ਕਮੀਆਂ ਉਸ ਅੰਦਰ ਹਨ।

ਭਾਈ ਗੁਰਦਾਸ ਕੁਝ ਛੋਟੀਆਂ ਛੋਟੀਆਂ ਵਸਤੂਆਂ ਦਾ ਵੀ ਜ਼ਿਕਰ ਕਰਦੇ ਹਨ ਜੋ ਨਿਮਰਤਾ ਦੇ ਸਦਗੁਣ ਨਾਲ ਭਰਪੂਰ ਹਨ। ਉਹ ਸਭ ਤੋਂ ਛੋਟੀ ਉਂਗਲ (ਚੀਚੀ), ਪਾਣੀ ਦੇ ਛੋਟੇ ਤੁਪਕੇ, ਖਸਖਸ ਦਾ ਦਾਣਾ ਅਤੇ ਤਿਲ ਦਾ ਬੀਜ ਆਦਿ ਦੀਆਂ ਮਿਸਾਲਾਂ ਦਿੰਦੇ ਹਨ ਕਿ ਇਹਨਾਂ ਛੋਟੀਆਂ ਵਸਤੂਆਂ ਅੰਦਰ ਨਿਮਰਤਾ ਕੁਟ ਕੁਟ ਕੇ ਭਰੀ ਪਈ ਹੈ। ਸਭ ਤੋਂ ਛੋਟੀ ਉਂਗਲ ਵਿਚ ਮੁੰਦਰੀ ਪਾਈ ਜਾਂਦੀ ਹੈ, ਪਾਣੀ ਦੇ ਤੁਪਕੇ ਵਿਚ ਹੀਰਾ ਬਣਦਾ ਹੈ, ਛੋਟੇ ਛੋਟੇ ਬੀਜ ਕਿੰਨੇ ਗੁਣਕਾਰੀ ਅਤੇ ਲਾਭਦਾਇਕ ਹਨ। ਪਰੰਤੂ ਏਨੇ ਗੁਣਵਾਨ ਹੋਣ ਦੇ ਬਾਵਜੂਦ ਉਹ ਦਿਖਾਵਟ ਵਿਚ ਛੋਟੇ ਰਹਿਣਾ ਹੀ ਪਸੰਦ ਕਰਦੇ ਹਨ ਅਤੇ ਨਿਮਰਤਾ ਨਾਲ

ਭਰੇ ਪਏ ਹਨ। ਇਸ ਲਈ ਮਨੁੱਖ ਲਈ ਜੋ ਪ੍ਰਕ੍ਰਿਤੀ ਦੀ ਲਗਾਤਾਰਤਾ ਵਿਚ ਇਕ ਲਿੰਕ ਹੈ ਅਤੇ ਇਸ ਪ੍ਰਕ੍ਰਿਤੀ ਦਾ ਸਿਖਰ ਵੀ ਹੈ, ਜ਼ਰੂਰੀ ਅਤੇ ਮਹੱਤਵਪੂਰਨ ਹੈ ਕਿ ਉਸ ਪਾਸ ਨਿਮਰਤਾ ਅਤੇ ਹਲੀਮਤਾ ਹੋਣੀ ਚਾਹੀਦੀ ਹੈ। ਇਸ ਅਰਥ ਵਿਚ ਭਾਈ ਗੁਰਦਾਸ ਜੀ ਆਖਦੇ ਹਨ ਕਿ ਗੁਰਮੁਖ ਭਾਵੇਂ ਕਿੰਨਾ ਸ਼ਕਤੀਵਾਨ ਹੁੰਦਾ ਹੈ ਪਰੰਤੂ ਉਸ ਅੰਦਰ ਸ਼ਕਤੀਹੀਣਤਾ ਹੁੰਦੀ ਹੈ। ਆਦਰਸ਼-ਆਤਮਾ ਦੀ ਪ੍ਰਾਪਤੀ ਲਈ ਨਿਮਰਤਾ ਇਸ ਦਾ ਜ਼ਰੂਰੀ ਅੰਗ ਹੈ। ਜਿਹੜੇ ਵਿਅਕਤੀ ਨਿਮਰਤਾ ਦੇ ਮਾਲਕ ਹੁੰਦੇ ਹਨ ਉਹ ਹੀ ਇਸ ਆਦਰਸ਼ ਦੇ ਨਜ਼ਦੀਕ ਹੁੰਦੇ ਹਨ ਭਾਵ ਇਸ ਆਦਰਸ਼ ਦੀ ਪ੍ਰਾਪਤੀ ਉਹ ਜਲਦੀ ਹੀ ਕਰ ਲੈਂਦੇ ਹਨ ਜਿਵੇਂ ਕਿ ਉਹ ਸਹੀ ਰਾਹ ਉਪਰ ਹੁੰਦੇ ਹਨ।

1.3.3.7 **ਸੰਤੋਖ (Contentment)** : ਸੰਸਕ੍ਰਿਤ ਭਾਸ਼ਾ ਦੀ ਜੜ੍ਹ 'ਤੁਸ਼ (TUS) ਤੋਂ ਸੰਤੋਸ਼ ਸ਼ਬਦ ਬਣਿਆ ਹੈ ਅਤੇ ਸੰਤੋਸ਼ ਤੋਂ ਸ਼ਬਦ ਸੰਤੋਖ ਦੀ ਉਤਪਤੀ ਹੋਈ ਹੈ ਜਿਸ ਦਾ ਅਰਥ ਖੁਸ਼ੀ ਸ਼ਾਂਤੀ ਹੈ। ਸੰਤੋਖ ਇੱਕ ਸਦਗੁਣ ਹੈ ਜੋ ਸਿੱਖ ਨੈਤਿਕਤਾ ਵਿਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਸਿੱਖ ਧਰਮ ਅੰਦਰ ਮਨੁੱਖੀ ਜੀਵਨ ਬਾਰੇ ਦ੍ਰਿਸ਼ਟੀਕੋਣ ਬਹੁਤ ਵਿਸ਼ਾਲ ਹੈ ਜਿਸ ਵਿਚ ਕਿਰਿਆ ਹੈ। ਸਿੱਖ ਧਰਮ ਵਿਚ ਕਿਰਿਆਵਾਦ ਮਾਨਵੀ ਜੀਵਨ ਦੇ ਅਧਿਆਤਮਕ ਆਦਰਸ਼ ਨਾਲ ਇਕਸੁਰਤਾ ਵਿਚ ਹੋ ਕੇ ਕੇਂਦਰੀ ਹੈ ਪਰੰਤੂ ਕਿਰਿਆਵਾਦ ਅੰਦਰ ਵਿਅਕਤੀ ਨੂੰ ਥਕਾ ਦੇਣ ਦੀ ਸੰਭਵਤਾ ਹੁੰਦੀ ਹੈ ਜਿਸ ਨਾਲ ਜੀਵ ਵਿਚ ਕਦੇ ਕਦੇ ਨਿਰਾਸ਼ਤਾ ਅਤੇ ਮਾਯੂਸੀ ਪੈਦਾ ਹੋਣ ਦਾ ਖਤਰਾ ਹੁੰਦਾ ਹੈ। ਇਸ ਲਈ ਸੰਤੋਖ ਦਾ ਸਦਗੁਣ ਸਿੱਖ ਧਰਮ ਦਾ ਇਕ ਹਿੱਸਾ ਹੈ। ਮਨੁੱਖੀ ਜੀਵਨ ਵਿਚ ਇਹ ਸੰਭਵ ਹੁੰਦਾ ਹੈ ਕਿ ਮਨੁੱਖ ਆਪਣੀ ਪੂਰੀ ਵਾਹ ਲਗਾਉਣ ਤੋਂ ਬਾਅਦ ਵੀ ਨਿਰਾਸ਼ਾ ਵੱਲ ਜਾਂਦਾ ਹੈ। ਹਾਲਾਤਾਂ ਨਾਲ ਅਨੁਸਾਰਤਾ ਰੱਖਣ ਲਈ ਉਸ ਪਾਸ ਵੈਰਾਗ ਅਤੇ ਸੰਤੋਖ ਦੇ ਦੋ ਵਿਕਲਪ ਹੁੰਦੇ ਹਨ। ਤਿਆਗ ਦੀ ਮਨੋਬਿਰਤੀ ਵਧੇਰੇ ਲਾਲਚ ਵਾਲੀ ਹੋ ਸਕਦੀ ਹੈ ਪਰੰਤੂ ਸੰਤੋਖ ਵਾਲੀ ਮਨੋਬਿਰਤੀ ਨਾਲ ਮਨੁੱਖ ਆਪਣਾ ਨਿਸ਼ਚਾ ਨਹੀਂ ਗਵਾਉਂਦਾ ਅਤੇ ਦੁਬਾਰਾ ਕਿਰਿਆ ਕਰਨ ਲਈ ਤਿਆਰ ਰਹਿੰਦਾ ਹੈ। ਇੰਜ ਸੰਤੋਖ ਨੂੰ ਪੈਦਾ ਕੀਤੀ ਹੋਈ ਮਾਨਸਿਕ ਸਥਿਤੀ ਦੇ ਤੌਰ ਤੇ ਬਿਆਨਿਆ ਜਾ ਸਕਦਾ ਹੈ। ਸੰਤੋਖ ਦੇ ਸਦਗੁਣ ਵੀ ਸਾਰੇ ਸਿੱਖ ਗੁਰੂਆਂ ਨੇ ਮਹੱਤਤਾ ਦੱਸੀ ਹੈ। ਉਸ ਸਮੇਂ ਜੇ ਕੋਈ ਗੁਰੂ ਕੇਵਲ ਤਿੰਨ ਹੀ ਸਦਗੁਣਾਂ ਦਾ ਜ਼ਿਕਰ ਕਰਦਾ ਤਾਂ ਸੰਤੋਖ ਦਾ ਸਦਗੁਣ ਉਹਨਾਂ ਵਿਚੋਂ ਇੱਕ ਹੁੰਦਾ। ਗੁਰੂਆਂ ਨੇ ਜ਼ਿਆਦਾ ਕਰਕੇ ਸੱਤ, ਸੰਤੋਖ, ਸੰਜਮ ਵੀਚਾਰੋ ਜਾਂ ਸਤ, ਸੰਤੋਖ ਦੀ ਗੱਲ ਕੀਤੀ ਹੈ। ਦੂਜਾ ਇਹ ਹੈ ਕਿ ਆਦਿ ਗ੍ਰੰਥ ਵਿੱਚ ਬਾਰ ਬਾਰ 'ਸੱਤ ਸੰਤੋਖ' ਦਾ ਇਕੱਠਿਆਂ ਜ਼ਿਕਰ ਆਇਆ ਹੈ। ਜਨਮਸਾਖੀ ਵਿਚ ਇਸ ਦਾ ਵਰਣਨ ਅਧਿਆਤਮਿਕ ਪ੍ਰਗਤੀ ਦੇ ਇਕ ਪੱਖ ਦੇ ਤੌਰ ਤੇ ਭਾਵ ਭਲੇ ਲੋਕਾਂ ਦੇ ਸਮਾਜ ਦੇ ਤੌਰ ਤੇ ਹੋਇਆ ਹੈ। ਜਾਂ ਫਿਰ ਸਚਿਆਰਤਾ, ਸਵੈ-ਨਿਯਮਤਾ ਅਤੇ ਸੰਤੋਖ (ਸਤਸੰਗਤ, ਸੱਤਯ, ਸਾਮ, ਧਾਮ, ਸੰਤੋਖ)।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਹ ਕਿਹੜੀ ਵਸਤੂ ਹੈ ਜਿਸ ਨਾਲ ਮਨੁੱਖ ਸੰਤੋਖ ਕਰੇ? ਕੀ ਉਸ ਨੂੰ ਗਰੀਬੀ, ਭੁੱਖ ਆਦਿ ਨਾਲ ਸੰਤੋਖ ਕਰਨਾ ਚਾਹੀਦਾ ਹੈ? ਇਹਨਾਂ ਨੂੰ ਦੂਰ ਕਰਨ ਲਈ ਬਿਨਾਂ ਕੋਈ ਯਤਨ ਕੀਤੇ ਕੀ ਸੰਤੋਖ ਦਾ ਅਰਥ ਹੈ। ਉਸ ਸਭ ਕੁਝ ਨੂੰ ਵੀ ਸਵੀਕਾਰ ਕਰਨਾ ਜਿਵੇਂ ਹੈ ਭਾਵ ਕੀ ਬੁਰਾਈ ਅਵੇਸਲਾਪਨ ਜਾਂ ਨਿਸ਼ਕਿਰਿਆਸ਼ੀਲਤਾ ਨਾਲ ਸੰਤੋਖ ਕੀਤਾ ਜਾਵੇ? ਕੀ ਮਨੁੱਖ ਨੂੰ ਨੈਤਿਕ ਅਧਿਆਤਮਕ ਪ੍ਰਗਤੀ ਵੱਲ ਬਿਨਾਂ ਕੋਈ ਯਤਨ ਕੀਤੇ ਆਪਣੀ ਵਰਤਮਾਨ ਹਾਲਤ ਨੂੰ ਸਵੀਕਾਰ ਕਰ ਲੈਣਾ ਹੀ ਸੰਤੋਖ ਹੁੰਦਾ ਹੈ। ਅਜਿਹਾ ਬਿਲਕੁਲ ਨਹੀਂ ਹੈ। ਸੰਤੋਖ ਦਾ ਅਰਥ ਨਿਸ਼ਚਿਤ ਤੌਰ ਤੇ ਬੁਰਾਈ ਨਾਲ ਸਮਝੌਤਾ ਨਹੀਂ ਹੈ। ਸੰਤੋਖ ਦਾ ਭਾਵ ਹੈ ਕਾਮਯਾਬੀ ਅਤੇ ਨਾਕਾਮਯਾਬੀ ਦੋਹਾਂ ਨੂੰ ਹੀ ਠਰ੍ਹੰਮੇ ਨਾਲ ਸਵੀਕਾਰ ਕਰਨ ਦੀ ਮਨੋਬਿਰਤੀ। ਸੰਤੋਖ ਦੁਆਰਾ ਪੈਦਾ ਕੀਤੀ ਸਹਿਜਤਾ ਨੂੰ ਨਾ-ਕਾਮਯਾਬੀ ਕਦੇ ਨਹੀਂ ਨਿਕਾਰ ਸਕਦੀ।

ਮਨੁੱਖ ਅੰਦਰ ਸੰਤੋਖ ਦਾ ਸਦਗੁਣ ਦੀ ਅਣਹੋਂਦ ਦਾ ਕਾਰਨ ਉਸ ਅੰਦਰ ਡਰ ਦੀ ਉਪਸਥਿਤੀ ਹੁੰਦੀ ਹੈ ਕਿ ਉਸ ਨੇ ਕਾਮਯਾਬ ਨਹੀਂ ਹੋਣਾ। ਇਸ ਸੰਬੰਧ ਵਿਚ ਗੁਰੂ ਰਾਮਦਾਸ ਜੀ ਕਹਿੰਦੇ ਹਨ, "ਸਬਰ (ਸੰਤੋਖ) ਨੂੰ ਆਪਣਾ ਪਿਤਾ ਬਣਾ ਲੈਣ ਤੇ ਹੁਣ ਵੇਖੋ ਕਿ ਇਕ ਆਦਰਸ਼ ਪਿਤਾ ਦੇ ਕਿਹੜੇ ਕਿਹੜੇ ਗੁਣ ਹੁੰਦੇ ਹਨ। ਪਿਤਾ ਉਸ ਪ੍ਰੇਰਕ (ਕਾਰਕ) ਦਾ ਚਿੰਨ੍ਹ ਹੈ ਜੋ ਡਰ ਨੂੰ ਦੂਰ ਕਰਦਾ ਹੈ। ਦੂਜਾ ਡਰ ਦਾ ਕਾਰਨ ਇਸ ਜੀਵਨ ਤੋਂ ਬਾਅਦ ਅਨਿਸ਼ਚਿੱਤਤਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, "ਸਾਰੇ ਸੰਸਾਰ ਨੂੰ ਸਬਰ ਹੋ ਗਿਆ ਹੈ ਜਿਵੇਂ ਗੁਰੂ ਨੇ ਸਾਰਿਆਂ ਨੂੰ ਮੁਕਤੀ ਦਾ ਸੰਦੇਸ਼ ਦੇ ਦਿੱਤਾ ਹੈ। ਇੰਜ ਸੰਤੋਖ ਕਿਸੇਡਰ ਤੋਂ ਨਹੀਂ ਅਤੇ ਮੁਕਤੀ ਬਾਰੇ ਗਲਤ-ਅਫਵਾਹਾਂ ਵਿਰੁੱਧ ਸੂਚਕ ਹੈ। ਗੁਰੂ ਨੇ ਸਾਰਿਆਂ ਨੂੰ ਮੁਕਤੀ ਦੀ ਸੰਭਵਤਾ

ਬਾਰੇ ਸੁਨੇਹਾ ਦੇ ਦਿੱਤਾ ਹੈ। ਇਸ ਲਈ ਹੁਣ ਮਨੁੱਖ ਨੂੰ ਆਵਾਗਮਨ ਦੇ ਚੱਕਰ ਦਾ ਕੋਈ ਡਰ ਨਹੀਂ ਹੋਣਾ ਚਾਹੀਦਾ। ਸੰਤੋਖ ਦੇ ਸਦਗੁਣ ਕਰਕੇ ਮਨੁੱਖ ਸਭ ਤੋਂ ਵੱਧ ਸੰਭਵ ਕੋਸ਼ਿਸ਼ ਕਰਕੇ ਕਾਰਜ ਕਰਦਾ ਹੈ ਅਤੇ ਬਾਕੀ ਪਰਮਾਤਮਾ ਉਪਰ ਛੱਡ ਦਿੰਦਾ ਹੈ।

ਉਹ ਕਿਹੜੇ ਵਿਅਕਤੀ ਹਨ ਜੋ ਸੰਤੁਸ਼ਟ ਹਨ? ਇਹ ਉਹ ਮਨੁੱਖ ਹੁੰਦੇ ਹਨ ਜੋ ਕਿਸੇ ਵੀ ਕਿਸਮ ਦੇ ਡਰ ਤੋਂ ਸੁਤੰਤਰ ਹੁੰਦੇ ਹਨ ਅਤੇ ਹਮੇਸ਼ਾਂ ਆਸ਼ਾਵਾਦੀ ਹੁੰਦੇ ਹਨ ਜਿਵੇਂ ਕਿ ਉਹਨਾਂ ਨੂੰ ਗੁਰੂ ਦੁਆਰਾ ਦਿੱਤੇ ਸ਼ਾਂਤੀ ਦੇ ਸੁਨੇਹੇ ਵਿਚ ਪੂਰਨ ਵਿਸ਼ਵਾਸ ਹੁੰਦਾ ਹੈ। ਇਕ ਸੰਤੋਖੀ ਵਿਅਕਤੀ ਉਹ ਵੀ ਹੁੰਦਾ ਹੈ ਜੋ ਲਗਾਤਾਰ ਕਿਰਿਆਸ਼ੀਲ ਹੁੰਦਾ ਹੈ, ਜੋ ਕੁਝ ਵੀ ਉਸ ਦੇ ਰਾਹ ਵਿਚ ਆਵੇ, ਉਸ ਦਾ ਸਾਹਮਣਾ ਕਰਦਾ ਹੈ ਅਤੇ ਆਸ਼ਾ ਦੀ ਭਾਵਨਾ ਵਿਚ ਪ੍ਰਗਤੀ ਵੱਲ ਵਧਦਾ ਹੈ। ਦੂਜੇ ਸ਼ਬਦਾਂ ਵਿਚ ਇਹ ਉਹ ਵਿਅਕਤੀ ਹੁੰਦਾ ਹੈ ਜਿਸ ਨੂੰ ਅਸਤਿਤਵਵਾਦੀ ਪ੍ਰਮਾਣਿਕ ਅਤੇ ਆਤਮਪਰਕ ਜੀਵਨ ਜੀਣ ਵਾਲਾ ਕਹਿੰਦੇ ਹਨ। ਇਸ ਨੂੰ ਹੋਰ ਸਪੱਸ਼ਟ ਕਰਨ ਲਈ ਵਿਰਾਗ ਅਤੇ ਸੰਤੋਖ ਵਿਚ ਅੰਤਰ ਕਰਕੇ ਵੇਖਣਾ ਹੋਵੇਗਾ। ਵਿਰਾਗ ਦਾ ਅਰਥ ਹੈ ਕਿਸੇ ਵੀ ਹਾਲਾਤ ਤੋਂ ਮੂੰਹ ਮੋੜ ਲੈਣਾ ਜਦੋਂ ਕਿ ਸੰਤੋਖ ਦਾ ਅਰਥ ਹਰ ਹਾਲਤ ਦਾ ਡਟ ਕੇ ਸਾਹਮਣਾ ਕਰਨਾ ਅਤੇ ਮਾਨਵੀ ਭਲਾਈ ਦੇ ਵਾਧੇ ਲਈ ਲਗਾਤਾਰ ਯਤਨਸ਼ੀਲ ਰਹਿਣਾ। ਇੰਜ ਸੰਤੋਖੀ ਉਹ ਵਿਅਕਤੀ ਹੁੰਦਾ ਹੈ ਜੋ ਬੁਰਾਈ ਤੋਂ ਸਦਾ ਸੁਤੰਤਰ ਰਹਿੰਦਾ ਹੈ। ਸਿੱਖ ਧਰਮ ਵਿਚ ਹਮੇਸ਼ਾਂ ਹੀ 'ਚੜ੍ਹਦੀ ਕਲਾ' ਅਤੇ 'ਦੇਗ ਤੇਗ ਫਤਹਿ' ਦਾ ਸੰਦੇਸ਼ ਦਿੱਤਾ ਗਿਆ ਹੈ।

ਹੁਣ ਪ੍ਰਸ਼ਨ ਉੱਠਦਾ ਹੈ ਕਿ ਕੀ ਸਿੱਖ ਧਰਮ ਵਿਚ ਇਹਨਾਂ ਉਪਰ ਦੱਸੇ ਸਦਗੁਣਾਂ ਦੀ ਕੋਈ ਪੌੜੀ ਬਣਾਈ ਗਈ ਹੈ ਭਾਵ ਕੀ ਇਹ ਵਰਣਨਯੋਗ ਹੈ ਕਿ ਫਲਾਣਾ ਸਦਗੁਣਾਂ ਦੂਜੇ ਸਦਗੁਣਾਂ ਨਾਲੋਂ ਪੌੜੀ ਦੇ ਉਪਰਲੇ ਡੰਡੇ ਉਪਰ ਹੈ। ਸਿੱਖ ਧਰਮ ਵਿਚ ਅਜਿਹਾ ਕਰਨ ਦਾ ਯਤਨ ਵੀ ਨਹੀਂ ਕੀਤਾ ਗਿਆ ਅਤੇ ਨਾ ਹੀ ਇਸ ਨੂੰ ਉਚਿਤ ਸਮਝਿਆ ਗਿਆ ਹੈ। ਇਸ ਲਈ ਸਾਰੇ ਹੀ ਸਦਗੁਣ ਮਹੱਤਵਪੂਰਨ ਹਨ ਅਤੇ ਦੱਸਦੇ ਹਨ ਕਿ ਮਨੁੱਖ ਦੇ ਵਿਵਹਾਰ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ। ਇਸ ਦੇ ਮੁਕਾਬਲੇ ਹਿੰਦੂ ਧਰਮ ਵਿਚ 'ਸਾਧਾਰਨ ਧਰਮ' ਦੀ ਸੂਚੀ ਵਿਚ ਸਦਗੁਣਾਂ ਦਾ ਜ਼ਿਕਰ ਹੈ ਜਿਸ ਨੂੰ ਸਾਰੀਆਂ ਜਾਤੀਆਂ ਨੇ ਕਬੂਲਿਆ ਹੈ। ਹਿੰਦੂ ਧਰਮ ਵਿਚ ਸਾਹਸ ਅਤੇ ਨਿਆਂ ਦੇ ਸਦਗੁਣਾਂ ਨੂੰ ਵਿਸ਼ੇਸ਼ ਧਰਮ ਦੇ ਤੌਰ ਤੇ ਲਿਆ ਗਿਆ ਹੈ ਅਤੇ ਇਹ ਖੱਤਰੀ ਜਾਤੀ ਦੇ ਵਿਸ਼ੇਸ਼ ਕਰਤਵ ਵੀ ਮੰਨੇ ਗਏ ਹਨ। ਪਰੰਤੂ ਸਿੱਖ ਧਰਮ ਵਿਚ ਸਾਰੇ ਹੀ ਸਦਗੁਣ ਨੈਤਿਕ ਵਿਸ਼ੇਸ਼ਤਾਈਆਂ ਹਨ ਜਿਹਨਾਂ ਦਾ ਸਾਰੇ ਵਿਅਕਤੀਆਂ ਅੰਦਰ ਹੋਣਾ ਜ਼ਰੂਰੀ ਹੈ।

### 1.3.4 ਸਾਰ

ਨੈਤਿਕ ਜੀਵਨ ਨੂੰ ਪੁਨਰਗਠਨ ਕਰਨ ਲਈ ਗੁਰੂ ਨਾਨਕ ਨੇ ਤਿੰਨ ਮਹਾਂਧਰਮਾਂ (Cardinal Virtues) ਦਾ ਵਿਧਾਨ ਕੀਤਾ ਹੈ – ਸੱਤ, ਸੰਤੋਖ ਅਤੇ ਗਿਆਨ। 'ਸੱਤ' ਨੂੰ ਸਭ ਤੋਂ ਉੱਚਾ ਧਰਮ ਮੰਨਿਆ ਗਿਆ ਹੈ ਕਿਉਂਕਿ ਸੱਤ ਵਰਗੀ ਵਿਆਪਕਤਾ ਹੋਰ ਕਿਸੇ ਤੱਤ ਵਿਚ ਨਹੀਂ ਮਿਲਦੀ। ਸ਼ਾਇਦ ਏਸੇ ਲਈ ਗੁਰੂ ਨਾਨਕ ਦੇਵ ਨੇ ਪਹਿਲੇ ਤਾਂ 'ਸਚਹੁ ਓਰੈ ਸਭੁ ਕੋ, ਉਪਰਿ ਸਚੁ ਅਚਾਰ' ਕਹਿ ਸੱਤ-ਆਚਰਣ ਦੇ ਸਿਵਾਏ ਬਾਕੀ ਸਭ ਨੂੰ ਸਤਾ ਤੋਂ ਹਲਕਾ ਦੱਸਿਆ ਹੈ ਅਤੇ ਦੂਜੇ ਮਨੁੱਖ ਦੇ ਸਾਰੇ ਜੀਵਨ ਮੁੱਲਾਂ ਵਿੱਚ ਸੱਤ ਨੂੰ ਆਧਰ ਬਣਾ ਲੈਣ ਦੀ ਸਲਾਹ ਦਿੱਤੀ ਗਈ ਹੈ। 'ਸੰਤੋਖ' ਦੇ ਧਾਰਨ ਨਾਲ ਗੁਰੂ ਨਾਨਕ ਦੇ ਦੱਸੇ ਅਧਿਆਤਮਕ-ਮਾਰਗ ਦੀ ਪਹਿਲੀ ਰੁਕਾਵਟ 'ਮਮਤਾ' ਅਤੇ ਪੰਜ ਵਿਕਾਰਾਂ ਦਾ ਨਾਸ਼ ਹੁੰਦਾ ਹੈ। 'ਗਿਆਨ' ਜਾਂ ਵਿਵੇਕ ਅਸਲ ਵਿਚ ਕਰਮ ਜਾਂ ਵਿਵਹਾਰ ਦੇ ਠੀਕ-ਗਲਤ ਨੂੰ ਪਰਖਣ ਦੀ ਕਸੌਟੀ ਹੈ। ਗੁਰੂ ਨਾਨਕ ਦਾ 'ਗੁਰੂ' ਦਾ ਸੰਕਲਪ ਗਿਆਨ ਬਾਰੇ ਸਜਗਤਾ ਦਾ ਹੀ ਪ੍ਰਮਾਣ ਹੈ। ਸਿਧਾਂਤ ਦੀ ਇਸ ਤ੍ਰਿਵੇਣੀ ਨੂੰ ਗੁਰੂ ਨਾਨਕ ਵਿਵਹਾਰਕ ਜੀਵਨ ਵਿਚ ਉਤਾਰ ਲੈਣ ਦੇ ਪੱਖ ਵਿਚ ਹਨ। ਇਸ ਲਈ ਉਹਨਾਂ ਨੇ ਯਥਾਰਥ ਲੋਕ-ਜੀਵਨ ਦੀ ਪੱਧਰ ਤੇ ਉਤਰ ਕੇ ਮਨੁੱਖ ਨੂੰ ਕਰਮਸ਼ੀਲ ਰਹਿਣ ਦੀ ਪ੍ਰੇਰਣਾ ਵੀ ਦਿੱਤੀ ਹੈ। ਨਾਮ ਜਪਣਾ, ਕਿਰਤ ਕਰਨਾ ਅਤੇ ਵੰਡ ਖਾਣਾ, ਉਪਰ ਕਹੇ ਤਿੰਨਾਂ ਸਿਧਾਂਤਾਂ ਦੇ ਵਿਵਹਾਰਕ ਰੂਪ ਹਨ। ਨਾਮ ਜਪਣਾ ਸੱਤ ਨੂੰ ਪਛਾਣਨ ਅਤੇ ਅਕਾਲਪੁਰਖ ਦੇ ਨਿਕਟ ਪੁੱਜਣ ਲਈ ਇਕ ਅਤਿ ਜ਼ਰੂਰੀ ਕ੍ਰਿਆ ਹੈ। 'ਕਿਰਤ ਕਰਨਾ ਕਰਮਸ਼ੀਲ ਜੀਵਨ ਦਾ ਨਮੂਨਾ ਹੈ, ਜਿਸਦੇ ਨਾਲ 'ਸੰਤੋਸ਼' ਦੀ ਪ੍ਰਾਪਤੀ ਹੁੰਦੀ ਹੈ। 'ਵੰਡ ਖਾਣਾ' ਗਿਆਨ ਦੀ ਕਸੌਟੀ ਤੇ ਪਾਤਰ-ਰੂਪਾਂਤਰ ਨੂੰ ਪਰਖਕੇ ਮੇਲ ਜੋਲ ਵਧਾਣ-ਘਟਾਣ ਵੱਲ ਸੰਕੇਤ ਕਰਦਾ ਹੈ। ਗੁਰੂ ਜੀ ਦੀ ਇਸ ਕਲਾਕਾਰ – "ਘਾਲਿ ਖਾਇ ਕਿਛੁ ਹਥਹੁ ਦੇਇ।। ਨਾਨਕ ਰਾਹੁ ਪਛਾਣਹਿ ਸੇਇ' – ਵਿਚ ਸੰਤੋਖ ਅਤੇ ਗਿਆਨ ਦੋਹਾਂ ਦਾ ਖਾਸ ਸੰਦਰਭ ਦਿੱਖਦਾ ਹੈ।

### 1.3.5 ਪ੍ਰਸ਼ਨ

1. ਸਿੱਖ ਧਰਮ ਅਨੁਸਾਰ ਸਦਗੁਣਾਂ ਬਾਰੇ ਸੰਖੇਪ ਰੂਪ ਵਿੱਚ ਚਰਚਾ ਕਰੋ।
2. 'ਸਦਗੁਣ' ਸ਼ਬਦ ਅਰਥ ਦੱਸੋ। ਗੁਰੂ ਨਾਨਕ ਦੇਵ ਜੀ ਦੇ ਤਿੰਨ ਮਹਾਂਧਰਮਾਂ 'ਸੱਤ, ਸੰਤੋਖ ਅਤੇ ਗਿਆਨ' ਉਪਰ ਚਰਚਾ ਕਰੋ।

**ਪਾਠ ਨੰਬਰ : 1.4** **ਡਾ. ਪਰਮਵੀਰ ਸਿੰਘ**

# ਧਾਰਮਿਕ ਬਰਾਬਰੀ (ਸਦਭਾਵਨਾ) ਅਤੇ ਭਾਈਚਾਰਕ ਸਾਂਝ (ਸਹਿਣਸ਼ੀਲਤਾ)

1.4.1 ਉਦੇਸ਼
1.4.2 ਭੂਮਿਕਾ
1.4.3 ਹਿੰਦੂ ਵਿਚਾਰਕਾਂ ਦੁਆਰਾ ਜਾਤ-ਪਾਤ ਆਵਾਜ਼ ਬੁਲੰਦ ਕਰਨਾ
1.4.4 ਸਿੱਖ ਧਰਮ ਵਿੱਚ ਜਾਤਪਾਤ ਦਾ ਵਿਰੋਧ
1.4.5 ਇਸਤਰੀ ਦਾ ਸਥਾਨ
1.4.6 ਗ੍ਰਹਿਸਤੀ ਜੀਵਨ
1.4.7 ਸਾਰ

## 1.4.1 ਉਦੇਸ਼

ਪਾਠ ਦਾ ਉਦੇਸ਼ ਨੈਤਿਕਤਾ ਦੇ ਅਧੀਨ ਆਉਂਦੇ ਮਹੱਤਵਪੂਰਨ ਵਿਸ਼ੇ ਧਾਰਮਿਕ ਸਦਭਾਵਨਾ ਅਤੇ ਸਹਿਣਸ਼ੀਲਤਾ ਸਬੰਧੀ ਸਿੱਖ ਧਾਰਮਿਕ ਫਲਸਫੇ ਦੁਆਰਾ ਦਿੱਤੇ ਗਏ ਸਿਧਾਂਤਾਂ ਦੇ ਯੋਗਦਾਨ ਦਾ ਵਰਣਨ ਕਰਨਾ ਹੈ।

## 1.4.2 ਭੂਮਿਕਾ

ਸਮਾਜ ਦੇ ਵਿਕਾਸ ਵਿਚ ਹਰ ਇਕ ਮਨੁੱਖ ਦਾ ਯੋਗਦਾਨ ਹੁੰਦਾ ਹੈ। ਹਰ ਇਕ ਵਿਅਕਤੀ ਆਪੋ-ਆਪਣੇ ਢੰਗ ਨਾਲ ਸਮਾਜ ਨੂੰ ਅੱਗੇ ਲਿਜਾਣ ਦਾ ਯਤਨ ਕਰਦਾ ਹੈ। ਸਮਾਜ ਵਿਚ ਮਨੁੱਖਾਂ ਦੇ ਜਿਹੋ ਜਿਹੇ ਯਤਨ ਹੋਣਗੇ ਉਹੋ ਜਿਹਾ ਸਮਾਜ ਵਿਚ ਪਰਿਵਰਤਨ ਆਉਂਦਾ ਹੈ। ਪਰ ਦੇਖਣ ਵਾਲੀ ਗੱਲ ਇਹ ਹੈ ਕਿ ਸਮਾਜ ਦਾ ਹਰ ਮਨੁੱਖ ਸਮਾਜ ਦੇ ਵਿਕਾਸ ਵਿਚ ਯੋਗਦਾਨ ਪਾ ਰਿਹਾ ਹੈ? ਭਾਰਤ ਵਰਗੇ ਦੇਸ਼ ਵਿਚ ਜਿਥੇ ਕਿ 50 ਤੋਂ ਵਧੇਰੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ ਜਿਨ੍ਹਾਂ ਕੋਲ ਰਹਿਣ ਨੂੰ ਘਰ, ਖਾਣ ਲਈ ਦੋ ਵਕਤ ਦੀ ਰੋਟੀ ਅਤੇ ਪਹਿਨਣ ਲਈ ਪੂਰੇ ਕੱਪੜੇ ਵੀ ਨਹੀਂ ਹਨ। ਭਾਰਤੀ ਸਮਾਜ ਦਾ ਇਕ ਵੱਡਾ ਹਿੱਸਾ ਰਾਤ ਨੂੰ ਝੌਪੜੀਆਂ ਵਿਚ ਸੌਂ ਕੇ ਗੁਜ਼ਾਰਾ ਕਰਦਾ ਹੈ ਅਤੇ ਸਰਦੀਆਂ ਵਿਚ ਠੁਰ-ਠੁਰ ਕਰਦਾ ਰਾਤ ਗੁਜਾਰਦਾ ਹੈ। ਸਮਾਜ ਦੇ ਇਸ ਵੱਡੇ ਹਿੱਸੇ ਨੂੰ ਵਿਦਿਆ ਅਤੇ ਸਿਹਤ ਸਹੂਲਤਾਂ ਵੀ ਪ੍ਰਦਾਨ ਨਹੀਂ ਕੀਤੀਆਂ ਜਾ ਸਕੀਆਂ। ਆਜ਼ਾਦ ਭਾਰਤ ਦਾ ਇਹ ਘਿਨਾਉਣਾ ਰੂਪ ਕੁਝ ਇਕ ਦਿਨਾਂ ਦੀ ਪੈਦਾਇਸ਼ ਨਹੀਂ ਹੈ। ਇਸ ਪਿੱਛੇ ਸਦੀਆਂ ਤੋਂ ਚਲੀ ਆ ਰਹੀ ਦਮਨਕਾਰੀ ਨੀਤੀ ਕੰਮ ਕਰ ਰਹੀ ਹੈ। ਭੂਗੋਲਿਕ ਹੱਦਾਂ ਮਿਥਣ ਅਤੇ ਦੂਜਿਆਂ ਤੇ ਅਧਿਕਾਰ ਦੀ ਨੀਤੀ ਨੇ ਸਮਾਜ ਵਿਚ ਊਚ-ਨੀਚ ਅਤੇ ਭੇਦਭਾਵ ਦੀ ਭਾਵਨਾ ਨੂੰ ਜਨਮ ਦਿੱਤਾ। 'ਭਾਰਤੀ ਸਭਿਆਚਾਰ ਦੀ ਰੂਪ ਰੇਖਾ' ਨਾਮਕ ਪੁਸਤਕ ਵਿਚ ਜੈ ਚੰਦਰ ਵਿਦਿਆਲੰਕਾਰ ਦਸਦਾ ਹੈ ਕਿ, "ਵੈਦਿਕ ਕਾਲ ਦੇ ਭਾਰਤੀ ਸਮਾਜ ਵਿਚ ਸਭ ਤੋਂ ਵੱਡਾ ਵਰਗ-ਭੇਦ ਆਰੀਆ ਵਰਗ ਅਤੇ ਦਾਸ ਵਰਗ ਵਿਚਕਾਰ ਸੀ। ਦਾਸ ਅਸਲ ਵਿਚ ਆਰੀਆ ਤੋਂ ਵੱਖਰੇ ਮਨੁੱਖੀ ਵੰਸ਼ਾਂ ਦੇ ਅਤੇ ਵੱਖਰੇ ਵਰਣ ਅਰਥਾਤ ਰੰਗ ਦੇ ਸਨ। ਉਹ ਹਾਰੇ ਹੋਏ ਵਰਗ ਦੇ ਸਨ। ਉਨ੍ਹਾਂ ਦੀ ਭਾਸ਼ਾ ਜਾਂ ਭਾਸ਼ਾਵਾਂ ਵੀ ਆਰੀਆ ਦੀਆਂ ਭਾਸ਼ਾਵਾਂ ਤੋਂ ਵੱਖਰੀਆਂ ਸਨ।........... ਸ਼ੂਦਰ ਉਹ ਦਾਸ ਸਨ ਜੋ ਆਰੀਆ ਦੇ ਸਮਾਜ ਵਿਚ ਹੇਠਲੇ ਵਰਗ ਦੇ ਰੂਪ ਵਿਚ ਸ਼ਾਮਲ ਹੋ ਗਏ ਸਨ। ਉਹ ਅਸਲ ਵਿਚ ਆਰੀਆ ਤੋਂ ਵੱਖ ਜਾਤੀ ਅਤੇ ਵੱਖਰੇ ਵਰਣ, ਭਾਵ ਰੰਗ ਦੇ ਸਨ ਅਤੇ ਉਨ੍ਹਾਂ ਨਾਲ ਵਿਆਹ ਦੀ ਰੋਕ ਸੀ।" ਇਸ ਭੇਦਭਾਵ ਦੇ ਆਧਾਰ ਤੇ ਹੀ ਆਰੀਆ ਦਾ ਸਮੂੰਹ ਸਾਹਿਤ ਹੋਂਦ ਵਿਚ ਆਇਆ। ਇਨ੍ਹਾਂ

ਵਿਚੋਂ ਸਭ ਤੋਂ ਵਧੇਰੇ ਮਹੱਤਵਪੂਰਨ ਹੈ ਮਹਾਂਰਿਸ਼ੀ ਮਨੂ ਦੀ ਸਿਮਰਤੀ, ਜਿਸਦੇ ਆਧਾਰ ਤੇ ਸਮਾਜ ਵਿਚ ਜਾਤ ਪਾਤ ਅਤੇ ਊਚ-ਨੀਚ ਦੀਆਂ ਵੰਡੀਆਂ ਪਾਉਣ ਨੂੰ ਬਲ ਮਿਲਿਆ। ਇਸ ਸਿਮਰਤੀ ਨੂੰ ਹਿੰਦੂਆਂ ਦਾ ਮਾਨਵ ਸ਼ਾਸਤਰ ਵੀ ਮੰਨਿਆ ਜਾਂਦਾ ਹੈ। ਇਸ ਵਿਚ ਵਰਣ-ਵਿਵਸਥਾ ਦੀਆਂ ਗੰਢਾਂ ਨੂੰ ਪੱਕਾ ਅਤੇ ਮਜ਼ਬੂਤ ਕਰਨ ਲਈ ਦੈਵੀ ਪ੍ਰਵਾਨਗੀ ਦੀ ਗੱਲ ਕਰਦੇ ਹੋਏ ਕਿਹਾ ਗਿਆ ਕਿ, "ਬ੍ਰਹਮਾ ਨੇ ਲੋਕਾਂ ਦੀ ਬੜ੍ਹੋਤਰੀ ਲਈ ਆਪਣੇ ਮੂੰਹ, ਬਾਹਾਂ, ਪੱਟ ਅਤੇ ਪੈਰਾਂ ਤੋਂ ਨੰਬਰਵਾਰ ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ ਵਰਣਾਂ ਨੂੰ ਪੈਦਾ ਕੀਤਾ" (ਮਨੂ ਸਿਮਰਤੀ 1.31)

ਹਿੰਦੂ ਧਰਮ ਵਿਚ ਜੜ੍ਹ ਕਰ ਚੁੱਕੀ ਇਸ ਜਾਤ-ਪਾਤ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾਂ ਜੈਨ ਅਤੇ ਬੁੱਧ ਧਰਮ ਨੇ ਆਵਾਜ਼ ਉਠਾਈ। ਇਹ ਦੋਵੇਂ ਧਰਮ ਹਿੰਦੂ ਧਰਮ ਦੇ ਸਮਕਾਲੀ ਸਨ ਅਤੇ ਇਨ੍ਹਾਂ ਦੀ ਉਤਪਤੀ ਵੀ ਹਿੰਦੂ ਧਰਮ ਦੀਆਂ ਸਮਾਜਿਕ ਬੁਰਾਈਆਂ ਵਿਰੁੱਧ ਹੋਈ ਸੀ। ਉਹਨਾਂ ਨੇ ਜਾਤਪਾਤ ਅਤੇ ਊਚ-ਨੀਚ ਨੂੰ ਖਤਮ ਕਰਨ ਦੇ ਵੀ ਨਿਯਮ ਬਣਾਏ। ਉਹ ਸਮਾਂ ਪਾ ਕੇ ਸੰਘ ਤੱਕ ਹੀ ਸੀਮਿਤ ਹੋ ਕੇ ਰਹਿ ਗਏ। ਸਿੱਖ ਧਰਮ ਨੇ ਜਾਤ-ਪਾਤ ਖਿਲਾਫ਼ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਇਸ ਦਾ ਆਰੰਭ ਸਿੱਖ ਗੁਰੂ ਸਾਹਿਬਾਨ ਨੇ ਕੀਤਾ। ਗੁਰੂ ਸਾਹਿਬਾਨ ਨੇ ਸਿਧਾਂਤਕ ਅਤੇ ਵਿਹਾਰਕ ਪੱਧਰ ਤੇ ਇਸਦੇ ਖਾਤਮੇ ਲਈ ਯਤਨ ਆਰੰਭ ਕੀਤੇ।

ਹਿੰਦੂ ਸਮਾਜ ਵਿਚ ਇਹ ਵਿਸ਼ਵਾਸ ਦ੍ਰਿੜ ਕਰਾਇਆ ਗਿਆ ਕਿ ਜਾਤ ਜਾਂ ਵਰਣ ਦਾ ਆਧਾਰ ਵਿਅਕਤੀ ਦਾ ਜਨਮ ਹੈ। ਭਾਵ ਜਿਸ ਵੀ ਵਰਣ ਵਿਚ ਵਿਅਕਤੀ ਜਨਮ ਲਵੇਗਾ ਉਹ ਉਸੇ ਵਰਣ ਦਾ ਹੀ ਅਖਵਾਏਗਾ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਮਨੁੱਖ ਦਾ ਅਧਿਆਤਮਕ ਵਿਕਾਸ ਵੀ ਸੰਭਵ ਹੈ। ਜਿਸ ਕਰਕੇ ਇਕ ਜਾਤ ਜਾਂ ਵਰਣ ਵਿਚ ਜਨਮ ਲੈਣ ਵਾਲਾ ਵਿਅਕਤੀ ਮੁਕਤੀ ਪ੍ਰਾਪਤ ਕਰ ਸਕਦਾ ਹੈ ਪਰ ਨਾਲ ਹੀ ਇਹ ਸ਼ਰਤ ਵੀ ਲਾ ਦਿੱਤੀ ਗਈ ਕਿ ਨੀਵੀਂ ਜਾਤ ਦੇ ਮਨੁੱਖ ਨੂੰ ਆਪਣੇ ਅਧਿਆਤਮਕ ਵਿਕਾਸ ਲਈ ਅਗਲੇ ਜਨਮ ਤੱਕ ਇੰਤਜਾਰ ਕਰਨਾ ਪਵੇਗਾ ਜਿਸ ਰਾਹੀਂ ਉਹ ਉੱਚ ਵਰਣ ਵਿਚ ਪੈਦਾ ਹੋ ਕੇ ਮੁਕਤੀ ਨੂੰ ਪ੍ਰਾਪਤ ਕਰ ਸਕੇਗਾ। ਸ਼ੂਦਰਾਂ ਨੂੰ ਇਹ ਪ੍ਰਪੱਕ ਕਰ ਦਿੱਤਾ ਗਿਆ ਕਿ ਉਹ ਇਸ ਜਨਮ ਵਿਚ ਅਧਿਆਤਮਕ ਵਿਕਾਸ ਨਹੀਂ ਕਰ ਸਕਦੇ। ਇਸ ਕਰਕੇ ਉਹ ਵੇਦ ਮੰਤਰ ਸੁਣਨ ਅਤੇ ਪੜ੍ਹਨ ਤੋਂ ਗੁਰੇਜ਼ ਕਰਨ। ਕਿਉਂਕਿ ਇਹ ਕੰਮ ਉੱਚ ਜਾਤੀ ਲੋਕਾਂ ਦੇ ਹਿੱਸੇ ਆਇਆ ਹੈ। ਮਨੂ ਸਿਮਤਰੀ ਵਿਚ ਸਮੂੰਹ ਵਰਣਾਂ ਦੇ ਕੰਮ ਨਿਰਧਾਰਤ ਕਰਦੇ ਹੋਏ ਦੱਸਿਆ ਗਿਆ ਹੈ ਕਿ :-

1. ਵੇਦ ਪੜ੍ਹਨਾ ਪੜ੍ਹਾਨਾ, ਯਗਯ ਕਰਨਾ ਕਰਾਨਾ, ਦਾਨ ਦੇਣਾ ਤੇ ਲੈਣਾ ਇਹ ਛੇ ਕਰਮ ਬ੍ਰਾਹਮਣ ਦੇ ਬਣਾਏ ਹਨ।
2. ਪ੍ਰਜਾ ਦੀ ਰਖਯਾ ਕਰਨਾ, ਦਾਨ ਦੇਣਾ, ਯਗਯ ਕਰਨਾ, ਵੇਦ ਪੜ੍ਹਨਾ, ਦੁਨੀਆਂ ਦੇ ਪਦਾਰਥਾਂ ਵਿਚ ਦਿਲ ਨਾ ਲਾਣਾ, ਇਹ ਪੰਜ ਕਰਮ ਖੱਤਰੀ ਦੇ ਬਣਾਏ ਹਨ।
3. ਚਾਰ ਪਾਯੋਂ ਦੀ ਰੱਖਿਆ ਕਰਨਾ, ਦਾਨ ਦੇਣਾ, ਯਗਯ ਕਰਨਾ, ਵੇਦ ਪੜ੍ਹਨਾ, ਸੌਦਾਗਰੀ ਕਰਨਾ, ਵਿਆਜ ਲੈਣਾ, ਖੇਤੀ ਕਰਨਾ ਇਹ ਸੱਤ ਕਰਮ ਵੈਸ਼ ਦੇ ਬਣਾਏ ਹਨ।
4. ਪਰਮੇਸ਼ਰ ਨੇ ਸ਼ੂਦਰ ਦਾ ਇਕੋ ਇਕ ਕਰਮ ਤਿੰਨਾਂ ਵਰਣਾਂ ਦੀ ਸੇਵਾ ਕਰਨਾ ਬਣਾਇਆ ਹੈ।

ਸਮਾਂ ਪਾ ਕੇ ਇਹਨਾਂ ਵਿਚੋਂ ਪੜ੍ਹਨ-ਪੜ੍ਹਾਉਣ ਦਾ ਕੰਮ ਬ੍ਰਾਹਮਣ, ਪ੍ਰਜਾ ਦੀ ਰੱਖਿਆ ਕਰਨਾ ਖੱਤਰੀ, ਵਪਾਰ ਕਰਨਾ ਵੈਸ਼ ਅਤੇ ਉਪਰਲੇ ਤਿੰਨਾਂ ਵਰਣਾਂ ਦੀ ਸੇਵਾ ਦਾ ਕੰਮ ਸ਼ੂਦਰ ਦੇ ਹਿੱਸੇ ਆਇਆ। ਇਸ ਸਥਾਪਨਾ ਰਾਹੀਂ ਉੱਚੀਆਂ ਜਾਤਾਂ ਸਦੀਵੀ ਤੌਰ ਤੇ ਉੱਚੀਆਂ ਹੋ ਗਈਆਂ ਅਤੇ ਨੀਵੀਆਂ ਜਾਤਾਂ ਹਮੇਸ਼ਾਂ ਲਈ ਉੱਚੀਆਂ ਜਾਤਾਂ ਦੇ ਪੈਰਾਂ ਹੇਠ ਆ ਗਈਆਂ। ਉੱਚ ਜਾਤੀ ਲੋਕਾਂ ਨੇ ਸਾਰਾ ਪ੍ਰਬੰਧਕੀ ਢਾਂਚਾ ਆਪਣੇ ਕਬਜੇ ਹੇਠ ਕਰਕੇ ਨੀਵੀਆਂ ਜਾਤਾਂ ਨੂੰ ਇਸ ਤੋਂ ਬਾਹਰ ਕੱਢ ਦਿੱਤਾ ਤਾਂ ਕਿ ਇਹ ਨੀਵੀਆਂ ਜਾਤਾਂ ਅਖਵਾਉਣ ਵਾਲੇ ਲੋਕ ਕਿਤੇ ਪ੍ਰਬੰਧਕੀ ਢਾਂਚੇ ਵਿਚ ਭਾਈਵਾਲੀ ਸਥਾਪਤ ਕਰਕੇ ਅਖੌਤੀ ਉੱਚ ਜਾਤੀ ਲੋਕਾਂ ਦੇ ਬਰਾਬਰ ਨਾ ਆ ਜਾਣ। ਜਾਤ-ਪਾਤ ਦੀ ਪ੍ਰਥਾ ਵਿਰੁੱਧ ਹਿੰਦੂ ਧਰਮ ਦੇ ਅੰਦਰੋਂ ਅਤੇ ਬਾਹਰੋਂ ਆਵਾਜ਼ ਬੁਲੰਦ ਕੀਤੀ ਜਾਣ ਲੱਗੀ। ਜਿਸਦਾ ਅਸਰ ਹੋਇਆ ਕਿ ਹਿੰਦੂ ਸਮਾਜ ਅੱਗੇ ਹੋਰ ਫਿਰਕਿਆਂ ਅਤੇ ਸੰਪਰਦਾਵਾਂ ਵਿਚ ਵੰਡਿਆ ਗਿਆ।

### 1.4.3 ਹਿੰਦੂ ਵਿਚਾਰਕਾਂ ਦੁਆਰਾ ਜਾਤਪਾਤ ਵਿਰੁੱਧ ਆਵਾਜ਼ ਬੁਲੰਦ ਕਰਨਾ :

ਹਿੰਦੂ ਧਰਮ ਵਿਚ ਸ਼ੂਦਰਾਂ ਨੂੰ ਨੀਵਾਂ ਅਤੇ ਭਿੱਟਿਆ ਹੋਇਆ ਸਮਝ ਕੇ ਧਰਮ ਅਸਥਾਨਾਂ ਉਤੇ ਉਹਨਾਂ ਦੇ ਜਾਣ ਤੇ ਪਾਬੰਦੀ ਲਾ ਦਿੱਤੀ ਗਈ। ਨੀਚ ਮੰਨਦੇ ਹੋਏ ਉਹਨਾਂ ਨੂੰ ਉਚ ਜਾਤੀ ਲੋਕਾਂ ਦੇ ਘਰ-ਪਰਿਵਾਰ ਤੋਂ ਦੂਰ ਰੱਖਿਆ ਗਿਆ, ਵੇਦਾਂ ਦੇ ਮੰਤਰ ਸੁਣਨ ਤੇ ਪਾਬੰਦੀ ਲਾ ਦਿੱਤੀ ਗਈ, ਘਟੀਆ ਮੰਨੇ ਜਾਂਦੇ ਕੰਮਾਂ ਤੱਕ ਉਨ੍ਹਾਂ ਨੂੰ ਸੀਮਤ ਕਰ ਦਿੱਤਾ ਗਿਆ। ਸਮਾਜ ਦਾ ਇਹ ਇਕ ਵੱਡਾ ਹਿੱਸਾ ਆਪਣੇ ਆਪ ਨੂੰ ਤ੍ਰਿਸਕਾਰਿਆ ਹੋਇਆ ਮਹਿਸੂਸ ਕਰਨ ਲੱਗਾ। ਈਸਾਈ ਮਿਸ਼ਨਰੀਆਂ ਅਤੇ ਸੂਫ਼ੀਆਂ ਦਾ ਪ੍ਰਭਾਵ ਇਹਨਾਂ ਨੀਚ ਸਮਝੇ ਜਾਂਦੇ ਲੋਕਾਂ ਲਈ ਵਰਦਾਨ ਸਿੱਧ ਹੋਇਆ। ਹਿੰਦੂ ਸਮਾਜ ਵਿਚ ਇਹਨਾਂ ਉਤੇ ਜਿੰਨੀਆਂ ਪਾਬੰਦੀਆਂ ਲਗਾਈਆਂ ਗਈਆਂ ਸਨ, ਧਰਮ ਪਰਿਵਰਤਨ ਤੇ ਉਹ ਆਪਣੇ ਆਪ ਖਤਮ ਹੋ ਗਈਆਂ। ਹਿੰਦੂ ਸਮਾਜ ਨੂੰ ਖੋਰਾ ਲਗਣ ਲੱਗਿਆ ਅਤੇ ਭਾਰਤ ਵਿਚ ਈਸਾਈ ਅਤੇ ਇਸਲਾਮ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਵਾਧਾ ਹੋਣ ਲੱਗਾ। ਇਹ ਧਰਮ ਪਰਿਵਰਤਨ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ ਜਿਸ ਤੋਂ ਘਬਰਾ ਕੇ ਹਿੰਦੂ ਕੱਟੜ ਸਮੂਹ ਇਹਨਾਂ ਮਿਸ਼ਨਰੀਆਂ ਨੂੰ ਜਾਨ ਤੋਂ ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਅਜੋਕੇ ਸਮੇਂ ਵਿਚ ਭਾਰਤ ਆਜ਼ਾਦ ਹੈ ਫਿਰ ਵੀ ਸਮਾਜ ਸੁਧਾਰਕ ਮਿਸ਼ਨਰੀਆਂ ਤੇ ਹਮਲੇ ਹੋ ਰਹੇ ਹਨ। ਪਰ ਜਦੋਂ ਭਾਰਤ ਗੁਲਾਮ ਸੀ ਅਤੇ ਭਾਰਤ ਦਾ ਰਾਜ ਪ੍ਰਬੰਧ ਗੈਰ ਭਾਰਤੀਆਂ ਹੱਥ ਸੀ ਤਾਂ ਬਹੁਤ ਸਾਰੀਆਂ ਹਿੰਦੂ ਸੰਸਥਾਵਾਂ ਲਈ ਇਹ ਇਕ ਚੁਣੌਤੀ ਭਰਪੂਰ ਕੰਮ ਸੀ। ਹਿੰਦੂ ਸਮਾਜ ਸੁਧਾਰਕਾਂ ਨੇ ਸ਼ੂਦਰਾਂ ਦੇ ਧਰਮ ਪਰਿਵਰਤਨ ਨੂੰ ਰੋਕਣ ਲਈ ਉਹਨਾਂ ਨੂੰ ਬਰਾਬਰ ਦਾ ਦਰਜਾ ਦੇਣ ਦੀ ਗੱਲ ਕਹੀ ਜੋ ਕਿ ਉਹਨਾਂ ਦੀਆਂ ਸੰਪਰਦਾਵਾਂ ਤੱਕ ਸੀਮਿਤ ਹੋ ਕੇ ਰਹਿ ਗਈ। ਪਰ ਉਹਨਾਂ ਦੇ ਸ਼ੂਦਰਾਂ ਪ੍ਰਤੀ ਬਦਲੇ ਇਸ ਵਤੀਰੇ ਨੇ ਨੀਚ ਸਮਝੇ ਜਾਂਦੇ ਇਹਨਾਂ ਲੋਕਾਂ ਨੂੰ ਰਾਹਤ ਪਹੁੰਚਾਈ। ਸੁਆਮੀ ਦਇਆਨੰਦ ਨੇ ਜਾਤ-ਪਾਤ ਖਿਲਾਫ਼ ਆਵਾਜ਼ ਬੁਲੰਦ ਕਰਦੇ ਹੋਏ 'ਸ਼ੁੱਧੀ' ਲਹਿਰ ਆਰੰਭ ਕੀਤੀ ਜਿਸਦਾ ਉਦੇਸ਼ ਹਿੰਦੂਆਂ ਵਿਚੋਂ ਧਰਮ ਪਰਿਵਰਤਨ ਕਰਕੇ ਈਸਾਈ ਜਾਂ ਮੁਸਲਮਾਨ ਬਣੇ ਸ਼ੂਦਰਾਂ ਨੂੰ ਵਾਪਸ ਹਿੰਦੂ ਸਮਾਜ ਦਾ ਅੰਗ ਬਣਾਉਂਦਾ ਸੀ। ਜਿਥੇ ਉਹ ਜਾਤ-ਪਾਤ ਤੋਂ ਮੁਕਤ ਹੋ ਕੇ ਆਰੀਆ ਸਮਾਜ ਦਾ ਅੰਗ ਬਣ ਸਕਦੇ ਸਨ। ਡਾਃ ਰਾਧਾਕ੍ਰਿਸ਼ਨ ਨੇ ਆਪਣੀ ਪੁਸਤਕ 'ਦ ਹਿੰਦੂ ਵਿਊ ਆਫ਼ ਲਾਈਫ਼' ਵਿਚ ਜਾਤਪਾਤ ਦੇ ਖਿਲਾਫ਼ ਆਵਾਜ਼ ਬੁਲੰਦ ਕਰਦੇ ਹੋਏ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ "ਹਿੰਦੂ ਧਰਮ ਗ੍ਰੰਥ ਅੱਜ ਬਗੈਰ ਕਿਸੇ ਜਾਤਪਾਤ ਅਤੇ ਲਿੰਗ ਭੇਦ ਤੋਂ ਸਮੂਹ ਲੋਕਾਂ ਲਈ ਪੇਸ਼ ਕਰ ਦੇਣੇ ਚਾਹੀਦੇ ਹਨ (The Hindu scriptures should be thrown open at the present day to all people irrespective of their caste or sex.)

### 1.4.4 ਸਿੱਖ ਧਰਮ ਵਿਚ ਜਾਤਪਾਤ ਦਾ ਵਿਰੋਧ

(1) **ਸਿਧਾਂਤਕ ਪੱਖ** : ਗੁਰੂ ਸਾਹਿਬਾਨ ਨੇ ਸਿੱਖਾਂ ਵਿਚੋਂ ਜਾਤਪਾਤ ਅਤੇ ਉਚ-ਨੀਚ ਦੇ ਭੇਦਭਾਵ ਨੂੰ ਖਤਮ ਕਰਨ ਲਈ ਜ਼ੋਰਦਾਰ ਸ਼ਬਦਾਂ ਵਿਚ ਆਵਾਜ਼ ਬੁਲੰਦ ਕੀਤੀ। ਉਹਨਾਂ ਨੇ ਜਾਤਪਾਤ ਖਿਲਾਫ਼ ਮੁਹਿੰਮ ਵਿਚ ਯੋਗਦਾਨ ਪਾਉਂਦੇ ਹੋਏ ਸਮੂਹ ਲੋਕਾਈ ਨੂੰ ਕੇ ਵਲ ਇਕ ਪਰਮਾਤਮਾ ਨਾਲ ਜੁੜਨ ਦਾ ਮਾਰਗ ਦਰਸਾਇਆ। ਗੁਰੂ ਨਾਨਕ ਦੇਵ ਜੀ ਨੇ ਆਪਣੀ ਸਿੱਖਿਆ ਦਾ ਆਰੰਭ ਹੀ ੧ਓਂ ਤੋਂ ਕੀਤਾ ਜਿਸਦਾ ਭਾਵ ਸੀ ਕਿ ਸਮੁੱਚੀ ਲੋਕਾਈ ਦਾ ਕਰਤਾ ਕੇਵਲ ਇਕ ਹੈ। ਇਸ ਇਕ ਪਰਮਾਤਮਾ ਤੋਂ ਹੀ ਸਮੂਹ ਜੀਵਾਂ ਦੀ ਉਤਪਤੀ ਹੋਈ ਹੈ, ਏਸੇ ਕਰਕੇ ਸਮੂਹ ਜੀਵਾਂ ਵਿਚ ਇਕੋ ਜੋਤ ਬਿਰਾਜਮਾਨ ਹੈ :

ਸਭ ਮਹਿ ਜੋਤਿ ਜੋਤਿ ਹੈ ਸੋਇ।।
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।। (ਪੰਨਾ 13)

ਜਾਤਪਾਤ ਦੀਆਂ ਵੰਡੀਆਂ ਮਨੁੱਖ ਦੁਆਰਾ ਹੋਂਦ ਵਿਚ ਆਇਆ। ਆਪਣੇ ਸੁਆਰਥ ਨੂੰ ਮੁੱਖ ਰੱਖ ਕੇ ਬ੍ਰਾਹਮਣ ਵਰਗ ਅਤਿ ਕੁਲੀਨ ਬਣ ਗਿਆ ਅਤੇ ਬਾਕੀ ਸਭ ਵਰਣਾਂ ਤੋਂ ਆਪਣੇ ਆਪ ਨੂੰ ਸ੍ਰੇਸ਼ਟ ਸਮਝਣ ਲੱਗਿਆ। ਆਪਣੀ ਰਾਖੀ ਲਈ ਖੱਤਰੀ ਵਰਗ ਨੂੰ ਹੋਂਦ ਵਿਚ ਲਿਆਂਦਾ ਅਤੇ ਲੁੱਟ-ਖਸੁੱਟ ਕਰਨ ਲਈ ਵੈਸ਼ਾਂ ਦੇ ਰੂਪ ਵਿਚ ਵਪਾਰੀ ਪੈਦਾ ਕੀਤੇ। ਸ਼ੂਦਰਾਂ ਦੀ ਹੋਂਦ ਬਾਕੀ ਵਰਣਾਂ ਦੀ ਸੇਵਾ ਕਰਨ ਲਈ ਸਥਾਪਤ ਕੀਤੀ ਗਈ। ਗੁਰੂ ਸਾਹਿਬਾਨ ਨੇ ਪਰਮਾਤਮਾ ਦੀ ਜੋਤ ਸਮੂਹ ਜੀਵਾਂ ਵਿਚ ਮਹਿਸੂਸ ਕਰਦੇ ਹੋਏ ਬ੍ਰਾਹਮਣਾਂ ਦੇ ਫੈਲਾਏ ਹੋਏ ਭਰਮ ਜਾਲ ਨੂੰ ਤੋੜਿਆ ਕਿ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਪਰਮਾਤਮਾ ਦੇ ਵੱਖ ਵੱਖ ਹਿੱਸਿਆਂ ਵਿਚੋਂ ਉਤਪੰਨ ਹੋਏ ਹਨ। ਕਬੀਰ ਜੀ ਨੇ ਪ੍ਰਮਾਤਮਾ ਤੋਂ ਸਮੂਹ ਜੀਵਾਂ ਦੀ ਹੋਂਦ ਨੂੰ

ਸਵੀਕਾਰ ਕੀਤਾ ਅਤੇ ਵਰਣ ਵਿਵਸਥਾ ਨੂੰ ਪਰਮਾਤਮਾ ਨਾਲ ਜੋੜਨ ਦੇ ਵਿਚਾਰ ਨੂੰ ਮੂਲੋਂ ਹੀ ਰੱਦ ਕਰਦੇ ਹੋਏ ਕਿਹਾ ਕਿ ਮਾਤਾ ਦੇ ਪੇਟ ਵਿਚ ਬੱਚੇ ਦੀ ਕੋਈ ਜਾਤ ਨਹੀਂ ਹੁੰਦੀ :

ਗਰਭ ਵਾਸ ਮਹਿ ਕੁਲੁ ਨਹੀਂ ਜਾਤੀ।।
ਬ੍ਰਹਮ ਬਿੰਦੁ ਤੇਂ ਸਭ ਉਤਪਾਤੀ।। (ਪੰਨਾ 324)

ਗੁਰੂ ਗ੍ਰੰਥ ਸਾਹਿਬ ਵਿਚ ਆਏ ਭਗਤਾਂ ਵਿਚੋਂ ਭਗਤ ਕਬੀਰ ਜੀ ਨੇ ਬੜੀ ਤੀਖਣ ਸ਼ਬਦਾਵਲੀ ਵਿਚ ਬ੍ਰਾਹਮਣਾਂ ਦੁਆਰਾ ਫੈਲਾਏ ਜਾਤਪਾਤ ਦੇ ਸਿਧਾਂਤਾਂ ਨੂੰ ਰੱਦ ਕੀਤਾ ਹੈ। ਬ੍ਰਾਹਮਣ ਦੀ ਉਚਤਾ ਨੂੰ ਰੱਦ ਕਰਦੇ ਹੋਏ ਭਗਤ ਕਬੀਰ ਜੀ ਨੇ ਬ੍ਰਾਹਮਣ ਦੇ ਸਹੀ ਅਰਥਾਂ ਨੂੰ ਉਜਾਗਰ ਕਰਦੇ ਹੋਏ ਕਿਹਾ:

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ।।
ਤਉ ਆਨ ਬਾਟ ਕਾਹੇ ਨਹੀਂ ਆਇਆ।।
ਤੁਮ ਕਤ ਬ੍ਰਾਹਮਣ ਹਮ ਕਤ ਸੂਦ।।
ਹਮ ਕਤ ਲੋਹੂ ਤੁਮ ਕਤ ਦੁਧ।।
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ।।
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ।। (ਪੰਨਾ 324)

ਵਰਣ ਵਿਵਸਥਾ ਵਿਚ ਸ਼ੂਦਰ ਸਮਝੇ ਜਾਂਦੇ ਵਿਅਕਤੀ ਨੂੰ ਧਾਰਮਿਕ ਕ੍ਰਿਆਵਾਂ ਕਰਨ ਅਤੇ ਧਰਮ ਅਧਿਐਨ ਦੀ ਸਖਤ ਮਨਾਹੀ ਸੀ। ਮਨੂ ਸਿਮਰਤੀ ਵਿਚ ਦੱਸਿਆ ਗਿਆ ਹੈ ਕਿ "ਜੋ ਬ੍ਰਾਹਮਣ ਸ਼ੂਦਰ ਨੂੰ ਧਰਮ ਦਾ ਉਪਦੇਸ਼ ਦਿੰਦਾ ਹੈ ਅਤੇ ਵਰਤ ਜਾਂ ਪ੍ਰਾਸ਼ਚਿਤ ਦਾ ਉਪਦੇਸ਼ ਦਿੰਦਾ ਹੈ ਉਹ ਉਸ ਸ਼ੂਦਰ ਦੇ ਨਾਲ ਹੀ 'ਅੰਸ਼ਵਰਿਤ' ਨਾਂ ਦੇ ਨਰਕ ਵਿਚ ਪ੍ਰਵੇਸ਼ ਕਰਦਾ ਹੈ" (ਮਨੂ ਸਿਮਰਤੀ 4.81) ਗੁਰੂ ਸਾਹਿਬਾਨ ਨੇ ਧਰਮ ਦੇ ਅਨੁਭਵ ਅਤੇ ਅਧਿਐਨ ਦੇ ਨਾਲ-ਨਾਲ ਧਾਰਮਿਕ ਕ੍ਰਿਆਵਾਂ ਵਿਚ ਸਮੁੱਚੀ ਮਾਨਵ ਜਾਤੀ ਨੂੰ ਬਰਾਬਰ ਦਾ ਹਿੱਸੇਦਾਰ ਮੰਨਿਆ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਉਪਦੇਸ਼ਾਂ ਦੀ ਸਾਂਝੀਵਾਲਤਾ ਦਾ ਪ੍ਰਗਟਾਵਾ ਕਰਦੇ ਹੋਏ ਸਪਸ਼ਟ ਕੀਤਾ ਕਿ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ।। (ਪੰਨਾ 747)

ਇਹ ਸਰਬ ਸਾਂਝਾ ਉਪਦੇਸ਼ ਜੋ ਵੀ ਮਨੁੱਖ ਗ੍ਰਹਿਣ ਕਰਦਾ ਹੈ, ਭਾਵੇਂ ਕਿ ਉਹ ਕਿਸੇ ਵੀ ਅਖੌਤੀ ਜਾਤ ਨਾਲ ਸੰਬੰਧ ਰੱਖਦਾ ਹੋਵੇ, ਉਹੀ ਪਰਮਸਤਿ ਦੀ ਪ੍ਰਾਪਤੀ ਕਰਕੇ ਗੁਰਮੁਖ ਪਦਵੀ ਪ੍ਰਾਪਤ ਕਰ ਸਕਦਾ ਹੈ। ਗੁਰੂ ਰਾਮਦਾਸ ਜੀ ਨੇ ਜਨਮ ਜਾਤ ਤੋਂ ਮੁਕਤ ਹੋ ਕੇ ਵਿਹਾਰਕ ਪੱਧਰ ਤੇ ਪਰਮਾਤਮਾ ਨਾਲ ਜੁੜਨ ਵਾਲੇ ਮਨੁੱਖ ਨੂੰ ਤਰਜੀਹ ਦਿੰਦੇ ਹੋਏ ਕਿਹਾ :

ਬ੍ਰਾਹਮਣ ਖਤ੍ਰੀ ਸੂਦ ਵਰਨ ਚਾਰਿ ਵਰਣ ਚਾਰਿ ਆਸ੍ਰਮ ਹਹਿ
ਜੋ ਹਰਿ ਧਿਆਵੈ ਸੋ ਪਰਧਾਨੁ।। (ਪੰਨਾ 861)

(2) **ਵਿਹਾਰਕ ਪੱਖ** : ਗੁਰੂ ਸਾਹਿਬਾਨ ਨੇ ਜਾਤਪਾਤ ਦੇ ਵਿਰੋਧ ਵਿਚ ਜੋ ਸਿਧਾਂਤ ਸਿਰਜਿਆ ਉਸ ਨੂੰ ਅਮਲੀ ਪੱਧਰ ਤੇ ਲਾਗੂ ਕਰਨ ਲਈ ਵੀ ਪੁਰਜੋਰ ਕੋਸ਼ਿਸ਼ ਕੀਤੀ। ਸਿੱਖ ਸਮਾਜ ਵਿਚ ਜਾਤਪਾਤ ਦੀ ਵਰਗਵੰਡ ਨੂੰ ਖਤਮ ਕਰਨ ਲਈ ਅਜਿਹੀ ਪ੍ਰਣਾਲੀ ਕਾਇਮ ਕੀਤੀ ਗਈ ਜੋ ਕਿ ਚਾਹੁੰਦੇ ਹੋਏ ਵੀ ਤੋੜੀ ਨਹੀਂ ਜਾ ਸਕਦੀ। ਸੰਗਤ, ਲੰਗਰ, ਗੁਰਦੁਆਰਾ, ਖਾਲਸਾ ਪੰਥ ਦੀ ਸਿਰਜਣਾ ਆਦਿ ਅਜਿਹੀਆਂ ਸੰਸਥਾਵਾਂ ਅਤੇ ਪਰੰਪਰਾਵਾਂ ਹਨ ਜੋ ਕਿ ਸਿੱਖ ਧਰਮ ਦਾ ਬੁਨਿਆਦੀ ਢਾਂਚਾ ਸਿਰਜਦੀਆਂ ਹਨ।

ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਜਿਥੇ ਵੀ ਗਏ ਉਥੇ ਉਹਨਾਂ ਨੇ ਸੰਗਤ ਦੀ ਸਥਾਪਨਾ ਕੀਤੀ। ਸੰਗਤ ਵਿਚ ਕਦਰਾਂ-ਕੀਮਤਾਂ ਦੇ ਮਾਰਗ ਤੇ ਚਲੱਣ ਦੀ ਪ੍ਰੇਰਣਾ ਕੀਤੀ ਜਾਂਦੀ। ਸਿੱਖ ਸੰਗਤ ਦੇ ਕੁਝ ਪ੍ਰਚਾਰਕ ਵੀ ਅਜਿਹੇ ਹੀ ਮਨੁੱਖ

ਥਾਪੇ ਗਏ ਜੋ ਕਿ ਪਹਿਲਾਂ ਲੋਕਾਂ ਦੀ ਲੁੱਟ-ਖਸੁੱਟ ਦਾ ਕੰਮ ਕਰਦੇ ਸਨ। ਉਦਾਹਰਣ ਦੇ ਤੌਰ ਤੇ ਸੱਜਣ ਠੱਗ ਆਦਿ। ਪਰ ਗੁਰੂ ਨਾਨਕ ਦੇਵ ਜੀ ਸੰਗਤ ਵਿਚ ਆਉਣ ਨਾਲ ਉਹਨਾਂ ਦੇ ਮਨ ਦੀ ਮੈਲ ਸਾਫ਼ ਹੋ ਗਈ ਅਤੇ ਉਹਨਾਂ ਸੱਚਾਈ ਅਤੇ ਸਦਾਚਾਰ ਦੇ ਮਾਰਗ ਤੇ ਚੱਲਣ ਦਾ ਪ੍ਰਣ ਕੀਤਾ। ਗੁਰੂ ਨਾਨਕ ਦੇਵ ਜੀ ਨੇ ਕਰਤਾਪੁਰ ਵਿਖੇ ਧਰਮਸਾਲ ਦੀ ਸਥਾਪਨਾ ਕਰਕੇ ਸਵੇਰੇ-ਸ਼ਾਮ ਸੰਗਤ ਅਤੇ ਲੰਗਰ ਦੀ ਪਰੰਪਰਾ ਦਾ ਆਰੰਭ ਕੀਤਾ। ਗੁਰੂ ਨਾਨਕ ਦੇਵ ਜੀ ਦੇ ਮਨ ਇੱਛਾ ਵੀ ਅਜਿਹੀ ਹੀ ਧਰਮਸਾਲ ਘਰ-ਘਰ ਵਿਚ ਸਥਾਪਤ ਕਰਨ ਦੀ ਸੀ ਜਿਥੇ ਜਾਤਪਾਤ ਅਤੇ ਊਚ-ਨੀਚ ਦੇ ਭੇਦਭਾਵ ਤੋਂ ਮੁਕਤ ਮਨੁੱਖ ਇਕ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਗ੍ਰਹਿਣ ਕਰਨ। ਧਰਮਸਾਲ ਅਜੋਕੀ ਗੁਰਦੁਆਰਾ ਸੰਸਥਾ ਦਾ ਮੁੱਢਲਾ ਰੂਪ ਸੀ।

ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਦੀ ਸਥਾਪਨਾ ਕਰਕੇ ਇਸਦੀ ਵਾਗਡੋਰ ਗੁਰੂ ਅੰਗਦ ਦੇਵ ਜੀ ਦੇ ਹੱਥ ਫੜਾਈ ਤਾਂ ਕਿ ਜੋ ਗੁਰਮਤਿ ਸਿਧਾਂਤ ਸਿਰਜੇ ਗਏ ਹਨ ਉਹਨਾਂ ਨੂੰ ਸਦੀਵੀ ਤੌਰ ਤੇ ਕਾਇਮ ਕੀਤਾ ਜਾਵੇ। ਸਮੂਹ ਵਰਗਾਂ ਅਤੇ ਵਰਣਾਂ ਦੇ ਲੋਕਾਂ ਨੂੰ ਸੰਗਤ ਵਿਚ ਬਰਾਬਰੀ ਦਾ ਸਥਾਨ ਹਾਸਲ ਸੀ। ਗੁਰੂ ਅਮਰਦਾਸ ਜੀ ਨੇ ਗੁਰਗੱਦੀ ਦੀ ਸੇਵਾ ਕਰਦੇ ਹੋਏ ਸ਼ਾਇਦ ਇਹ ਮਹਿਸੂਸ ਕੀਤਾ ਕਿ ਸੰਗਤ ਵਿਚ ਵੱਖ ਵੱਖ ਵਰਗਾਂ ਦੇ ਲੋਕ ਅਜੇ ਤੱਕ ਇਕ ਦੂਜੇ ਤੋਂ ਦੂਰ ਹੋ ਕੇ ਬੈਠਦੇ ਹਨ। ਸਦੀਆਂ ਤੋਂ ਚਲੀ ਆ ਰਹੀ ਭੇਦਭਾਵ ਦੀ ਨੀਤੀ ਦਾ ਖਾਤਮਾ ਇਕਦਮ ਹੋਣਾ ਮੁਸ਼ਕਲ ਵੀ ਸੀ। ਗੁਰੂ ਅਮਰਦਾਸ ਜੀ ਨੇ ਇਸਨੂੰ ਪੱਕੇ ਤੌਰ ਤੇ ਜੜ੍ਹੋਂ ਪੁੱਟਣ ਲਈ ਇਹ ਆਦੇਸ਼ ਕੀਤਾ : "ਪਹਿਲੇ ਪੰਗਤ ਪਾਛੈ ਸੰਗਤ।"

ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਨੇ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਸਮੇਂ ਅਜਿਹਾ ਮਾਡਲ ਪੇਸ਼ ਕੀਤਾ ਜੋ ਕਿ ਸਮੂਹ ਲੋਕਾਈ ਨੂੰ ਊਚ-ਨੀਚ ਅਤੇ ਜਾਤਪਾਤ ਦੇ ਭੇਦਭਾਵ ਤੋਂ ਮੁਕਤ ਕਰਦਾ ਹੈ। ਇਸ ਪਵਿੱਤਰ ਸਥਾਨ ਦੇ ਚਾਰ ਦਰਵਾਜੇ ਚਾਰੇ ਵਰਗਾਂ ਲਈ ਖੁਲ੍ਹੇ ਹੋਣ ਦਾ ਸੰਕੇਤ ਹਨ। ਦਰਬਾਰ ਸਾਹਿਬ ਤੋਂ ਬਾਅਦ ਬਣਨ ਵਾਲੇ ਸਮੂਹ ਗੁਰਦੁਆਰਿਆਂ ਲਈ ਇਹ ਧਰਮ ਸਥਾਨ ਇਕ ਮਾਡਲ ਰੂਪ ਵਿਚ ਸਾਹਮਣੇ ਆਇਆ। ਦਰਬਾਰ ਸਾਹਿਬ ਦੇ ਅੰਦਰ ਹੀ ਮਾਨਵਤਾ ਦੀ ਅਗਵਾਈ ਵਾਲੇ ਪ੍ਰਮੁੱਖ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਦਾ ਪ੍ਰਕਾਸ਼ ਕੀਤਾ ਗਿਆ। ਇਸ ਗ੍ਰੰਥ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਵੱਖ-ਵੱਖ ਜਾਤਾਂ, ਭੂਗੋਲਿਕ ਖਿੱਤਿਆਂ ਅਤੇ ਕੌਮਾਂ ਨਾਲ ਸੰਬੰਧਤ ਵਿਅਕਤੀਆਂ ਨੂੰ ਬਰਾਬਰ ਦਾ ਸਥਾਨ ਦਿੱਤਾ ਗਿਆ ਜਿਵੇਂ ਬਾਬਾ ਫਰੀਦ- ਮੁਸਲਮਾਨ, ਰਾਮਾਨੰਦ-ਬ੍ਰਾਹਮਣ, ਸਧਨਾ-ਕਸਾਈ, ਕਬੀਰ-ਜੁਲਾਹਾ ਆਦਿ। ਗੁਰੂ ਗ੍ਰੰਥ ਸਾਹਿਬ ਵਿਚ ਦਰਜ 6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਸਿੱਖਾਂ ਦੀ ਬਾਣੀ ਨੂੰ ਸਮੁੱਚੇ ਤੌਰ ਤੇ 'ਗੁਰੂ' ਦਾ ਦਰਜਾ ਦਿੱਤਾ ਗਿਆ। ਅਜਿਹੀ ਮਿਸਾਲ ਦੁਨੀਆ ਦੇ ਕਿਸੇ ਹੋਰ ਧਰਮ ਗ੍ਰੰਥ ਵਿਚ ਵੇਖਣ ਨੂੰ ਨਹੀਂ ਮਿਲਦੀ। ਲਗਪਗ ਪੰਜ ਸਦੀਆਂ ਤੱਕ ਭਗਤਾਂ ਅਤੇ ਗੁਰੂਆਂ ਵਲੋਂ ਸਮੇਂ-ਸਮੇਂ ਤੇ ਦਿੱਤੇ ਗਏ ਪ੍ਰੇਮ ਅਤੇ ਭਾਈਚਾਰੇ ਦੇ ਸੰਦੇਸ਼ ਨੂੰ ਇਸ ਗ੍ਰੰਥ ਵਿਚ ਸੰਕਲਿਤ ਕੀਤਾ ਗਿਆ।

ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਵਿਚ ਦਸਵੰਧ ਦੀ ਪ੍ਰਥਾ ਆਰੰਭ ਕੀਤੀ। ਦਸਵੰਧ ਦੀ ਰਕਮ ਨਾਲ ਗੁਰੂ ਜੀ ਨੇ ਜਿਥੇ ਸਮਾਜ ਸੇਵਾ ਅਤੇ ਪਰਉਪਕਾਰ ਲਈ ਹਸਪਤਾਲ ਖੋਲੇ, ਧਰਮਸ਼ਲਾਵਾਂ ਬਣਵਾਈਆਂ, ਪਿੰਗਲਵਾੜੇ ਉਸਾਰੇ ਉਥੇ ਸਿੱਖਾਂ ਵਿਚ ਆਰੰਭ ਹੋਈ ਇਸ ਪਰੰਪਰਾ ਨਾਲ ਊਚ-ਨੀਚ ਦਾ ਭੇਦਭਾਵ ਖਤਮ ਕਰਨ ਵਿਚ ਸਹਾਇਤਾ ਮਿਲੀ।

ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭੇ ਮਿਸ਼ਨ ਦੀ ਸਿਖਰ ਮੰਨਿਆ ਜਾਂਦਾ ਹੈ। ਜਾਤਪਾਤ ਦੇ ਵਿਤਕਰੇ ਨੂੰ ਖਤਮ ਕਰਨ ਲਈ ਗੁਰੂ ਜੀ ਜੋ ਯੋਗਦਾਨ ਪਾਇਆ ਉਸਦੀ ਮਿਸਾਲ ਵੀ ਦੁਨੀਆ ਵਿਚ ਹੋਰ ਕਿਧਰੇ ਵੇਖਣ ਨੂੰ ਨਹੀਂ ਮਿਲਦੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਸਮੁੱਚੀ ਸਿੱਖ ਕੌਮ ਵਿਚੋਂ ਜਾਤਪਾਤ ਅਤੇ ਭੇਦਭਾਵ ਦਾ ਵਿਤਕਰਾ ਮਿਟਾ ਦਿੱਤਾ। ਗੁਰੂ ਜੀ ਨੇ ਦਯਾ ਰਾਮ ਖੱਤਰੀ, ਧਰਮ ਦਾਸ ਜੱਟ, ਮੋਹਕਮ ਚੰਦ ਧੋਬੀ, ਹਿੰਮਤ ਸਿੰਘ ਜਗਨਨਾਥ ਦੇ ਰਸੋਈਏ ਅਤੇ ਸਾਹਿਬ ਚੰਦ ਨਾਈ ਨੂੰ ਖਾਲਸਾ ਪੰਥ ਵਿਚ ਸ਼ਾਮਲ ਕਰਕੇ ਮੁੱਖੀ ਸਿੱਖ ਥਾਪਿਆ, ਇਹਨਾਂ ਨੂੰ ਪੰਜ ਪਿਆਰੇ ਵੀ ਕਿਹਾ ਜਾਂਦਾ ਹੈ। ਗੁਰੂ ਜੀ ਨੇ ਇਹਨਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਸਭ ਤਰ੍ਹਾਂ ਦੀਆਂ ਕੁਰੀਤੀਆਂ ਅਤੇ ਵਹਿਮਾਂ-ਭਰਮਾਂ ਨੂੰ ਖਤਮ ਕਰ ਦਿੱਤਾ ਅਤੇ ਫਿਰ ਆਪ ਇਹਨਾਂ ਪੰਜਾਂ ਤੋਂ ਅੰਮ੍ਰਿਤ ਛਕ ਕੇ ਗੁਰੂ-ਚੇਲੇ ਦੀ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਭੇਦਭਾਵ ਪੂਰਨ ਪਰੰਪਰਾ ਦਾ ਖਾਤਮਾ ਕਰ ਦਿੱਤਾ। ਹਰ ਸਿੱਖ ਪੁਰਸ਼ ਅਤੇ ਇਸਤਰੀ ਦੀ

ਪਛਾਣ ਨਾਮ ਦੇ ਪਿਛਲੇ ਹਿੱਸੇ ਤੋਂ ਹੋਣ ਲੱਗੀ ਜਿਵੇਂ 'ਰਵਿੰਦਰ' ਕਿਸੇ ਵੀ ਸਿੱਖ ਪੁਰਸ਼ ਜਾਂ ਇਸਤਰੀ ਦਾ ਨਾਮ ਹੋ ਸਕਦਾ ਹੈ ਪਰ ਇਸ ਨਾਮ ਦੇ ਪਿਛੇ ਲੱਗੇ 'ਸਿੰਘ' ਜਾਂ 'ਕੌਰ' ਤੋਂ ਪਤਾ ਲਗਦਾ ਹੈ ਕਿ ਸੰਬੋਧਨ ਕੀਤਾ ਵਿਅਕਤੀ ਪੁਰਸ਼ ਹੈ ਜਾਂ ਇਸਤਰੀ। 'ਸਿੰਘ' ਅਤੇ ਕੌਰ' ਪਦ ਵੀ ਖਾਲਸੇ ਦੀ ਸਾਜਨਾ ਸਮੇਂ ਗੁਰੂ ਸਾਹਿਬ ਦੁਆਰਾ ਨਿਰਧਾਰਤ ਮਰਯਾਦਾ ਵਿਚ ਦਿੱਤਾ ਗਿਆ। ਖਾਲਸੇ ਦੀ ਸਾਜਨਾ ਸਿੱਖ ਸਮਾਜ ਵਿਚੋਂ ਜਾਤਪਾਤ ਅਤੇ ਊਚ-ਨੀਚ ਦੇ ਭੇਦਭਾਵ ਨੂੰ ਖਤਮ ਕਰਨ ਦੀ ਸਿਖਰ ਸੀ। ਖਾਲਸੇ ਦੀ ਸਾਜਨਾ ਮਾਨਵਤਾ ਦੇ ਮਾਰਗ ਤੇ ਚਲੱਣ ਵਾਲੇ ਮਨੁੱਖਾਂ ਦਾ ਸਮੂਹ ਤਿਆਰ ਕਰਨ ਵੱਲ ਚੁਕਿਆ ਗਿਆ ਇਕ ਕਦਮ ਸੀ ਜੋ ਵੱਖ ਵੱਖ ਜਾਤਾਂ, ਨਸਲਾਂ, ਬੋਲੀਆਂ, ਖਿਤਿਆਂ ਆਦਿ ਦੇ ਲੋਕਾਂ ਨੂੰ ਗੁਰੂ ਆਸ਼ੇ ਅਨੁਸਾਰ ਇਕ ਸਮਾਨ ਸਮਝੇ, ਜਿਸ ਦਾ ਉਲੇਖ ਗੁਰੂ ਗੋਬਿੰਦ ਸਿੰਘ ਜੀ ਆਪਣੀ ਰਚਨਾ ਵਿਚ ਕਰਦੇ ਹੋਏ ਕਹਿੰਦੇ ਹਨ :

> ਹਿੰਦੂ ਤੁਰਕ ਕੋਊ ਰਾਫ਼ਿਜ਼ੀ ਇਮਾਮ ਸਾਫੀ,
> ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ। ਅਕਾਲ ਉਸਤਤਿ 85

ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੈ। ਇਸਨੇ ਸਿੱਖਾਂ ਦੀ ਇਕ ਨਿਯਮਿਤ ਜੀਵਨ-ਜਾਚ ਨੂੰ ਸਪਸ਼ਟ ਰੂਪ ਵਿਚ ਪੇਸ਼ ਕਰਨ ਲਈ ਪੰਥ ਦੇ ਉਘੇ ਵਿਦਵਾਨਾਂ ਦੀ ਰਾਇ ਨਾਲ 'ਸਿੱਖ ਰਹਿਤ ਮਰਯਾਦਾ' ਤਿਆਰ ਕਰਵਾਈ ਜਿਸ ਵਿਚ ਗੁਰਮਤਿ ਰਹਿਣੀ ਦਾ ਉਲੇਖ ਕਰਦੇ ਹੋਏ ਸਪਸ਼ਟ ਕੀਤਾ ਗਿਆ ਹੈ ਕਿ ਸਿੱਖ ਨੇ "ਜਾਤਪਾਤ, ਛੂਤ-ਛਾਤ ਜੰਤ੍ਰ-ਮੰਤ੍ਰ-ਤ੍ਰੰਤ, ਸ਼ਗਨ, ਤਿੱਥ, ਮਹੂਰਤ ਆਦਿ ਭਰਮ ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ"।

ਇਸ ਤਰ੍ਹਾਂ ਗੁਰਮਤਿ ਸਿਧਾਂਤਾਂ ਵਿਚ ਜਾਤਪਾਤ ਅਤੇ ਊਚ-ਨੀਚ ਨੂੰ ਕੋਈ ਸਥਾਨ ਨਹੀਂ ਹੈ ਅਤੇ ਜੋ ਵਿਅਕਤੀ ਇਹਨਾਂ ਸਿਧਾਤਾਂ ਦੀ ਪਾਲਣਾ ਨਹੀਂ ਕਰਦਾ ਉਸਨੂੰ ਸਿੱਖ ਨਹੀਂ ਕਿਹਾ ਜਾ ਸਕਦਾ।

1.4.5 **ਇਸਤਰੀ ਦਾ ਸਥਾਨ ;** ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚਲਿਤ ਭਾਰਤੀ ਸਮਾਜ ਵਿਚ ਇਸਤਰੀ ਨੂੰ ਕੋਈ ਬਹੁਤਾ ਸਤਿਕਾਰਯੋਗ ਸਥਾਨ ਪ੍ਰਾਪਤ ਨਹੀਂ ਸੀ। ਇਸਲਾਮ ਵਿਚ ਭਾਵੇਂ ਸਿਧਾਂਤਕ ਤੌਰ ਤੇ ਇਸਤਰੀ-ਪੁਰਸ਼ ਬਰਾਬਰੀ ਦਾ ਸਿਧਾਂਤ ਪ੍ਰਚਲਿਤ ਹੈ ਪਰ ਵਿਹਾਰਕ ਤੌਰ ਤੇ ਮੁਸਲਮਾਨਾਂ ਨੇ ਜਿਥੇ ਆਪਣੀਆਂ ਇਸਤਰੀਆਂ ਨੂੰ ਪਰਦੇ ਵਿਚ ਰਖਿਆ ਹੋਇਆ ਸੀ ਉਥੇ ਨਾਲ ਹੀ ਉਹ ਇਸਲਾਮ ਤੋਂ ਇਲਾਵਾ ਦੂਜੇ ਧਰਮ ਦੀਆਂ ਇਸਤਰੀਆਂ ਨੂੰ ਅਸਤਿਕਾਰਪੂਰਕ ਢੰਗ ਨਾਲ ਪੇਸ਼ ਆਉਂਦੇ ਸਨ। ਮੁਸਲਮਾਨ ਹਮਲਾਵਰਾਂ ਨੇ ਜਿਥੇ ਇਸ ਦੇਸ਼ ਦੇ ਧਨ-ਮਾਲ ਨੂੰ ਲੁਟਿਆ ਉਥੇ ਨਾਲ ਹੀ ਉਹ ਇਥੋਂ ਜਬਰੀ ਚੁੱਕ ਕੇ ਲਿਜਾਈਆਂ ਗਈਆਂ ਇਸਤਰੀਆਂ ਨੂੰ ਜਾਂ ਤਾਂ ਆਪਣੇ ਹਰਮ ਵਿਚ ਸਥਾਨ ਦੇ ਦਿੰਦੇ ਜਾਂ ਫਿਰ ਗਜ਼ਨੀ ਦੀਆਂ ਮੰਡੀਆਂ ਵਿਚ ਪਸ਼ੂਆਂ ਵਾਂਗ ਵੇਚ ਦਿੰਦੇ। ਡਾ. ਭਗਤ ਸਿੰਘ ਇਸਲਾਮ ਵਿਚ ਇਸਤਰੀ ਦੀ ਸਥਿਤੀ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਇਸਲਾਮ ਅਨੁਸਾਰ "ਜਿਹੜੀ ਇਸਤਰੀ ਬਿਨਾਂ ਪਰਦੇ ਦੇ ਇਧਰ ਉਧਰ ਘੁੰਮੇਗੀ ਉਹ ਦੋਜ਼ਖ ਨੂੰ ਜਾਏਗੀ। ਕਿਹਾ ਜਾਂਦਾ ਹੈ ਕਿ ਹਜ਼ਰਤ ਮੁਹੰਮਦ ਨੇ ਇਕ ਵਾਰ ਦੋਖਮ ਦੀ ਝਾਕੀ ਦੇਖੀ ਤਾਂ ਨਜ਼ਰ ਆਇਆ ਕਿ ਉਥੇ ਵਧੇਰੇ ਕਰ ਕੇ ਔਰਤਾਂ ਹੀ ਸਨ।" ਹਿੰਦੂ ਸਮਾਜ ਵਿਚ ਇਸਤਰੀ ਦਾ ਸਥਾਨ : ਹਿੰਦੂ ਸਮਾਜ ਚਾਰ ਵਰਗਾਂ ਵਿਚ ਵੰਡਿਆ ਹੋਇਆ ਹੈ - ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਇਹਨਾਂ ਚਾਰਾਂ ਵਿਚ ਇਸਤਰੀ ਦਾ ਕੀ ਸਥਾਨ ਹੈ ਉਸ ਬਾਰੇ ਸਪਸ਼ਟ ਨਹੀਂ ਕੀਤਾ ਗਿਆ। ਇਸਦਾ ਭਾਵ ਇਹ ਹੈ ਕਿ ਜੋ ਵੀ ਇਸਤਰੀ ਜਿਸ ਵੀ ਵਰਗ ਨਾਲ ਸੰਬੰਧਤ ਹੋਵੇਗੀ ਉਸ ਵਰਗ ਦੇ ਪੁਰਸ਼ ਦੁਆਰਾ ਨਿਰਧਾਰਤ ਨਿਯਮਾਂ ਦਾ ਪਾਲਣ ਕਰੇਗੀ। ਹਰ ਵਰਗ ਦੇ ਪੁਰਸ਼ ਆਪਣੇ ਵਰਗ ਦੀ ਇਸਤਰੀ ਨੂੰ ਉਸੇ ਹਾਲਤ ਵਿਚ ਰੱਖਦੇ ਜਿਸ ਹਾਲਤ ਵਿਚ ਉਹ ਆਪਣੇ ਤੋਂ ਉਚ ਵਰਗ ਦੇ ਅਧੀਨ ਰਹਿ ਕੇ ਅਨੁਭਵ ਕਰਦੇ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਹਿੰਦੂ ਸਮਾਜ ਵਿਚ ਇਸਤਰੀ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ ਸੀ। ਇਸ ਸੰਬੰਧੀ ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਇਸਤਰੀ ਦੇ ਵੱਖ ਵੱਖ ਸਮਾਜਿਕ ਪਹਿਲੂਆਂ ਤੇ ਨਜ਼ਰ ਮਾਰਨੀ ਬੇਲੋੜੀ ਨਹੀਂ ਹੋਵੇਗੀ।

(1) **ਬਾਲ ਵਿਆਹ** : ਹਿੰਦੂ ਸਮਾਜ ਵਿਚ ਬਾਲ ਵਿਆਹ ਦੀ ਪ੍ਰਥਾ ਆਮ ਪ੍ਰਚਲਿਤ ਸੀ। ਲਗਪਗ ਹਰ ਵਰਣ ਦੀ ਲੜਕੀ ਦਾ ਵਿਆਹ 10 ਸਾਲ ਤੋਂ ਪਹਿਲਾਂ ਹੋ ਜਾਂਦਾ ਸੀ। ਅਜਿਹੀ ਵਿਵਸਥਾ ਦਾ ਪ੍ਰਬੰਧ ਸ਼ਾਇਦ ਸਮਾਜ ਵਿਚ ਅਫਰਾ-ਤਫਰੀ ਫੈਲਣ ਅਤੇ ਸਮਾਜਕ ਜਿੰਮੇਵਾਰੀ ਤੋਂ ਛੇਤੀ ਵਿਹਲੇ ਹੋਣ ਲਈ ਕੀਤਾ ਗਿਆ ਸੀ। ਪਰ ਸਮਾਂ ਪਾ ਕੇ ਇਹ ਪ੍ਰਥਾ

ਇੰਨੀ ਜ਼ਿਆਦਾ ਪ੍ਰਚਲਿਤ ਹੋ ਗਈ ਕਿ ਸਮਾਜ ਵਿਚੋਂ ਇਸ ਨੂੰ ਬਦਲਣਾ ਲਗਭਗ ਅਸਭੰਵ ਹੀ ਹੋ ਗਿਆ। ਮਨੂ ਸਿਮਰਤੀ ਵਿਚ ਦੱਸਿਆ ਗਿਆ ਹੈ ਕਿ "ਤੀਹ ਸਾਲ ਦੀ ਉਮਰ ਵਾਲਾ ਪਤੀ ਬਾਰ੍ਹਾਂ ਸਾਲ ਦੀ ਉਮਰ ਵਾਲੀ ਸੁੰਦਰ ਕੰਨਿਆ ਨਾਲ ਵਿਆਹ ਕਰੇ ਜਾਂ ਇਸਤੋਂ ਵੀ ਜਲਦੀ ਕਰਨ ਵਾਲਾ ਚੌਵੀ ਸਾਲ ਦੀ ਉਮਰ ਵਾਲਾ ਪਤੀ ਅੱਠ ਸਾਲ ਦੀ ਕੰਨਿਆ ਨਾਲ ਵਿਆਹ ਕਰੇ" (ਅਧਿਆਇ 9.94)। ਅਜੋਕੇ ਸਮੇਂ ਵਿਚ ਵੀ ਗਰੀਬੀ ਅਤੇ ਅਨਪੜ੍ਹਤਾ ਕਾਰਨ ਬਾਲ ਵਿਆਹ ਦੀ ਪ੍ਰਥਾ ਲਗਾਤਾਰ ਚੱਲ ਰਹੀ ਹੈ। ਵੱਡੇ-ਵੱਡੇ ਅਮੀਰ ਸ਼ੇਖ ਅੱਜ ਵੀ ਭਾਰਤ ਵਿਚ ਛੋਟੀ ਉਮਰ ਦੀਆਂ ਕੁੜੀਆਂ ਨਾਲ ਵਿਆਹ ਕਰਾਉਂਦੇ ਅਖਬਾਰਾਂ ਵਿਚ ਆਮ ਵੇਖੇ ਜਾ ਸਕਦੇ ਹਨ।

(2) **ਬਹੁ-ਵਿਆਹ ਦੀ ਪ੍ਰਥਾ** : ਮੁਸਲਮਾਨਾਂ ਵਾਂਗ ਹਿੰਦੂਆਂ ਵਿਚ ਵੀ ਬਹੁ-ਵਿਆਹ ਦੀ ਪ੍ਰਥਾ ਪ੍ਰਚਲਿਤ ਸੀ। ਕਿਸੇ ਔਰਤ ਦੇ ਘਰ ਜਦੋਂ ਕੋਈ ਬੱਚਾ ਨਹੀਂ ਸੀ ਜੰਮਦਾ ਜਾਂ ਜਿਸ ਘਰ ਵਿਚ ਕੁੜੀਆਂ ਹੀ ਜੰਮਦੀਆਂ ਹੋਣ ਉਸ ਹਾਲਤ ਵਿਚ ਵਿਅਕਤੀ ਦੂਜਾ ਵਿਆਹ ਕਰਵਾ ਸਕਦਾ ਸੀ। ਮਨੂ ਸਿਮਰਤੀ ਦਸਦੀ ਹੈ ਕਿ "ਸੰਤਾਨਹੀਨ ਇਸਤਰੀ ਦਾ ਅੱਠ ਸਾਲ ਤੱਕ, ਜਿਸ ਇਸਤਰੀ ਦੀ ਸੰਤਾਨ ਜਨਮ ਤੋਂ ਬਾਅਦ ਮਰ ਜਾਂਦੀ ਹੋਵੇ ਉਸਦਾ ਦਸ ਸਾਲ ਤੱਕ, ਸਿਰਫ ਲੜਕੀਆਂ ਨੂੰ ਹੀ ਜਨਮ ਦੇਣ ਵਾਲੀ ਔਰਤ ਦਾ ਗਿਆਰਵੇਂ ਸਾਲ ਤੱਕ ਉਸਦਾ ਇੰਤਜਾਰ ਕਰਕੇ ਦੂਜੇ ਵਿਆਹ ਕਰਵਾ ਲੈਣਾ ਚਾਹਦਾ ਹੈ। ਕੰੜੇ ਵਚਨ ਬੋਲਣ ਵਾਲੀ ਇਸਤਰੀ ਨੂੰ ਛੱਡ ਕੇ ਦੂਜਾ ਵਿਆਹ ਕਰਵਾਇਆ ਜਾ ਸਕਦਾ ਹੈ" (ਅਧਿਆਇ 9.81)। ਇਹ ਵਿਆਹ ਜਨ ਸਧਾਰਨ ਵਿਚ ਆਮ ਵੇਖੇ ਜਾਂਦੇ ਸਨ ਪਰ ਰਾਜੇ ਮਹਾਰਾਜੇ ਅਤੇ ਅਮੀਰ ਇਕ ਤੋਂ ਵਧੇਰੇ ਵਿਆਹ ਕਰਵਾਉਣ ਵਿਚ ਆਪਣੀ ਸ਼ਾਨ ਸਮਝਦੇ ਸਨ। ਰਾਜਪੂਤ ਰਾਜਿਆਂ ਦੀਆਂ ਕਈ-ਕਈ ਪਤਨੀਆਂ ਹੁੰਦੀਆਂ ਸਨ। ਮਹਾਂਭਾਰਤ ਅਤੇ ਹੋਰ ਗ੍ਰੰਥਾਂ ਤੋਂ ਤਾਂ ਇਕ ਪਤਨੀ ਦੇ ਬਹੁ-ਵਿਆਹਾਂ ਦੀ ਪ੍ਰਥਾ ਦਾ ਵੀ ਪਤਾ ਚਲਦਾ ਹੈ।

(3) **ਵਿਆਹ ਸੰਬੰਧੀ ਪਾਬੰਦੀਆਂ** : ਹਿੰਦੂ ਧਰਮ ਵਿਚ ਵਿਆਹ ਅਤੇ ਪੁਨਰ-ਵਿਆਹ ਦੀ ਪ੍ਰਥਾ ਪ੍ਰਚਲਿਤ ਸੀ। ਪਰ ਵਿਆਹ ਕਰਾਉਣ ਲਈ ਕੁਝ ਨਿਯਮਾਂ ਅਤੇ ਪਾਬੰਦੀਆਂ ਦਾ ਪਾਲਣ ਕਰਨਾ ਜ਼ਰੂਰੀ ਸੀ ਜਿਵੇਂ ਪਹਿਲਾਂ ਵਿਆਹ ਵਿਅਕਤੀ ਆਪਣੇ ਵਰਣ ਦੀ ਇਸਤਰੀ ਨਾਲ ਹੀ ਕਰਵਾਏ, ਦੂਜੇ ਵਿਆਹ ਲਈ ਆਪਣੇ ਤੋਂ ਨੀਵੀ ਜਾਤ ਦੀ ਇਸਤਰੀ ਨਾਲ ਵਿਆਹ ਦਾ ਵਿਧਾਨ ਵੀ ਪ੍ਰਚਲਿਤ ਹੈ। ਪਰ ਇਹ ਵਿਧਾਨ ਪਹਿਲੀਆਂ ਤਿੰਨ ਦਵਿਜ ਜਾਤਾਂ ਲਈ ਸੀ ਜਿਵੇਂ ਮਨੂ ਸਿਮਰਤੀ ਵਿਚ ਦੱਸਿਆ ਗਿਆ ਹੈ ਕਿ, "ਸ਼ੂਦਰ ਇਸਤਰੀ ਨਾਲ ਵਿਆਹ ਕਰਨ ਵਾਲੇ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਸੰਤਾਨ ਸਹਿਤ ਆਪਣੇ ਖਾਨਦਾਨ ਨੂੰ ਵੀ ਸ਼ੂਦਰ ਹੀ ਬਣਾ ਦਿੰਦੇ ਹਨ ਭਾਵ ਉਪਰੋਕਤ ਤਿੰਨਾਂ ਵਰਣਾਂ ਦੇ ਲੋਕਾਂ ਨੂੰ ਸ਼ੂਦਰ ਇਸਤਰੀ ਨਾਲ ਵਿਆਹ ਨਹੀਂ ਕਰਾਉਣਾ ਚਾਹੀਦਾ।" ਇਥੇ ਇਹ ਵਰਨਣਯੋਗ ਹੈ ਕਿ ਪੁਰਸ਼ ਦਾ ਨਾਮ ਇਸਤਰੀ ਦੇ ਨਾਮ ਨਾਲ ਜੁੜਦਾ ਹੈ ਨਾ ਕਿ ਇਸਤਰੀ ਦਾ ਪੁਰਸ਼ ਨਾਲ। ਪਰ ਪਾਬੰਦੀਆਂ ਨਿਰਧਾਰਤ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਗਿਆ ਕਿ ਨੀਵੀਂ ਜਾਤ ਦੀ ਇਸਤਰੀ ਵਿਆਹ ਤੋਂ ਬਾਅਦ ਦਵਿਜ ਨੂੰ ਵੀ ਮਲੀਨ ਕਰ ਦਿੰਦੀ ਹੈ। ਇਸ ਪਿਛੋਂ ਭਾਵਨਾ ਕੇਵਲ ਜਾਤਪਾਤ ਦਾ ਹਊਆ ਖੜਾ ਕਰਨ ਦੀ ਹੀ ਲਗਦੀ ਹੈ।

(4) **ਸਤੀ ਦੀ ਪ੍ਰਥਾ** : ਆਪਣੇ ਪਤੀ ਦੀ ਚਿਤਾ ਨਾਲ ਸੜ ਕੇ ਮਰ ਜਾਣ ਨੂੰ ਸਤੀ ਕਿਹਾ ਜਾਂਦਾ ਹੈ। ਸਤੀ ਦੀ ਇਹ ਪ੍ਰਥਾ ਕਦੋਂ ਆਰੰਭ ਹੋਈ, ਇਸ ਬਾਰੇ ਤਾਂ ਭਰੋਸੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ ਇੰਨਾ ਜ਼ਰੂਰ ਹੈ ਕਿ ਇਸ ਦਾ ਆਰੰਭ ਰਾਜਪੂਤ ਜਾਂ ਉਚ ਹਿੰਦੂ ਘਰਾਣਿਆਂ ਤੋਂ ਹੋਇਆ ਹੋਵੇਗਾ। ਡਾ: ਭਗਤ ਸਿੰਘ ਆਪਣੀ ਪੁਸਤਕ 'ਮੱਧ ਕਾਲੀਨ ਭਾਰਤ ਦੀਆਂ ਸੰਸਥਾਵਾਂ' ਵਿਚ ਸਤੀ ਦੀਆਂ ਤਿੰਨ ਕਿਸਮਾਂ ਦਾ ਜ਼ਿਕਰ ਕਰਦੇ ਹਨ :

1. ਪਹਿਲੀ, ਸਹਿਮਰਨ ਜਾਂ ਸਹਿਗਮਨ ਸੀ ਜੋ ਪਤੀ ਦੀ ਦੇਹ ਨਾਲ ਸੜ ਮਰਦੀ ਸੀ।
2. ਦੂਜੀ, ਅਨੁਮਰਨ ਜਾਂ ਅਨੁਗਮਨ ਦੀ ਸੀ ਜਿਸ ਅਨੁਸਾਰ ਪਰਦੇਸ ਵਿਚ ਮਰ ਗਏ ਪੁਰਸ਼ ਦੀ ਪਤਨੀ ਖ਼ਬਰ ਆਉਣ ਤੇ ਉਸ ਦੀ ਕਿਸੇ ਨਿਸ਼ਾਨੀ ਦੇ ਨਾਲ ਚਿਤਾ ਬਣਾ ਕੇ ਸੜ ਜਾਂਦੀ ਸੀ।
3. ਤੀਜੀ, ਮਾਂ-ਸਤੀ ਸੀ ਜਿਸ ਅਨੁਸਾਰ ਮਾਂ ਆਪਣੇ ਪੁੱਤਰ ਦੀ ਮ੍ਰਿਤਕ ਦੇਹ ਨਾਲ ਸੜ ਮਰਦੀ ਸੀ।

(5) **ਸੰਤਾਨ ਰਹਿਤ ਇਸਤਰੀਆਂ ਦੀ ਦਸ਼ਾ** : ਸੰਤਾਨ ਪ੍ਰਾਪਤੀ ਨੂੰ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ ਪਰ ਜਿਸ ਹਿੰਦੂ ਇਸਤਰੀ ਦੇ ਘਰ ਬੱਚਾ ਅਤੇ ਵਿਸ਼ੇਸ਼ ਤੌਰ ਤੇ ਪੁੱਤਰ ਪੈਦਾ ਨਾ ਹੁੰਦਾ ਉਸਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਇਸਤਰੀ ਦੀ ਸੰਤਾਨ ਪ੍ਰਾਪਤੀ ਲਈ ਹਿੰਦੂ ਸਮਾਜ ਵਿਚ ਨਿਰਯੋਗ ਦੀ ਪ੍ਰਥਾ ਪ੍ਰਚਲਿਤ ਸੀ ਜਿਸ ਰਾਹੀਂ ਔਰਤ ਆਪਣੇ ਪਤੀ ਤੋਂ ਛੁਟ ਕਿਸੇ ਹੋਰ ਪਰਿਵਾਰਕ ਵਿਅਕਤੀ ਨਾਲ ਸੰਬੰਧ ਸਥਾਪਤ ਕਰਕੇ ਸੰਤਾਨ ਦੀ ਪ੍ਰਾਪਤੀ ਕਰ ਸਕਦੀ ਸੀ। ਮਨੂ ਸਿਮਰਤੀ ਦਸਦੀ ਹੈ ਕਿ, "ਜੇ ਇਸਤਰੀ ਦੇ ਕੋਈ ਸੰਤਾਨ ਨਾ ਹੋਵੇ ਤਾਂ ਪਤੀ ਜਾਂ ਵੱਡਿਆਂ ਦੀ ਆਗਿਆ ਨਾਲ ਇਸਤਰੀ ਨੂੰ ਆਪਣੇ ਦਿਉਰ ਜਾਂ ਕਿਸੇ ਸਪਿੰਡ (ਸਕੇ ਸੰਬੰਧੀ) ਨਾਲ ਸੰਬੰਧ ਸਥਾਪਤ ਕਰਕੇ ਸੰਤਾਨ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ" (ਅਧਿਆਇ 9.59)। ਪਰ ਜੇਕਰ ਫਿਰ ਵੀ ਸੰਤਾਨ ਪੈਦਾ ਨਾ ਹੋਵੇ ਤਾਂ ਉਸ ਇਸਤਰੀ ਨੂੰ ਸਮਾਜ ਵਿਚ ਤ੍ਰਿਸਕਾਰ ਦੀ ਭਾਵਨਾ ਨਾਲ ਵੇਖਿਆ ਜਾਂਦਾ। ਇਸ ਦੀ ਤਾਜਾ ਉਦਾਹਰਣ ਕੁਝ ਸਮਾਂ ਪਹਿਲਾਂ ਵੇਖਣ ਨੂੰ ਮਿਲੀ ਜਿਸ ਦਾ ਪੰਜਾਬੀ ਦੇ ਅਜੀਤ ਅਖ਼ਬਾਰ (30.8.2001) ਰਾਹੀਂ ਜ਼ਿਕਰ ਕਰਦੇ ਹੋਏ ਐਸ. ਅਸ਼ੋਕ ਭੌਰਾ ਦਸਦੇ ਹਨ, "ਤਾਮਿਲਨਾਡੂ ਦੇ ਵੇਟਏਕਾਵਾ ਸਵਾਮੀ ਸੰਪਰਦਾਇ ਦੇ ਪੁਜਾਰੀ ਤੇਜਧਾਰ ਵਾਲੀਆਂ ਕਿੱਲਾਂ ਆਪਣਆਂ ਚੱਪਲਾਂ ਜਾਂ ਜੁੱਤੀਆਂ ਦੇ ਹੇਠਾਂ ਲਗਾ ਕੇ ਉਨ੍ਹਾਂ ਔਰਤਾਂ ਉਪਰ ਦੀ ਗੁਜਰਦੇ ਹਨ ਜਿਨ੍ਹਾਂ ਦੀ ਕੁੱਖੋਂ ਔਲਾਦ ਪੈਦਾ ਨਹੀਂ ਹੁੰਦੀ। ਤਾਮਿਲਨਾਡੂ ਦੇ ਕੋਇੰਬਟੂਰ ਦੇ ਨੇੜੇ ਪੂਚਿਊਰ ਦੇ ਮੰਦਰ ਸ੍ਰੀ ਮਹਾਂਲਕਸ਼ਮੀਪੁਰਮ ਦੇ ਇਕ ਸਮਾਰੋਹ ਵਿਚ ਇਕ ਮੂਰਤੀ ਜਲੂਸ ਕੱਢਿਆ ਗਿਆ ਤੇ ਇਸੇ ਜਲੂਸ ਦੌਰਾਨ ਬੇਔਲਾਦ ਜਾਂ ਕੁਦਰਤੀ ਕਰੋਪੀ ਨਾਲ ਜਿਨ੍ਹਾਂ ਔਰਤਾਂ ਦੀ ਕੁੱਖ ਸੁਲੱਖਣੀ ਨਹੀਂ ਹੋ ਸਕੀ, ਉਨ੍ਹਾਂ ਨੂੰ ਜਲੂਸ ਦੇ ਅੱਗੇ ਇੱਕ ਕਤਾਰ ਵਿਚ ਲਿਟਾ ਗਿਆ ਅਤੇ ਉਨ੍ਹਾਂ ਦੇ ਉਪਰ ਦੀ ਕਿੱਲਾਂ ਵਾਲੀਆਂ ਚੱਪਲਾਂ ਪਹਿਨ ਕੇ ਪੁਜਾਰੀ ਗੁਜਰੇ ਤਾਂ ਜੋ ਇਨ੍ਹਾਂ ਨੂੰ, ਔਲਾਦ ਦੀ ਰੀਝ ਪੂਰੀ ਨਾ ਕਰਕੇ ਦੇਣ ਬਦਲੇ, ਇਹ ਸਜਾ ਦਿੱਤੀ ਜਾ ਸਕੇ।" ਸਮਾਜ ਵਿਚ ਅਜਿਹੇ ਦੁੱਖਾਂ ਕਾਰਨ ਹੀ ਇਸਤਰੀਆਂ ਦੀ ਹਾਲਤ ਏਨੀ ਤਰਸਯੋਗ ਬਣ ਗਈ ਕਿ ਲੋਕ ਜੰਮਦੀਆਂ ਲੜਕੀਆਂ ਤੋਂ ਹੀ ਨਿਜਾਤ ਪਾਉਣ ਦੇ ਢੰਗ ਤਰੀਕੇ ਲੱਭਣ ਲੱਗੇ। ਕਈ ਪਰਿਵਾਰਾਂ ਵਿਚ ਲੜਕੀ ਨੂੰ ਜੰਮਦੇ ਹੀ ਮਾਰ ਦੇਣ ਦਾ ਰਿਵਾਜ ਪ੍ਰਚਲਿਤ ਹੋ ਗਿਆ। ਅਜੋਕੇ ਯੁੱਗ ਵਿਚ ਵੀ ਪੁੱਤਰ ਪ੍ਰਾਪਤੀ ਲਈ ਆਧੁਨਿਕ ਤਰੀਕਿਆਂ ਨਾਲ ਲੜਕੀ ਨੂੰ ਮਾਂ ਦੇ ਪੇਟ ਵਿਚ ਹੀ ਮਾਰਨ ਦਾ ਰਿਵਾਜ ਜਿਹਾ ਪ੍ਰਚਲਿਤ ਹੋ ਗਿਆ ਹੈ। ਏਸੇ ਕਰਕੇ ਸਮਾਜ ਵਿਚ ਪੁਰਸ਼ਾਂ ਅਤੇ ਇਸਤਰੀਆਂ ਦੀ ਜਨਮ ਦਰ ਦੇ ਅਨੁਪਾਤ ਵਿਚ ਭਾਰੀ ਫਰਕ ਵੇਖਿਆ ਜਾ ਰਿਹਾ ਹੈ। ਸਿੱਖ ਗੁਰੂਆਂ ਦੀ ਕਰਮਭੂਮੀ ਦੇ ਮੁੱਖ ਧੁਰੇ ਪੰਜਾਬ ਵਿਚ ਵੀ, ਜਿਥੇ ਸਿੱਖਾਂ ਦੀ ਬਹੁਗਿਣਤੀ ਹੈ, 1000 ਪਿਛੇ ਲਗਭਗ 874 ਲੜਕੀਆਂ ਦੀ ਦਰ, ਨਵੀ ਜਨਗਣਨਾ ਦੇ ਆਧਾਰ ਤੇ, ਸਾਹਮਣੇ ਆਈ ਹੈ ਜੋ ਕਿ ਅਗਲੀ ਪੀੜ੍ਹੀ ਲਈ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਵੱਲ ਸਪਸ਼ਟ ਸੰਕੇਤ ਕਰਦੀ ਹੈ।

ਹਿੰਦੂ ਸਮਾਜ ਵਿਚ ਇਸਤਰੀਆਂ ਦੀ ਹਾਲਤ ਦਾ ਜੋ ਜ਼ਿਕਰ ਕੀਤਾ ਗਿਆ ਹੈ ਸਿੱਖ ਗੁਰੂ ਸਾਹਿਬਾਨ ਨੇ ਉਸ ਨੂੰ ਨਕਾਰਿਆ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਵਿਚ ਜਾਤਪਾਤ ਅਤੇ ਗੋਤ ਆਦਿ ਵਿਚਾਰਨ ਤੋਂ ਬਗੈਰ ਵਿਆਹ ਕਰਨ ਦੀ ਗੱਲ ਕਹੀ। ਬਾਲ ਵਿਆਹ ਨੂੰ ਨਕਾਰਦੇ ਹੋਏ ਸਿੱਖ ਮਰਯਾਦਾ ਵਿਚ ਸਪਸ਼ਟ ਕੀਤਾ ਗਿਆ ਹੈ ਕਿ "ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ। ਜਦ ਲੜਕੀ ਸਰੀਰ, ਮਨ ਅਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।" ਬਹੁ-ਵਿਆਹ ਦੀ ਪ੍ਰਥਾ ਨੂੰ ਨਕਾਰਦੇ ਹੋਏ ਜਿਥੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ "ਏਕਾ ਨਾਰੀ ਜਤੀ ਹੋਇ" ਉਥੇ ਸਿੱਖ ਰਹਿਤ ਮਰਯਾਦਾ ਵਿਚ ਵੀ ਸਪਸ਼ਟ ਕੀਤਾ ਗਿਆ ਹੈ "ਆਮ ਹਾਲਤਾਂ ਵਿੱਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।"

ਸਤੀ ਪ੍ਰਥਾ ਨੂੰ ਖਤਮ ਕਰਨ ਲਈ ਗੁਰੂ ਸਾਹਿਬਾਨ ਨੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਅਮਰਦਾਸ ਜੀ ਨੇ ਸਤੀ ਦੀ ਪ੍ਰੀਭਾਸ਼ਾ ਨੂੰ ਨਵੇਂ ਰੂਪ ਵਿਚ ਪੇਸ਼ ਕਰਦੇ ਹੋਏ ਕਿਹਾ :

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।।
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ।।

ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ।। (ਪੰਨਾ 787)

ਸਤੀ ਦੀ ਪ੍ਰਥਾ ਨੂੰ ਖਤਮ ਕਰਨ ਦੇ ਨਾਲ ਹੀ ਸਿੱਖ ਧਰਮ ਵਿਚ ਵਿਧਵਾ ਵਿਆਹ ਉਤੇ ਵੀ ਜੋਰ ਦਿੱਤਾ ਗਿਆ ਹੈ। ਵਿਧਵਾ ਵਿਆਹ ਵਿਚ ਵੀ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ ਜੋ ਕਿ ਆਮ ਸਧਾਰਨ ਹਾਲਤਾਂ ਵਿਚ ਅਨੰਦ ਕਾਰਜ ਦੀ ਰਸਮ ਸਮੇਂ ਮੰਨੀਆਂ ਜਾਂਦੀਆਂ ਹਨ। ਇਸਤਰੀ ਅਤੇ ਪੁਰਸ਼ ਦੋਵਾਂ ਨੂੰ ਹੀ ਪੁਨਰ-ਵਿਆਹ ਦੀ ਖੁੱਲ੍ਹ ਹੈ ਪਰ ਧਿਆਨ ਇਸ ਗੱਲ ਦਾ ਰੱਖਿਆ ਜਾਣਾ ਚਾਹੀਦਾ ਹੈ ਕਿ ਸਿੱਖ ਰਹਿਤ ਮਰਯਾਦਾ ਨੂੰ ਅੱਖੋਂ ਪਰੋਖੇ ਨਾ ਕੀਤਾ ਜਾਵੇ।

ਜੰਮਣ ਅਤੇ ਮਰਣ ਨੂੰ ਪਰਮਾਤਮਾ ਦਾ ਹੁਕਮ ਮੰਨਿਆ ਗਿਆ ਹੈ ਅਤੇ ਘਰ ਵਿਚ ਸੰਤਾਨ ਪੈਦਾ ਨਾ ਹੋਣ ਕਾਰਨ ਘਰ ਵਿਚ ਕੁੜੀਆਂ ਹੀ ਜੰਮਣ ਦੀ ਵਜਾ ਨਾਲ ਕੋਈ ਸਿੱਖ ਦੂਜਾ ਵਿਆਹ ਨਹੀਂ ਕਰਵਾ ਸਕਦਾ ਅਤੇ ਨਾ ਹੀ ਆਪਣੀ ਇਸਤਰੀ ਨੂੰ ਇਨ੍ਹਾਂ ਕਾਰਣਾਂ ਕਰਕੇ ਤੰਗ ਕਰ ਸਕਦਾ ਹੈ। ਜੀਵ ਦੀ ਉਤਪਤੀ ਅਤੇ ਵਿਨਾਸ਼ ਪਰਮਾਤਮਾ ਦੇ ਹੱਥ ਹੋਣ ਕਰਕੇ ਸੂਤਕ-ਪਾਤਕ ਆਦਿ ਦੇ ਭਰਮ ਤੋਂ ਮੁਕਤ ਰਹਿਣ ਲਈ ਕਿਹਾ ਗਿਆ ਹੈ। ਗੁਰਮਤਿ ਸਾਦਾ ਜੀਵਨ ਉਤੇ ਜੋਰ ਦਿੰਦੀ ਹੈ ਜਿਸ ਵਿਚ ਵੱਡਿਆਂ ਦਾ ਆਦਰ ਕਰਨ ਦੇ ਨਾਲ ਨਾਲ ਛੋਟਿਆਂ ਨੂੰ ਪਿਆਰ ਕਰਨ ਦਾ ਸੁਨੇਹਾ ਦਿੱਤਾ ਗਿਆ ਹੈ। ਇਸ ਵਿਚ ਪਰਦੇ ਜਾਂ ਘੁੰਡ ਆਦਿ ਨੂੰ ਵੀ ਉਚਿਤ ਨਹੀਂ ਮੰਨਿਆ ਗਿਆ।

### 1.4.6 ਗ੍ਰਹਿਸਤੀ ਜੀਵਨ (Householders Life)

(1) **ਹਿੰਦੂ ਧਰਮ** : ਘਰ ਵਿਚ ਰਹਿੰਦੇ ਹੋਏ ਘਰ-ਪਰਿਵਾਰ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਾਲੇ ਨੂੰ ਗ੍ਰਹਿਸਤੀ ਕਿਹਾ ਜਾਂਦਾ ਹੈ। ਗ੍ਰਹਿਸਤੀ ਜੀਵਨ ਦੀਆਂ ਮੁਸ਼ਕਲਾਂ ਨੂੰ ਸਮਝਣਾ ਅਤੇ ਇਹਨਾਂ ਨੂੰ ਹੱਲ ਕਰਨਾ ਸੌਖਾ ਕੰਮ ਨਹੀਂ ਸਮਝਿਆ ਗਿਆ। ਇਸ ਕਰਕੇ ਬਹੁਤ ਸਾਰੇ ਜੋਗੀ, ਜਤੀ, ਤਪੀ, ਸੰਨਿਆਸੀ ਗ੍ਰਹਿਸਤ ਨੂੰ ਛੱਡ ਕੇ ਜੰਗਲਾਂ ਅਤੇ ਪਹਾੜਾਂ ਉਤੇ ਚਲੇ ਗਏ। ਹਿੰਦੂ ਧਰਮ ਵਿਚ ਤਾਂ ਵਿਅਕਤੀ ਦੀ ਉਮਰ 100 ਸਾਲ ਮਿਥ ਕੇ ਉਸਨੂੰ ਬ੍ਰਹਮਚਰਯ, ਗ੍ਰਹਿਸਤ, ਵਾਨਪ੍ਰਸਤ ਅਤੇ ਸੰਨਿਆਸ ਵਿਚ ਵੰਡਿਆ ਗਿਆ ਹੈ। ਹਿੰਦੂ ਧਰਮ ਦੀ ਇਸ ਵੰਡ ਪ੍ਰਣਾਲੀ ਨੂੰ 'ਆਸ਼ਰਮ ਧਰਮ' ਦਾ ਨਾਮ ਦਿੱਤਾ ਗਿਆ ਹੈ ਜਿਸ ਦਾ ਭਾਵ ਹੈ ਕਿ ਚਾਰੇ ਵਰਗਾਂ ਦੇ ਵੱਖ ਵੱਖ ਧਰਮ ਹਨ ਅਤੇ ਇਕ ਵਰਗ ਵਿਚ ਰਹਿਣ ਵਾਲੇ ਵਿਅਕਤੀ ਨੇ ਆਪਣੇ ਵਰਗ ਦੇ ਧਰਮ ਦਾ ਪਾਲਣ ਕਰਨਾ ਹੈ। ਆਸ਼ਰਮ ਧਰਮ ਵਿਚ ਗ੍ਰਹਿਸਤ ਨੂੰ ਕੇਵਲ 25 ਸਾਲ ਦਿੱਤੇ ਗਏ ਹਨ ਅਤੇ ਇਹਨਾਂ 25 ਸਾਲਾਂ ਵਿਚ ਹੀ ਵਿਅਕਤੀ ਨੇ ਆਪਣੇ ਦੁਨਿਆਵੀ ਕਾਰ-ਵਿਹਾਰ ਸੰਪੂਰਨ ਕਰਕੇ ਪਹਿਲਾਂ ਜੰਗਲਾਂ ਵਿਚ ਜਾਣ ਦੀ ਤਿਆਰੀ ਕਰਨੀ ਹੈ ਫਿਰ ਸੰਨਿਆਸੀ ਜੀਵਨ ਧਾਰਨ ਕਰਨਾ ਹੈ।

(2) **ਸ੍ਰਮਣਿਕ ਧਰਮ** : ਹਿੰਦੂ ਧਰਮ ਦੇ ਸਮਕਾਲੀ ਧਰਮਾਂ ਵਿਚ ਜੈਨ ਅਤੇ ਬੁੱਧ ਧਰਮ ਦਾ ਨਾਮ ਲਿਆ ਜਾਂਦਾ ਹੈ। ਇਹਨਾਂ ਦੋਵੇਂ ਧਰਮਾਂ ਨੇ ਭਾਵੇਂ ਹਿੰਦੂ ਧਰਮ ਦੀਆਂ ਕੁਰੀਤੀਆਂ ਨੂੰ ਦੂਰ ਕਰਦੇ ਹੋਏ ਆਪਣੈ ਨਵੇਂ ਨਿਯਮ ਅਤੇ ਉਦੇਸ਼ ਲੋਕਾਂ ਨੂੰ ਦਿੱਤੇ ਪਰ ਇਹ ਦੋਵੇਂ ਧਰਮ ਗ੍ਰਹਿਸਤ ਤੋਂ ਦੂਰ ਹੀ ਰਹੇ। ਇਹਨਾਂ ਦੋਵਾਂ ਧਰਮਾਂ ਵਿਚ ਭਿੱਖੂ ਜੀਵਨ ਪ੍ਰਧਾਨ ਹੋਣ ਕਰਕੇ ਇਹਨਾਂ ਨੂੰ ਸ੍ਰਾਮਣਿਕ ਪਰੰਪਰਾ ਦਾ ਨਾਮ ਦਿੱਤਾ ਗਿਆ। ਜੈਨ ਧਰਮ ਦੇ ਦਿੰਗਬਰ ਸਾਧੂਆਂ ਨੇ ਤਾਂ ਏਥੋਂ ਤੱਕ ਕਹਿ ਦਿੱਤਾ ਕਿ ਜੇਕਰ ਇਸਤਰੀ ਨੇ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਉਸਨੂੰ ਅਗਲੇ ਜਨਮ ਵਿਚ ਪੁਰਸ਼ ਦਾ ਜੀਵਨ ਧਾਰਨ ਕਰਨਾ ਪਵੇਗਾ। ਇਸਤਰੀ ਦੇ ਇਸ ਜੀਵਨ ਭਗਤੀ ਦਾ ਫਲ ਇਹੀ ਹੈ ਕਿ ਉਹ ਅਗਲੇ ਜਨਮ ਵਿਚ ਪੁਰਸ਼ ਰੂਪ ਵਿਚ ਜਨਮ ਲੈ ਸਕੇਗੀ। ਗਿਆਨੀ ਪ੍ਰਤਾਪ ਸਿੰਘ ਨੇ ਬੁੱਧ ਧਰਮ ਦੇ ਇਕ ਗ੍ਰੰਥ 'ਚੁਲਵੱਗ' ਦੇ ਹਵਾਲੇ ਨਾਲ ਦੱਸਿਆ ਹੈ ਕਿ "ਬੁੱਧ ਨੇ ਆਨੰਦ ਦੀ ਮੰਗ ਉਤੇ ਕਿ ਇਸਤਰੀਆਂ ਨੂੰ ਭਿੱਖੂ ਬਣਾਇਆ ਜਾਵੇ, ਉੱਤਰ ਦਿੱਤਾ, ਆਨੰਦ ਜੇਕਰ ਮੇਰੀ ਸਿੱਖਿਆ ਅਨੁਸਾਰ ਔਰਤਾਂ ਗ੍ਰਹਿਸਤ ਛੱਡ ਕੇ ਭਿੱਖੂ ਨਾ ਬਣਦੀਆਂ ਤਾਂ ਹਜ਼ਾਰਾਂ ਵਰ੍ਹਿਆਂ ਤੱਕ ਸਤ-ਧਰਮ ਕਾਇਮ ਰਹਿੰਦਾ, ਪਰ ਹੁਣ ਕਿਉਂਕਿ ਔਰਤਾਂ ਗ੍ਰਹਿਸਤ ਛੱਡ ਕੇ ਭਿੱਖੂ ਬਣ ਗਈਆਂ ਹਨ, ਇਹ ਧਰਮ ਕੇਵਲ ਪੰਜ ਸੌ ਵਰਿਆਂ ਤੱਕ ਕਾਇਮ ਰਹੇਗਾ"।

(3) **ਜੋਗ ਮੱਤ** : ਹਿੰਦੂ ਧਰਮ ਵਿਚ ਜੋਗੀਆਂ ਦਾ ਵਖਰਾ ਅਤੇ ਮਹੱਤਵਪੂਰਨ ਸਥਾਨ ਹੈ। ਜੋਗ ਮੱਤ ਗ੍ਰਹਿਣ ਕਰਨ ਲਈ ਕਿਸੇ ਵਿਸ਼ੇਸ਼ ਉਮਰ ਜਾਂ ਦਰਜੇ ਦੀ ਜ਼ਰੂਰਤ ਨਹੀਂ ਸੀ ਪੈਂਦੀ। ਮਨੁੱਖ ਜੀਵਨ ਦੇ ਜਿਸ ਹਿੱਸੇ ਵਿਚ ਚਾਹਵੇ ਜੋਗ ਮੱਤ ਧਾਰਨ ਕਰ ਸਕਦਾ ਸੀ। ਪਰ ਆਮ ਤੌਰ ਤੇ ਬਚਪਨ ਤੋਂ ਹੀ ਵਿਅਕਤੀ ਨੂੰ ਜੋਗ ਮੱਤ ਵਿਚ ਸ਼ਾਮਲ ਕਰਨ ਦਾ ਰਿਵਾਜ

ਸੀ ਤਾਂ ਕਿ ਸ਼ੁਰੂ ਤੋਂ ਹੀ ਵਿਅਕਤੀ ਨੂੰ ਜੋਗ ਵਿਚ ਦ੍ਰਿੜ ਅਤੇ ਕਠੋਰ ਤਪ ਸਾਧਨਾ ਦਾ ਅਭਿਆਸੀ ਬਣਾਇਆ ਜਾਵੇ। ਜੋਗ ਮੱਤ ਦੀ ਸਿੱਖਿਆ ਇਕਾਂਤ ਵਿਚ ਦਿੱਤੀ ਜਾਂਦੀ ਅਤੇ ਇਸ ਦੀ ਸਾਧਨਾ ਲਈ ਲਗਾਤਾਰ ਕਠੋਰ ਯਤਨ ਕੀਤੇ ਜਾਂਦੇ। ਜੋਗੀ ਗ੍ਰਹਿਸਤ ਧਰਮ ਵਿਚ ਯਕੀਨ ਨਹੀਂ ਸਨ ਰੱਖਦੇ ਅਤੇ ਨਾ ਹੀ ਗ੍ਰਹਿਸਤੀਆਂ ਨੂੰ ਆਪਣੇ ਡੇਰੇ ਵਿਚ ਕੋਈ ਸਥਾਨ ਦਿੰਦੇ। ਜੋਗੀਆਂ ਦਾ ਜੋਗ ਧਾਰਨ ਕਰਨ ਵਾਲੇ ਲਈ ਪਹਿਲੀ ਸ਼ਰਤ ਇਹੀ ਹੁੰਦੀ ਕਿ ਹੁਣ ਜੋਗੀ ਧਾਰਨ ਕਰਨ ਤੋਂ ਬਾਅਦ ਉਹ ਗ੍ਰਹਿਸਤੀਆਂ ਅਤੇ ਗ੍ਰਹਿਸਤ ਧਰਮ ਦੇ ਕਿਸੇ ਵੀ ਨਿਯਮ ਨਾਲ ਸੰਬੰਧ ਨਹੀਂ ਰੱਖੇਗਾ। ਜੋਗੀ ਇਸਤਰੀ ਨੂੰ ਜੋਗ ਪ੍ਰਾਪਤੀ ਵਿਚ ਸਭ ਤੋਂ ਵੱਡੀ ਰੁਕਾਵਟ ਸਮਝਦੇ ਸਨ। ਇਸ ਕਰਕੇ ਉਹ ਇਸਤਰੀ ਦੇ ਨੇੜੇ ਜਾਣਾ ਵੀ ਪਸੰਦ ਨਹੀਂ ਸਨ ਕਰਦੇ । ਗੋਰਖਨਾਥ ਨੇ ਤਾਂ ਔਰਤਾਂ ਨੂੰ 'ਬਾਘਨਿ' ਕਹਿ ਕੇ ਸੰਬੋਧਨ ਕੀਤਾ ਹੈ ਜਿਹੜੀ ਕਿ 'ਤ੍ਰੈਲੋਕੀ' (ਤਿੰਨਾਂ ਲੋਕਾਂ) ਨੂੰ ਬਰਬਾਦ ਕਰ ਰਹੀ ਹੈ:

ਇਨ ਬਾਘਨਿ ਤ੍ਰੈਲੋਕੀ ਖਾਈ ਬਦਤਿ ਗੋਰਖ ਰਾਇਆ।।

(4) **ਸਿੱਖ ਧਰਮ** : ਸਿੱਖ ਧਰਮ ਵਿਚ ਗ੍ਰਹਿਸਤ ਨੂੰ ਪ੍ਰਵਾਨ ਕਰਦੇ ਹੋਏ ਇਸ ਮਾਰਗ ਨੂੰ ਧਾਰਨ ਕਰਨ ਤੇ ਜੋਰ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਇਹ ਮੰਨਦੇ ਹਨ ਕਿ ਪਰਮਾਤਮਾ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ, ਉਸ ਦਾ ਕੋਈ ਸਰੀਕ ਨਹੀਂ, ਉਹ ਅਨਾਥ ਹੈ। ਪਰ ਇਸ ਸਭ ਦੇ ਬਾਵਜੂਦ ਵੀ ਉਹ ਸ੍ਰਿਸ਼ਟੀ ਨੂੰ ਪੈਦਾ ਕਰਕੇ ਇਸਦਾ ਕਾਰ-ਵਿਹਾਰ ਚਲਾ ਰਿਹਾ ਹੈ, ਇਸ ਕਰਕੇ ਉਹੀ ਦੁਨੀਆਂ ਦਾ ਪਹਿਲਾ ਅਤੇ ਸਭ ਤੋਂ ਵੱਡਾ ਗ੍ਰਹਿਸਤੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ

ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ। (ਪੰਨਾ 507)

ਸਿੱਖ ਧਰਮ ਵਿਚ ਗ੍ਰਹਿਸਤ ਨੂੰ ਪਰਮ ਉਦੇਸ਼ ਦੀ ਪ੍ਰਾਪਤੀ ਲਈ ਰੁਕਾਵਟ ਨਹੀਂ ਮੰਨਿਆ ਗਿਆ। ਭਾਈ ਗੁਰਦਾਸ ਜੀ 'ਘਰਬਾਰੀ ਜੀਵਨ ਮੁਕਤਿ' (6.18) ਦੀ ਗੱਲ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟਾਂ ਵਿਚ ਗ੍ਰਹਿਸਤੀ ਜੀਵਨ ਤਿਆਗ ਕੇ ਜੰਗਲਾਂ ਵਿਚ ਆ ਜਾਣ ਤੇ ਜੋਗੀਆਂ ਨੂੰ ਗੁਰੂ ਜੀ ਦੁਆਰਾ ਫਿਟਕਾਰ ਪਾਉਣ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ :

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰ ਉਨਕੇ ਘਰਿ ਮੰਗਣਿ ਜਾਈ।। (ਵਾਰ 1.40)

ਗ੍ਰਹਿਸਤ ਤਿਆਗ ਦੇ ਜੰਗਲਾਂ ਅਤੇ ਪਹਾੜਾਂ ਉਤੇ ਚਲੇ ਜਾਣ ਦਾ ਉਦੇਸ਼ ਇਹ ਸੀ ਕਿ ਗ੍ਰਹਿਸਤ ਅਤੇ ਵਿਸ਼ੇਸ਼ ਤੌਰ ਤੇ ਇਸਤਰੀ ਤੋਂ ਦੂਰ ਰਹਿ ਕੇ ਕਾਮ ਇਛਾਵਾਂ ਤੇ ਕਾਬੂ ਪਾਇਆ ਜਾਵੇ। ਪਰ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨ ਨੂੰ ਕਾਬੂ ਕੀਤੇ ਬਗੈਰ ਸਿਰਫ ਦਿਖਾਵੇ ਦਾ ਸੰਨਿਆਸ ਧਾਰਨ ਕੀਤਿਆਂ ਕਾਮ ਵਾਸ਼ਨਾਵਾਂ ਤੇ ਕਾਬੂ ਨਹੀਂ ਪਾਇਆ ਜਾ ਸਕਦਾ :

ਹਾਥ ਕਮੰਡਲ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ।।

ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।। (ਪੰਨਾ 1013)

ਗੁਰੂ ਸਾਹਿਬਾਨ ਕਹਿੰਦੇ ਹਨ ਕਿ ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਨਾ ਤਾਂ ਸੰਸਾਰ ਤਿਆਗਣ ਦੀ ਲੋੜ ਹੈ ਅਤੇ ਨਾ ਹੀ ਗ੍ਰਹਿਸਤ ਧਰਮ ਤੋਂ ਦੂਰ ਭੱਜ ਕੇ ਇਸਤਰੀ ਦੀ ਨਿੰਦਾ ਕਰਨੀ ਚਾਹੀਦੀ ਹੈ। ਜਿਹੜੇ ਜੋਗੀ, ਜਪੀ, ਤਪੀ, ਸੰਨਿਆਸੀ ਇਸਤਰੀ ਦਾ ਵਿਰੋਧ ਕਰਕੇ ਸੰਸਾਰ ਤਿਆਗ ਗਏ, ਉਹਨਾਂ ਨੂੰ ਇਸ ਗੱਲ ਉਤੇ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਉਹਨਾਂ ਦਾ ਜਨਮ ਵੀ ਇਸਤਰੀ ਤੋਂ ਹੀ ਹੋਇਆ ਹੈ। ਗ੍ਰਹਿਸਤ ਵਿਚ ਰਹਿੰਦੇ ਹੋਏ ਸੰਸਾਰਕ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਜੀਵਨ ਉਦੇਸ਼ ਦੀ ਪ੍ਰਾਪਤੀ ਦਾ ਮਾਰਗ ਗੁਰੂ ਸਾਹਿਬਾਨ ਨੇ ਦਰਸਾਇਆ ਹੈ। ਗੁਰੂ ਨਾਨਕ ਦੇਵ ਜੀ ਨੂੰ ਜੋਗੀਆਂ ਦੁਆਰਾ ਸੰਸਾਰ ਵਿਚ ਰਹਿੰਦੇ ਹੋਏ ਸੰਸਾਰ ਸਾਗਰ ਪਾਰ ਕਰਨ ਦਾ ਮਾਰਗ ਪੁਛੱਣ ਤੇ ਗੁਰੂ ਜੀ ਜੁਆਬ ਦਿੰਦੇ ਹੋਏ ਕਹਿੰਦੇ ਹਨ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਣੀ ਨੈ ਸਾਣੇ।।

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ।। (ਪੰਨਾ 938)

ਗੁਰੂ ਨਾਨਕ ਦੇਵ ਜੀ ਪਰਮ ਉਦੇਸ਼ ਦੀ ਪ੍ਰਾਪਤੀ ਲਈ ਗ੍ਰਹਿਸਤ ਵਿਚ ਰਹਿੰਦੇ ਹੋਏ ਪਰਮਾਤਮਾ ਦੇ ਨਾਮ ਸਿਮਰਨ ਨੂੰ ਹੀ ਜੋਗ ਦਾ ਅਸਲ ਮਾਰਗ ਦਸਦੇ ਹਨ:

ਅੰਜਨ ਮਾਹਿ ਨਿਰਜੰਨਿ ਰਹੀਐ ਜੋਗ ਜੁਗਤਿ ਇਵ ਪਾਈਐ।। (ਪੰਨਾ 730)

### 1.4.7 ਸਾਰ

ਇਸ ਤਰ੍ਹਾਂ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਸਿੱਖ ਧਰਮ ਵਿਚ ਜਾਤਪਾਤ ਅਤੇ ਊਚ-ਨੀਚ ਦਾ ਕੋਈ ਭੇਦਭਾਵ ਨਹੀਂ ਅਤੇ ਨਾ ਹੀ ਇਸਤਰੀ ਨੂੰ ਸਮਾਜ ਵਿਚ ਦੁਰਕਾਰਿਆ ਹੈ ਅਤੇ ਤ੍ਰਿਸਕਾਰਿਆ ਗਿਆ ਹੈ। ਸਮਾਜ ਦੀ ਉੱਨਤੀ ਅਤੇ ਤਰੱਕੀ ਸਮੂਹ ਵਰਗਾਂ ਦੇ ਯੋਗਦਾਨ ਅਤੇ ਸਹਿਯੋਗ ਨਾਲ ਸੰਭਵ ਹੈ, ਇਸੇ ਗੱਲ ਉਤੇ ਸਿੱਖ ਧਰਮ ਨੇ ਸਭ ਤੋਂ ਵਧੇਰੇ ਜੋਰ ਦਿੱਤਾ ਹੈ। ਆਧੁਨਿਕ ਲੋਕਤੰਤਰ ਵਿਚ ਸਮਾਜ ਦੇ ਸਮੂਹ ਵਰਗਾਂ ਨੂੰ ਬਰਾਬਰ ਦਾ ਸਥਾਨ ਦੇਣ ਅਤੇ ਉਹਨਾਂ ਦੀ ਵਿਕਾਸ ਵਿਚ ਸ਼ਮੂਲੀਅਤ ਦੀ ਗੱਲ ਕੀਤੀ ਜਾਂਦੀ ਹੈ। ਸਿੱਖ ਨੈਤਿਕਤਾ ਲੋਕਤੰਤਰ ਦੀ ਇਸ ਭਾਵਨਾ ਨੂੰ ਮਜ਼ਬੂਤ ਕਰਨ ਅਤੇ ਅੱਗੇ ਲਿਜਾਣ ਵਿਚ ਮੋਹਰੀ ਭੂਮਿਕਾ ਨਿਭਾ ਰਹੀ ਹੈ। ਅੱਜ ਲੋੜ ਹੈ ਗੁਰਮਤਿ ਦੇ ਇਹਨਾਂ ਲੋਕਤੰਤਰਵਾਦੀ ਨੈਤਿਕ ਸਿਧਾਂਤਾਂ ਨੂੰ ਘਰ-ਘਰ ਪਹੁੰਚਾ ਕੇ ਅਮਲੀ ਜਾਮਾ ਪਹਿਨਾਇਆ ਜਾਵੇ ਤਾਂ ਹੀ ਗੁਰੂ ਗ੍ਰੰਥ ਸਾਹਿਬ ਦੀ ਅਸਲ ਭਾਵਨਾ ਤੋਂ ਜਾਣੂ ਹੋ ਕੇ ਸਮਾਜ ਨੂੰ ਉਸਾਰੂ ਦਿਸ਼ਾ ਵੱਲ ਲਿਜਾਇਆ ਜਾ ਸਕਦਾ ਹੈ।

ਪਾਠ ਨੰਬਰ : 1.5 ਡਾ. ਪਰਮਵੀਰ ਸਿੰਘ

# ਵਿਸ਼ਵ ਭਾਈਚਾਰਾ

1.5.1 ਉਦੇਸ਼

1.5.2 ਭੂਮਿਕਾ

1.5.3 ਜਾਤ-ਪਾਤ ਦਾ ਬੋਲ ਬਾਲਾ

1.5.4 ਪ੍ਰੋਹਿਤ-ਸ਼੍ਰੇਣੀ ਦੀ ਪ੍ਰਧਾਨਤਾ

1.5.5 ਇਸਤਰੀ ਦਾ ਸਥਾਨ

1.5.6 ਨਿਆਂ ਪ੍ਰਬੰਧ

1.5.7 ਧਾਰਮਿਕ ਅਸਹਿਣਸ਼ੀਲਤਾ

1.5.8 ਨਕਾਰਤਮਕ ਪੱਖ

1.5.9 ਸਕਾਰਤਮਕ ਪੱਖ

## 1.5.1 ਉਦੇਸ਼

ਪਾਠ ਦਾ ਉਦੇਸ਼ ਸੰਸਾਰ ਪੱਧਰ ਉਪਰ ਸਾਂਝੀਵਾਲਤਾ ਲਈ ਭਾਈਚਾਰਕ ਸਾਂਝ ਦੀ ਮਹੱਤਤਾ ਨੂੰ ਸਿੱਖ ਮੱਤ ਅਨੁਸਾਰ ਉਜਾਗਰ ਕੀਤਾ ਗਿਆ ਹੈ।

## 1.5.2 ਭੂਮਿਕਾ

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ ਦਾ ਆਰੰਭ ਪਰਮਾਤਮਾ ਦੀ ਏਕਤਾ ਨਾਲ ਕੀਤਾ। ਇਹ ਇਕ ਪਰਮਾਤਮਾ ਹੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ ਜੋ ਕਿ ਸ੍ਰਿਸ਼ਟੀ ਵਿਚਲੇ ਸਮੂਹ ਜੀਵਾਂ ਨੂੰ ਪੈਦਾ ਕਰਨ ਦੇ ਨਾਲ-ਨਾਲ ਉਹਨਾਂ ਨੂੰ ਸੰਭਾਲ ਅਤੇ ਸਮੇ ਟ ਵੀ ਰਿਹਾ ਹੈ। ਸਮੂਹ ਜੀਵਾਂ ਦਾ ਕਰਤਾ ਇਕ ਹੋਣ ਕਰਕੇ ਉਹਨਾਂ ਅੰਦਰ ਇਕੋ ਜੋਤ ਪ੍ਰਕਾਸ਼ਮਾਨ ਹੈ ਇਸ ਕਰਕੇ ਉਸਨੂੰ ਸਮੂਹ ਜੀਵਾਂ ਦਾ ਪਿਤਾ ਮੰਨਿਆ ਗਿਆ ਹੈ-

ਏਕੁ ਪਿਤਾ ਏਕਸ ਕੇ ਹਮ ਬਾਰਿਕ ।। ਗੁਰੂ ਗ੍ਰੰਥ ਸਾਹਿਬ, ਪੰਨਾ 611ਪਰਮਾਤਮਾ ਦੀ ਏਕਤਾ ਸਮਾਜ ਦੀ ਏ ਕਤਾ ਅਤੇ ਭਾਈਚਾਰੇ ਦੀ ਸੂਚਕ ਹੈ। ਸਮਾਜ ਵਿੱਚ ਵੱਖ-ਵੱਖ ਧਰਮਾਂ ਅਤੇ ਵਿਸ਼ਵਾਸ਼ਾਂ ਨੂੰ ਮੰਨਣ ਵਾਲੇ ਵਿਅਕਤੀ ਮੌਜੂਦ ਹਨ। ਹਰ ਵਿਅਕਤੀ ਆਪਣੇ ਵਿਸ਼ਵਾਸ਼ ਅਨੁਸਾਰ ਆਪਣਾ ਜੀਵਨ ਉਦੇਸ਼ ਨਿਰਧਾਰਤ ਕਰਦਾ ਹੈ ਅਤੇ ਉਸੇ ਅਨੁਸਾਰ ਸਮੁੱਚਾ ਜੀਵਨ ਬਤੀਤ ਕਰ ਦਿੰਦਾ ਹੈ। ਜੇ ਕਰ ਮਨੁੱਖ ਦੇ ਵਿਸ਼ਵਾਸ਼ ਵਿਚ ਕਿਸੇ ਕਿਸਮ ਦਾ ਵਿਘਨ ਪੈਦਾ ਹੋ ਜਾਵੇ ਤਾਂ ਉਹ, ਦੁਰਬਲ ਹੋਣ ਕਰਕੇ, ਸਮਾਜਕ ਤੌਰ ਤੇ ਤਾਂ ਭਾਵੇਂ ਗੁਜ਼ਰ-ਬਸਰ ਕਰਦਾ ਰਹੇ ਪਰ ਮਾਨਸਿਕ ਤੌਰ ਤੇ ਅਸ਼ਾਂਤ ਰਹੇਗਾ। ਮਾਨਸਿਕ ਤੌਰ ਤੇ ਅਸ਼ਾਂਤ ਵਿਅਕਤੀ ਨਾ ਤਾਂ ਪਰਿਵਾਰ ਦਾ ਭਲਾ ਕਰ ਸਕਦਾ ਹੈ ਅਤੇ ਨਾ ਹੀ ਸਮਾਜਕ ਵਿਕਾਸ ਵਿਚ ਕੋਈ ਯੋਗਦਾਨ ਪਾ ਸਕਦਾ ਹੈ। ਇਸ ਲਈ ਮਨੁੱਖ ਦੇ ਮਨ ਵਿੱਚ ਸ਼ਾਂਤੀ ਜ਼ਰੂਰੀ ਹੈ ਜੋ ਕਿ ਮਨੁੱਖ ਦੇ ਤਨ ਅਤੇ ਮਨ ਵਿਚ ਸੰਤੁਲਨ ਕਾਇਮ ਰੱਖਣ ਵਿਚ ਸਹਾਈ ਹੁੰਦੀ ਹੈ। ਮਨੁੱਖ ਦੇ ਮਨ ਦੀ ਸ਼ਾਂਤੀ ਸਮਾਜਕ ਵਿਕਾਸ ਅਤੇ ਭਾਈਚਾਰੇ ਦੀ ਪ੍ਰਤੀਕ ਹੈ ਪਰ ਇਸ ਦੇ ਉਲਟ ਵਾਪਰਦੀਆਂ ਘਟਨਾਵਾਂ ਸਮਾਜ ਵਿਚ ਅਰਾਜਕਤਾ ਫੈਲਾ ਦਿੰਦੀਆਂ ਹਨ। ਇਸ ਸੰਬੰਧੀ ਅਠਾਰਵੀਂ ਸਦੀ ਵਿਚ ਇਸ ਖਿੱਤੇ ਵਿਚ ਵਾਪਰੀਆਂ ਘਟਨਾਵਾਂ ਦੀਆਂ ਉਦਾਹਰਣਾਂ ਪ੍ਰਤੱਖ ਤੌਰ ਤੇ ਨਜ਼ਰ ਆਉਂਦੀਆਂ ਹਨ ਜਦੋ ਵਿਦੇਸ਼ੀ ਹਮਲਾਵਰਾਂ ਨੇ ਸਿੱਖਾਂ

ਦੇ ਪ੍ਰੇਰਣਾ ਸਰੋਤ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ, ਪਵਿੱਤਰ ਸਰੋਵਰ ਨੂੰ ਗਊਆਂ ਦੇ ਖੂਨ ਨਾਲ ਅਪਵਿਤਰ ਕਰਕੇ ਕੂੜੇਕਰਕਟ ਨਾਲ ਭਰ ਦਿੱਤਾ। ਸਿੱਖਾਂ ਦੇ ਮਨ ਅਸ਼ਾਂਤ ਅਤੇ ਬੇਚੈਨ ਹੋ ਉਠੇ ਕਿ ਆਪਣੇ ਸਭ ਤੋਂ ਵਧੇਰੇ ਪਵਿਤਰ ਅਤੇ ਸਤਿਕਾਰਤ ਧਰਮ ਅਸਥਾਨ ਦਾ ਬਦਲਾ ਕਿਵੇਂ ਲਿਆ ਜਾਵੇ। ਡਾ. ਗੰਡਾ ਸਿੰਘ ਦਸਦੇ ਹਨ ਕਿ ਚਾਰ ਮਹੀਨੇ ਦੇ ਅੰਦਰ ਹੀ ਸਿੱਖਾਂ ਨੇ ਮੁਗ਼ਲ ਫੌਜਾਂ ਦੇ ਜਰਨੈਲ ਜ਼ੈਨ ਖਾਂ ਨੂੰ ਹਰਾ ਕੇ ਆਪਣੇ ਪਵਿਤਰ ਸਥਾਨ ਦੀ ਬੇਇਜ਼ਤੀ ਦਾ ਬਦਲਾ ਲਿਆ ਅਤੇ ਨਾਲ ਹੀ ਮਾਝੇ ਦੇ ਬਹੁਤ ਸਾਰੇ ਇਲਾਕਿਆਂ ਤੇ ਕਬਜਾ ਕਰਕੇ ਇਹ ਸਾਬਤ ਕਰ ਦਿੱਤਾ ਕਿ ਮੁਗ਼ਲ ਅਜੇਤੂ ਨਹੀਂ। ਭਾਵੇਂ ਕਿ ਇਹ ਜਿੱਤਾਂ ਵਕਤੀ ਸਨ ਪਰ ਇਹਨਾਂ ਨੇ ਸਿੱਖਾਂ ਦਾ ਮਨੋਬਲ ਉਚਾ ਕਰਕੇ ਉਹਨਾਂ ਅੰਦਰ ਇਹ ਵਿਸ਼ਵਾਸ਼ ਪੈਦਾ ਕਰ ਦਿੱਤਾ ਕਿ ਇਸ ਇਲਾਕੇ ਨੂੰ ਵਿਦੇਸ਼ੀ ਕਬਜੇ ਤੋਂ ਮੁਕਤ ਕਰਾਉਣਾ ਅਸੰਭਵ ਨਹੀਂ। ਸਿੱਖਾਂ ਅੰਦਰ ਪ੍ਰਫੁੱਲਤ ਹੋਈ ਇਸੇ ਭਾਵਨਾ ਨੇ ਹੀ ਮਿਸਲ ਪ੍ਰਬੰਧ ਦੀ ਸਥਾਪਨਾ ਕੀਤੀ ਅਤੇ ਇਸ ਖਿੱਤੇ ਦੇ ਲੋਕਾਂ ਸੁਖ ਅਤੇ ਸ਼ਾਂਤੀ ਦਾ ਸਾਹ ਲਿਆ। ਸਿੱਖਾਂ ਨੇ ਸਮਾਜ ਵਿਚ ਰਾਖੀ ਪ੍ਰਬੰਧ ਸ਼ੁਰੂ ਕਰਕੇ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਮਾਰਗ ਅਨੁਸਾਰ ਨਿਤਾਣਿਆਂ ਦਾ ਤਾਣ, ਨਿਮਾਣਿਆਂ ਦਾ ਮਾਣ ਬਣ ਕੇ ਜ਼ੁਲਮ ਦਾ ਖਾਤਮਾ ਕਰਨ ਦੀ ਪ੍ਰਤੀਬੱਧਤਾ ਦੁਹਰਾਈ। ਸ਼ਾਂਤੀ ਅਤੇ ਭਾਈਚਾਰਾ ਸਥਾਪਤ ਕਰਨ ਲਈ ਸਿੱਖਾਂ ਨੇ ਸਮਾਜਕ ਕਾਰਜਾਂ ਵਿਚ ਹਿਸੇਦਾਰੀ ਪਾਉਣ ਦੇ ਨਾਲ-ਨਾਲ ਜ਼ੁਲਮ ਦਾ ਵਿਰੋਧ ਕਰਕੇ ਧਾਰਮਕ ਅਤੇ ਸਮਾਜਕ ਜਿੰਮੇਵਾਰੀ ਨਿਭਾਈ। ਸਿੱਖ ਜਰਨੈਲਾਂ ਦੇ ਬਾਹਰੀ ਹਮਲਾਵਰਾਂ ਨਾਲ ਜੂਝਣ ਦੀਆਂ ਅਨੇਕਾਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ ਅਤੇ ਨਾਲ ਹੀ ਉਹਨਾਂ ਦਾ ਇਕ ਦੂਜੇ ਨਾਲ ਸੰਘਰਸ਼ ਵੀ ਲਗਾਤਾਰ ਜਾਰੀ ਰਿਹਾ ਪਰ ਅਜਿਹੀ ਕੋਈ ਵੀ ਘਟਨਾ ਸਾਹਮਣੇ ਨਹੀਂ ਆਈ ਜਿਥੇ ਉਹਨਾਂ ਨੇ ਆਮ ਲੋਕਾਂ ਨੂੰ ਤੰਗ ਜਾਂ ਪਰੇਸ਼ਾਨ ਕੀਤਾ ਹੋਵੇ। ਬਲਕਿ ਅਜਿਹੀਆਂ ਅਨੇਕਾਂ ਘਟਨਾਵਾਂ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ ਜਿਥੇ ਲੋਕ ਆਪ ਸਿੱਖ ਸਰਦਾਰਾਂ ਪ੍ਰਤੀ ਵਿਸ਼ਵਾਸ ਪ੍ਰਗਟਾਉਂਦੇ ਹੋਏ ਉਹਨਾਂ ਨੂੰ ਆਪਣੇ ਇਲਾਕੇ ਦੀ ਜਿੰਮੇਵਾਰੀ ਲੈਣ ਦੀ ਬੇਨਤੀ ਕਰਦੇ। ਸਿੱਖ ਸਰਦਾਰਾਂ ਦਾ ਉਦੇਸ਼ ਵੀ ਸਮਾਜ ਵਿਚ ਅਜਿਹੀਆਂ ਨੈਤਿਕ ਕਦਰਾਂ-ਕੀਮਤਾਂ ਦੀ ਸਥਾਪਨਾ ਕਰਨਾ ਸੀ ਜਿਹਨਾਂ ਨਾਲ ਸਮਾਜ ਵਿਚ ਸਦਾਚਾਰਕਤਾ, ਪ੍ਰੇਮ ਅਤੇ ਭਾਈਚਾਰੇ ਵਾਲਾ ਮਾਹੌਲ ਕਾਇਮ ਹੋਵੇ। ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੀ ਵੰਗਾਰ ਇਸ ਮਾਰਗ ਤੇ ਸਿੱਖਾਂ ਲਈ ਪ੍ਰੇਰਣਾ ਸਰੋਤ ਬਣੀ:

> ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।।
> ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ।। ਪੰਨਾ 579-80

ਭਾਈਚਾਰੇ ਨੂੰ ਬਚਾਉਣ ਲਈ ਸੰਘਰਸ਼ ਕਰਨਾ ਜਿੰਨਾ ਜ਼ਰੂਰੀ ਹੈ ਉਨ੍ਹਾਂ ਹੀ ਜ਼ਰੂਰੀ ਹੈ ਕਿ ਸਮਾਜ ਵਿੱਚ ਰਹਿੰਦੇ ਹੋਏ ਭਾਈਚਾਰੇ ਦੀਆਂ ਤੰਦਾਂ ਨੂੰ ਮਜਬੂਤ ਰੱਖਣਾ ਤਾਂ ਕਿ ਸਮਾਜ ਈਰਖਾ ਅਤੇ ਦਵੈਸ਼ ਵਾਲੇ ਕੁੱੜਤਣ ਭਰੇ ਮਾਹੌਲ ਤੋਂ ਦੂਰ ਰਹੇ। ਮਨੁੱਖ ਨੂੰ ਅਜਿਹੇ ਮਾਹੌਲ ਤੋਂ ਦੂਰ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਇਕ ਨਵੀਂ ਜੀਵਨ ਜਾਚ ਦਾ ਆਰੰਭ ਕੀਤਾ। ਪਰ ਗੁਰੂ ਜੀ ਨੂੰ ਅਜਿਹਾ ਕਰਨ ਦੀ ਲੋੜ ਕਿਉਂ ਪਈ, ਇਥੇ ਅਜਿਹੇ ਕੁਝ ਕਾਰਣਾ ਦੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

1.5.3 **ਜਾਤ-ਪਾਤ ਦਾ ਬੋਲ ਬਾਲਾ** : ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਵਿਚ ਦੋ ਪ੍ਰਮੁੱਖ ਫਿਰਕੇ ਵੇਖਣ ਨੂੰ ਮਿਲਦੇ ਹਨ ਹਿੰਦੂ ਅਤੇ ਮੁਸਲਮਾਨ। ਹਿੰਦੂ ਧਰਮ ਚਾਰ ਪ੍ਰਮੁੱਖ ਜਾਤਾਂ ਅਤੇ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਸੀ-ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਇਹਨਾਂ ਚਾਰੇ ਜਾਤਾਂ ਦੇ ਆਪੋ ਆਪਣੇ ਵਰਣ ਅਨੁਸਾਰ ਕਰਮ ਨਿਰਧਾਰਤ ਸਨ ਅਤੇ ਜੋ ਵਿਅਕਤੀ ਜਿਸ ਵਰਣ ਨਾਲ ਸੰਬੰਧ ਰੱਖਦਾ ਸੀ ਉਸਦੀ ਸੰਤਾਨ ਵੀ ਉਸੇ ਵਰਣ ਦੀ ਹੀ ਮੰਨੀ ਜਾਂਦੀ ਸੀ। ਇਸ ਤਰ੍ਹਾਂ ਇਕ ਵਰਣ ਦੇ ਲੋਕ ਦੂਜੇ ਵਰਣ ਵਿਚ ਪ੍ਰਵੇਸ਼ ਨਹੀਂ ਸਨ ਕਰ ਸਕਦੇ। ਮੁਸਲਮਾਨਾਂ ਵਿਚ ਵੀ ਦੋ ਪ੍ਰਮੁੱਖ ਵਰਗ ਵੇਖਣ ਨੂੰ ਮਿਲਦੇ ਸਨ ਅਸ਼ਰਫ਼ ਅਤੇ ਅਜ਼ਲਫ਼। ਅਸ਼ਰਫ਼ ਉਚ ਜਾਤੀ ਮੁਸਲਮਾਨ ਅਤੇ ਅਜ਼ਲਫ਼ ਨੀਵੀਂ ਜਾਤ ਦੇ ਮੁਸਲਮਾਨ ਕਹੇ ਜਾਂਦੇ ਹਨ। ਇਸ ਤਰ੍ਹਾਂ ਦੋਵੇ ਪ੍ਰਮੁੱਖ ਧਰਮ ਜਿੱਥੇ ਆਪਸ ਵਿਚ ਉਲਝੇ ਹੋਏ ਸਨ ਉਥੇ ਉਹਨਾਂ ਦੀ ਆਪਣੇ ਧਰਮ ਵਿਚ ਵੀ, ਜਾਤ-ਪਾਤ ਅਤੇ ਉਚ-ਨੀਚ ਦੇ ਆਧਾਰ ਤੇ, ਖਿਚੋਤਾਣ ਚਲ ਰਹੀ ਸੀ।

1.5.4 **ਪ੍ਰੋਹਿਤ ਸ਼੍ਰੇਣੀ ਦੀ ਪ੍ਰਧਾਨਤਾ** : ਭਾਰਤ ਦੀ ਧਰਤੀ ਦੇ ਦੋਵੇ ਪ੍ਰਮੁੱਖ ਧਰਮਾਂ ਵਿਚ ਪ੍ਰੋਹਿਤ ਸ਼੍ਰੇਣੀ ਦਾ ਬੋਲਬਾਲਾ ਸੀ। ਪ੍ਰੋਹਿਤ ਸ਼੍ਰੇਣੀ ਆਮ ਲੋਕਾਂ ਦੇ ਭੋਲੇਪਨ ਦਾ ਫਾਇਦਾ ਉਠਾ ਕੇ ਉਹਨਾਂ ਦੀ ਲੁੱਟ-ਖਸੁੱਟ ਦਾ ਕੰਮ ਕਰਦੀ। ਹਿੰਦੂ ਧਰਮ ਦੀ ਪ੍ਰੋਹਿਤ ਸ਼੍ਰੇਣੀ ਪ੍ਰਤੀ ਭਗਤ ਕਬੀਰ ਜੀ ਆਪਣੇ ਮਨੋਭਾਵਾਂ ਦਾ ਪ੍ਰਗਟਾਵਾ ਕਰਦੇ ਹੋਏ ਕਹਿੰਦੇ ਹਨ:

> ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।।
> ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ।।

ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਦੇ ਠਗ।।ਪੰਨਾ 475-76

ਇਸੇ ਤਰ੍ਹਾਂ ਮੁਸਲਮਾਨਾਂ ਦੀ ਪ੍ਰੋਹਿਤ ਸ਼੍ਰੇਣੀ ਤੇ ਟਿੱਪਣੀ ਕਰਦੇ ਹੋਏ ਬਾਬਾ ਫਰੀਦ ਜੀ ਦਸਦੇ ਹਨ:

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ।।

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ।।ਪੰਨਾ 1380

ਉਪਰੋਕਤ ਦੋਵੇ ਭਗਤਾਂ ਨੇ ਸਮਾਜ ਦੇ ਦੋਵੇ ਪ੍ਰਮੁੱਖ ਧਰਮਾਂ ਦੀ ਪ੍ਰੋਹਿਤ ਸ਼੍ਰੇਣੀ ਦੇ ਵਿਅੰਗਮਈ ਢੰਗ ਨਾਲ ਤਿੱਖਾ ਪ੍ਰਤੀਕਰਮ ਕਰਦੇ ਹੋਏ ਕਿਹਾ ਕਿ ਇਹ ਸ਼੍ਰੇਣੀ ਸਮਾਜ ਵਿੱਚ ਆਪਣਾ ਸਵਾਰਥ ਪੂਰਾ ਕਰਨ ਲਈ ਬਾਹਰੀ ਦਿਖਾਵਾ ਤਾਂ ਪੂਰੀ ਤਰ੍ਹਾਂ ਕਰ ਰਹੀ ਹੈ ਪਰ ਧਾਰਮਕ ਕਦਰਾਂ-ਕੀਮਤਾਂ ਤੋਂ ਪੂਰੀ ਤਰ੍ਹਾਂ ਸੱਖਣੀ, ਹੈ, ਅਜਿਹੀ ਹਾਲਤ ਵਿਚ ਸਮਾਜ ਦੇ ਸਮੂਹ ਵਰਗਾਂ ਅਤੇ ਕੌਮਾਂ ਦੇ ਲੋਕ ਇਕਮੁਠ ਅਤੇ ਇਕਜੁੱਟ ਹੋ ਕੇ ਕਿਵੇਂ ਰਹਿ ਸਕਦੇ ਹਨ।

1.5.5 **ਇਸਤਰੀ ਦਾ ਸਥਾਨ** : ਭਾਰਤ ਦੇ ਪੁਰਾਤਨ ਧਰਮਾਂ ਵਿਚ ਇਸਤਰੀ ਦੀ ਹਾਲਤ ਤਰਸਯੋਗ ਸੀ। ਹਿੰਦੂ ਧਰਮ ਵਿਚ ਇਸਤਰੀ ਘਰ ਤੋਂ ਬਾਹਰ ਨਹੀਂ ਜਾ ਸਕਦੀ ਅਤੇ ਜੇਕਰ ਲੋੜ ਪੈਣ ਤੇ ਜਾਣਾ ਵੀ ਪੈ ਜਾਵੇ ਤਾਂ ਪਤੀ, ਪੁੱਤਰ ਅਤੇ ਪਿਤਾ ਵਿਚੋ ਕਿਸੇ ਇਕ ਦਾ ਸਾਥ ਜ਼ਰੂਰੀ ਸੀ। ਹਿੰਦੂ ਸਮਾਜ ਵਿਚ ਸਤੀ ਦੀ ਪ੍ਰਥਾ ਵੀ ਪ੍ਰਚਲਿਤ ਸੀ ਜਿਸ ਅਨੁਸਾਰ ਇਸਤਰੀਆਂ ਆਪਣੇ ਪਤੀ ਦੀ ਚਿਤਾ ਨਾਲ ਸੜ੍ਹ ਕੇ ਮਰ ਜਾਂਦੀਆਂ ਸਨ। ਹਿੰਦੂ ਧਰਮ ਦੀਆਂ ਕੁਰੀਤੀਆਂ ਦੇ ਵਿਰੋਧ ਵਿਚ ਜੈਨ ਅਤੇ ਬੁੱਧ ਧਰਮ ਹੋਂਦ ਵਿਚ ਆਏ ਜਿਹਨਾਂ ਨੇ ਇਸਤਰੀ ਨੂੰ ਸੰਘ ਵਿਚ ਤਾਂ ਸਥਾਨ ਦੇ ਦਿੱਤਾ ਪਰ ਮੁਕਤੀ ਦਾ ਹੱਕਦਾਰ ਨਹੀਂ ਸਮਝਿਆ।

ਇਸਲਾਮ ਵਿਚ ਧਾਰਮਕ ਤੌਰ ਤੇ ਇਸਤਰੀ ਅਤੇ ਮਰਦ ਵਿਚ ਬਰਾਬਰ ਦਾ ਰਿਸ਼ਤਾ ਹੈ ਪਰ ਸਮਾਜਕ ਤੌਰ ਤੇ ਇਹਨਾਂ ਵਿਚ ਵੀ ਪਰਦੇ ਦੀ ਪ੍ਰਥਾ ਪ੍ਰਚਲਿਤ ਹੈ। ਸਮਾਜ ਦੇ ਅੱਧੇ ਹਿੱਸੇ ਨੂੰ ਬਰਾਬਰੀ ਦੀ ਭਾਵਨਾ ਤੋਂ ਪਰੇ ਰੱਖਣ ਨਾਲ ਵੀ ਭਾਈਚਾਰਕ ਤੰਦਾਂ ਦੀ ਮਜਬੂਤੀ ਨਹੀਂ ਹੋ ਸਕਦੀ।

1.5.6 **ਨਿਆਂ ਪ੍ਰਬੰਧ** : ਨਿਆਂ ਪ੍ਰਬੰਧ ਵਿਚ ਅਸੰਤੁਲਨ ਵੀ ਭਾਈਚਾਰੇ ਦੀ ਭਾਵਨਾ ਨੂੰ ਮਜਬੂਤ ਹੋਣ ਤੋਂ ਰੋਕਦਾ ਹੈ। ਰਾਜ ਵਿਚ ਕਿਸੇ ਇਕ ਧਾਰਮਿਕ ਫਿਰਕੇ ਦਾ ਬੋਲਬਾਲਾ ਹੋਣ ਨਾਲ ਦੂਜੇ ਫਿਰਕੇ ਨੂੰ ਬਰਾਬਰੀ ਦਾ ਸਥਾਨ ਨਹੀਂ ਦਿੱਤਾ ਜਾਂਦਾ ਰਿਹਾ। ਇਕ ਉਲਾਰਵਾਦੀ ਧਾਰਮਕ ਫਿਰਕੇ ਹੱਥ ਆਇਆ ਰਾਜ ਪ੍ਰਬੰਧ ਧਾਰਮਿਕ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਪਾਸੇ ਕਰਕੇ ਤਾਨਾਸ਼ਾਹੀ ਤਰੀਕੇ ਨਾਲ ਰਾਜ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਨਾਲ ਸਮਾਜ ਵਿਚ ਅਸੰਤੁਲਨ ਕਾਇਮ ਹੋ ਜਾਂਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।ਪੰਨਾ 145

ਰਾਜਿਆਂ ਦੀ ਉਲਾਰੂ ਧਾਰਮਿਕ ਬਿਰਤੀ ਜਿਥੇ ਦੂਜੇ ਧਰਮਾਂ ਦੀਆਂ ਕਦਰਾਂ-ਕੀਮਤਾਂ ਨੂੰ ਵਧਣ ਫੁੱਲਣ ਤੋਂ ਰੋਕਦੀ ਹੈ ਉਥੇ ਨਾਲ ਹੀ ਉਸਦੇ ਆਪਣੇ ਧਰਮ ਵਿਚ ਵੀ ਗਿਰਾਵਟ ਦਾ ਸਪਸ਼ਟ ਸੰਕੇਤ ਮਿਲਦਾ ਹੈ:

ਕਾਜੀ ਹੋਇ ਕੈ ਬਹੈ ਨਿਆਇ।। ਫੇਰੇ ਤਸਬੀ ਕਰੇ ਖੁਦਾਇ।।

ਵਢੀ ਲੈ ਕੇ ਹਕੁ ਗਵਾਏ।। ਜੇ ਕੋ ਪੁਛੈ ਤਾ ਪੜਿ ਸੁਣਾਏ।।ਪੰਨਾ 951

ਪੱਖਪਾਤੀ ਨਿਆਂ ਪ੍ਰਬੰਧ ਵੀ ਭਾਈਚਾਰਕ ਸਾਂਝ ਵਿਚ ਰੁਕਾਵਟ ਪੈਦਾ ਕਰਕੇ ਲੋਕਾਂ ਵਿਚ ਵੰਡੀਆਂ ਪਾਉਣ ਦਾ ਕੰਮ ਕਰਦਾ ਹੈ।

1.5.7 **ਧਾਰਮਿਕ ਅਸਹਿਣਸ਼ੀਲਤਾ** : ਭਾਰਤ ਦੇ ਦੋਵੇ ਪ੍ਰਮੁੱਖ ਧਰਮ ਧਾਰਮਿਕ ਤੌਰ ਤੇ ਇਕ ਦੂਜੇ ਨੂੰ ਚੰਗਾ ਨਹੀਂ ਸਨ ਸਮਝਦੇ। ਮੁਸਲਮਾਨ ਰਾਜ ਪ੍ਰਬੰਧ ਦਾ ਹਿੱਸਾ ਹੋਣ ਕਰਕੇ ਹਿੰਦੂ ਧਰਮ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਰਹਿੰਦੇ। ਉਹਨਾਂ ਨੂੰ ਉਹਨਾਂ ਦੇ ਧਾਰਮਿਕ ਸਥਾਨਾਂ ਤੇ ਜਾਣ ਤੋਂ ਰੋਕਣ ਲਈ ਨਵੇ-ਨਵੇ ਤਰੀਕੇ ਲੱਭੇ ਜਾਂਦੇ। ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਮੁਸਲਮਾਨ ਹਾਕਮਾਂ ਨੇ ਹਿੰਦੂਆਂ ਦੇ ਦੇਵਤਿਆਂ ਅਤੇ ਮੰਦਰਾਂ ਉਤੇ ਟੈਕਸ ਲਾਉਣ ਦਾ ਰਿਵਾਜ ਸ਼ੁਰੂ ਕਰ ਦਿੱਤਾ:

ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ।।ਪੰਨਾ 1191

ਹਿੰਦੂ ਸਮਾਜ ਵੀ ਮੁਸਲਮਾਨਾਂ ਦੇ ਪ੍ਰਭਾਵ ਹੇਠ ਇਸ ਹੱਦ ਤੱਕ ਝੁਕ ਗਿਆ ਕਿ ਉਹਨਾਂ ਨੇ ਮੁਸਲਮਾਨਾਂ ਦੀਆਂ ਰਸਮਾਂ ਅਤੇ ਰੀਤੀ

ਰਿਵਾਜਾਂ ਨੂੰ ਧਾਰਨ ਕਰਨਾ ਸ਼ੁਰੂ ਕਰ ਦਿੱਤਾ:

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।।ਪੰਨਾ 1191

ਇਸ ਤਰ੍ਹਾਂ ਕਰਨ ਨਾਲ ਅਨੇਕਤਾ ਵਿਚ ਏਕਤਾ ਦਾ ਸਦਾਚਾਰੀ ਸੁਭਾਅ ਸਾਹਮਣੇ ਆਉਣ ਦੀ ਬਜਾਏ ਧੱਕੇਸ਼ਾਹੀ ਵਾਲੀ ਅਨੈਤਿਕ ਏਕਤਾ ਵਿਖਾਈ ਦੇਣ ਲੱਗੀ। ਗੁਰੂ ਨਾਨਕ ਦੇਵ ਜੀ ਜਿਥੇ ਮੁਸਲਮਾਨਾਂ ਨੂੰ ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਲਈ ਕਹਿੰਦੇ ਹਨ ਉਥੇ ਨਾਲ ਹੀ ਹਿੰਦੂਆਂ ਦੀ ਦੋਹਰੀ ਜੀਵਨ ਜਾਚ ਤੇ ਟਿੱਪਣੀ ਕਰਦੇ ਹੋਏ ਦਸਦੇ ਹਨ:

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ।।

ਮਲੇਛ ਧਾਨੁ ਲੇ ਪੂਜਹਿ ਪੁਰਾਣੁ।।ਪੰਨਾ 472

ਇਸ ਤਰ੍ਹਾਂ ਦੀ ਦੋਹਰੀ ਜੀਵਨ ਜਾਚ ਨਾਲ ਸਮਾਜਕ ਤੌਰ ਤੇ ਤਾਂ ਕੁਝ ਸਮਾਂ ਜੀਵਨ ਬਿਤਾਇਆ ਜਾ ਸਕਦਾ ਹੈ ਪਰ ਜ਼ਿਆਦਾ ਲੰਮੇ ਸਮੇਂ ਤੱਕ ਇਸ ਨੂੰ ਅਪਣਾਇਆ ਨਹੀਂ ਜਾ ਸਕਦਾ। ਭਾਈਚਾਰਕ ਸਾਂਝ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਮਨੁੱਖ ਦੇ ਮਨ, ਵਚਨ ਅਤੇ ਕਰਮ ਵਿਚ ਇਕਸੁਰਤਾ ਹੋਵੇ, ਇਸੇ ਤਰ੍ਹਾਂ ਦੀ ਇਕਸੁਰਤਾ ਪੈਦਾ ਕਰਨ ਲਈ ਸਮਾਜ ਵਿਚ ਯਤਨ ਵੀ ਕੀਤੇ ਜਾਣ। ਗੁਰੂ ਨਾਨਕ ਦੇਵ ਜੀ ਨੇ ਸਮਾਜਕ ਅਸੰਤੁਲਨ ਦਾ ਇਕ ਵੱਡਾ ਕਾਰਣ ਗੁਣਾਂ ਦੀ ਘਾਟ ਨੂੰ ਮੰਨਿਆ। ਗੁਣਾਂ ਦੀ ਘਾਟ ਕਰਨ ਹੀ ਮਨੁੱਖ ਆਪੇ ਤੱਕ ਸਿਮਟ ਕੇ ਰਹਿ ਜਾਂਦਾ ਹੈ, ਉਸਨੂੰ ਕੇਵਲ ਆਪਣਾ ਸੁਆਰਥ ਹੀ ਨਜ਼ਰ ਆਉਂਦਾ ਹੈ ਅਤੇ ਆਪਣੇ ਸੁਆਰਥਾਂ ਦੀ ਪੂਰਤੀ ਹਿਤ ਉਹ ਕੋਈ ਵੀ ਸਮਝੌਤਾ ਕਰਨ ਲਈ ਤਿਆਰ ਹੋ ਜਾਂਦਾ ਹੈ, ਇਥੋ ਤੱਕ ਕਿ ਆਪਣੇ ਧਰਮ ਦੀਆਂ ਕਦਰਾਂ-ਕੀਮਤਾਂ ਨੂੰ ਵੀ ਪਾਸੇ ਛੱਡ ਕੇ ਕੇਵਲ ਆਪਣੇ ਸੁਆਰਥ ਦੀ ਪੂਰਤੀ ਤੱਕ ਸੀਮਿਤ ਹੋ ਜਾਂਦਾ ਹੈ ਗੁਰੂ ਅਮਰਦਾਸ ਜੀ ਦਸਦੇ ਹਨ ਕਿ ਮਨੁੱਖ ਸਾਰੀ ਉਮਰ ਗੁਣਾਂ ਨੂੰ ਪਾਸੇ ਰੱਖ ਕੇ ਔਗੁਣਾਂ ਪਿਛੇ ਭੱਜਿਆ ਫਿਰਦਾ ਹੈ:

ਲੋਕੁ ਅਵਗਣਾ ਕੀ ਬੰਨੈ, ਗੰਠੜੀ ਗੁਣ ਨ ਵਿਹਾਝੈ ਕੋਇ।।ਪੰਨਾ 1092

ਔਗੁਣਾਂ ਪਿਛੇ ਭੱਜਣਾ ਅਤੇ ਔਗੁਣ ਭਰਪੂਰ ਕਰਮ ਮਨੁੱਖ ਵਿਚ ਪ੍ਰੇਮ ਅਤੇ ਭਾਈਚਾਰੇ ਦੀਆਂ ਤੰਦਾਂ ਨੂੰ ਮਜਬੂਤ ਕਰਨ ਵਿਚ ਰੁਕਾਵਟ ਬਣਦੇ ਹਨ। ਸਭ ਤੋਂ ਵੱਡਾ ਔਗੁਣ ਹੰਕਾਰ ਨੂੰ ਮੰਨਿਆ ਗਿਆ ਹੈ ਜੋ ਕਿ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਨ ਦੇ ਨਾਲ-ਨਾਲ ਮਨੁੱਖ ਨੂੰ ਸਮਾਜ ਅਤੇ ਪਰਮਾਤਮਾ ਤੋਂ ਵੀ ਦੂਰ ਕਰ ਦਿੰਦਾ ਹੈ। ਹਉਮੈ ਦੀ ਭਾਵਨਾ ਨੂੰ ਸਮੂਹ ਬੁਰਾਈਆਂ ਦੀ ਜੜ੍ਹ ਮੰਨਿਆ ਗਿਆ ਹੈ। ਜਦੋ ਤੱਕ ਹਉਮੈ ਬਿਰਾਜਮਾਨ ਹੈ, ਮਨੁੱਖ ਦੇ ਮਨ ਵਿਚ ਦਵੈਤਭਾਵ ਬਣਿਆ ਰਹਿੰਦਾ ਹੈ। ਪ੍ਰੋਫ਼ੈਸਰ ਸ਼ੇਰ ਸਿੰਘ ਗਿਆਨੀ ਦਸਦੇ ਹਨ ਕਿ 'ਏਕਤਾ ਦਾ ਅਹਿਸਾਸ ਉਨ੍ਹਾ ਚਿਰ ਨਹੀਂ ਹੁੰਦਾ ਜਿੰਨਾ ਚਿਰ ਹਉਮੈ ਦੇ ਅਸਰ ਵਿਚ ਜੀਵ ਵਿਚਰਦਾ ਹੈ।' ਸਰਦੂਲ ਸਿੰਘ ਕਵੀਸ਼ਰ ਦਸਦਾ ਹੈ ਕਿ 'ਆਪਣੇ ਆਪ ਨੂੰ ਸੰਸਾਰ-ਵਿਆਪਕ ਹਸਤੀ ਤੋਂ ਵੱਖਰਾ ਜਾਣਨ ਨੂੰ ਹਉਮੈ ਕਿਹਾ ਗਿਆ ਹੈ।' ਇਸ ਤਰ੍ਹਾਂ ਗੁਰਬਾਣੀ ਇਹ ਮੰਨਦੀ ਹੈ ਕਿ ਜਦੋ ਤੱਕ ਮਨੁੱਖ ਆਪਣੇ ਇਸ਼ਟ ਤੋਂ ਦੂਰ ਰਹਿੰਦਾ ਹੈ ਜਾਂ ਆਪਣੇ ਇਸ਼ਟ ਨੂੰ ਅਨੁਭਵ ਕਰਨ ਤੋਂ ਅਸਮਰੱਥ ਰਹਿੰਦਾ ਹੈ ਉਦੋਂ ਤੱਕ ਹਉਮੈ ਦੀਰਘ ਰੋਗ ਹੈ ਪਰ ਜਦੋ ਗੁਰੂ ਦੇ ਸ਼ਬਦ ਰਾਹੀਂ ਹਉਮੈ ਦਾ ਅਸਲ ਭਾਵ ਸਮਝ ਆ ਜਾਂਦਾ ਹੈ ਤਾਂ ਇਹ ਦਾਰੂ ਭੀ ਬਣ ਜਾਂਦਾ ਹੈ ਜਿਵੇਂ ਆਪ ਮੁਹਾਰਾ ਹੋਇਆ ਹਾਥੀ ਸੜਕ ਤੇ ਜਾ ਰਹੇ ਲੋਕਾਂ ਲਈ ਖਤਰਾ ਬਣ ਜਾਂਦਾ ਹੈ ਪਰ ਜਦੋ ਇਸ ਨੂੰ ਮਹਾਵਤ ਕਾਬੂ ਕਰ ਲੈਦਾ ਹੈ ਤਾਂ ਇਹ ਭਾਰੀ ਤੋਂ ਭਾਰੀ ਕੰਮ ਕਰਨ ਵਿਚ ਮਨੁੱਖ ਦੀ ਸਹਾਇਤਾ ਕਰਦਾ ਹੈ। ਇਸ ਤਰ੍ਹਾਂ ਗੁਰ-ਸ਼ਬਦ ਰਾਹੀਂ ਹਉਮੈ ਦੀ ਸੋਝੀ ਮਨੁੱਖ ਨੂੰ ਪਰਉਪਕਾਰੀ ਬਣਾ ਦਿੰਦੀ ਹੈ ਅਤੇ ਮਨੁੱਖ ਆਪਾ-ਭਾਵ ਮਿਟਾ ਕੇ ਆਪਣੇ ਜੀਵਨ-ਉਦੇਸ਼ਾਂ ਦੀ ਪ੍ਰਾਪਤੀ ਵਿਚ ਲੱਗ ਜਾਂਦਾ ਹੈ। ਮਨੁੱਖ ਨੂੰ ਕੇਵਲ ਇਕ ਪਰਮਾਤਮਾ ਦਾ ਪਸਾਰਾ ਹੀ ਚਾਰ-ਚੁਫੇਰੇ ਦਿਖਾਈ ਦੇਣ ਲੱਗ ਪੈਦਾ ਹੈ ਅਤੇ ਮਨ ਵਿਚੋ ਦਵੈਤ ਭਾਵ ਬਿਲਕੁਲ ਮਿਟ ਜਾਂਦਾ ਹੈ। ਸੰਸਾਰ ਦੇ ਸਮੂਹ ਜੀਵਾਂ ਦੀ ਵੱਖਰਤਾ ਨੂੰ ਉਹ ਅੱਗ ਦੇ ਚੰਗਿਆੜਿਆਂ ਵਾਂਗ ਸਮਝਦਾ ਹੈ ਜੋ ਕਿ ਉਸ ਤੋਂ ਵੱਖ ਹੋ ਕੇ ਮੁੜ ਉਸ ਵਿਚ ਹੀ ਜਾ ਸਮਾਉਂਦੇ ਹਨ:

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,

ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿਗੇ।।

ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,

ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ।।

ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ।।
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ।। ਅਕਾਲ ਉਸਤਤਿ

ਇੱਕ ਪਰਮਾਤਮਾ ਨੂੰ ਸਭ ਦਾ ਪਿਤਾ ਮੰਨ ਕੇ ਹੀ ਸਮਾਜ ਵਿਚ ਭਾਈ ਚਾਰੇ ਦੀ ਭਾਵਨਾ ਉਤਪੰਨ ਹੋ ਸਕਦੀ ਹੈ। ਗੁਰੂ ਸਾਹਿਬਾਨ ਨੇ ਸਮੂਹ ਸਿੱਖ ਸੰਗਤ ਨੂੰ ਇਸੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਉਤਪਤੀ ਕਰਕੇ ਇਸਨੂੰ ਸਿੱਧਾ ਅਕਾਲ ਪੁਰਖ ਦੇ ਅਧੀਨ ਕਰਦੇ ਹੋਏ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੁਲਾਉਣ ਦਾ ਆਦੇਸ਼ ਦਿੰਦੇ ਹੋਏ ਖਾਲਸਾਈ ਸਿਧਾਂਤਾਂ ਪ੍ਰਤੀ ਹਮੇਸ਼ਾਂ ਯਤਨਸ਼ੀਲ ਰਹਿਣ ਦੀ ਪ੍ਰੇਰਣਾ ਕੀਤੀ। ਭਾਈਚਾਰਕ ਸਾਂਝ ਦੇ ਉਦੇਸ਼ਾਂ ਦਾ ਜ਼ਿਕਰ ਕਰਦੇ ਹੋਏ ਡਾ. ਅਵਤਾਰ ਸਿੰਘ ਨੇ ਇਸਨੂੰ ਦੋ ਹਿਸਿਆਂ ਵਿਚ ਵੰਡਿਆ ਹੈ ਜੋ ਕਿ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਦੇ ਅਮਲੀ ਪੱਖ ਨੂੰ ਉਜਾਗਰ ਕਰਦੇ ਹਨ।

1. ਨਕਾਰਾਤਮਕ ਪੱਖ 2. ਸਕਾਰਾਤਮਕ ਪੱਖ

1.5.8 **ਨਕਾਰਾਤਮਕ ਪੱਖ** : ਇਸ ਵਿਚ ਉਹਨਾਂ ਦੋ ਸਿੱਧਾਂਤਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਤੋਂ ਮਨੁੱਖ ਨੇ ਆਪਣੇ ਮਨ ਨੂੰ ਮੋੜਨਾ ਹੈ। (i) ਨਿੰਦਾ ਤਿਆਗ (ii) ਵੈਰ-ਵਿਰੋਧ ਦੀ ਭਾਵਨਾ ਦਾ ਤਿਆਗ

**(i) ਨਿੰਦਾ ਤਿਆਗ** : ਨਿੰਦਾ ਮਨ ਵਿਚ ਈਰਖਾ ਪੈਦਾ ਕਰਨ ਅਤੇ ਸਮਾਜਕ ਵੈਰ-ਵਿਰੋਧ ਨੂੰ ਵਧਾਉਣ ਦਾ ਕੰਮ ਕਰਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਬਹੁਤੇ ਮਨੁੱਖ ਨਿੰਦਾ ਵਿਚ ਸੜ ਰਹੇ ਹਨ, ਨਿੰਦਾ ਕਰਨ ਵਾਲੇ ਮਨੁੱਖ ਆਤਮਕ ਤੌਰ ਤੇ ਵਿਕਾਸ ਨਹੀਂ ਕਰ ਸਕਦੇ ਅਤੇ ਉਹ ਹਮੇਸ਼ਾਂ ਬੰਧਨ ਵਿਚ ਰਹਿੰਦੇ ਹਨ:

ਨਿੰਦਾ ਕਰਿ ਕਰਿ ਪਚਹਿ ਘਨੇਰੇ।।
ਮਿਰਤਕ ਫਾਸ ਗਲੈ ਸਿਰਿ ਪੈਰੇ।। ਪੰਨਾ 806

ਭਾਈ ਨੰਦ ਸਿੰਘ ਜੀ ਤਨਖਾਹਨਾਮੇ ਵਿਚ ਦਸਦੇ ਹਨ ਕਿ ਜੋ ਮਨੁੱਖ ਨਿੰਦਾ ਵਿਚ ਲੱਗਾ ਰਹਿੰਦਾ ਹੈ ਅਤੇ ਜੂਏ ਵਿਚ ਧਨ-ਮਾਲ ਹਾਰਦਾ ਹੈ ਉਹ ਕਾਲ ਦੇ ਚੱਕਰ ਵਿਚ ਫਸ ਕੇ ਦੁੱਖ ਉਠਾਉਂਦਾ ਹੈ।

ਨਿੰਦਾ ਨੂੰ ਸਿੱਖ ਧਰਮ ਵਿਚ ਆਤਮਿਕ ਗਿਰਾਵਟ ਦੀ ਨਿਸ਼ਾਨੀ ਸਮਝਿਆ ਗਿਆ ਹੈ। ਇਹ ਕਿਸੇ ਇਕ ਮਨੁੱਖ ਨੂੰ ਹੀ ਕੁਰਾਹੇ ਨਹੀਂ ਪਾਉਂਦੀ ਬਲਕਿ ਸਮੁੱਚੇ ਸਮਾਜਕ ਆਲੇ-ਦੁਆਲੇ ਨੂੰ ਵੀ ਪ੍ਰਭਾਵਿਤ ਕਰਦੀ ਹੈ। ਨਿੰਦਾ ਕਰਨ ਵਾਲਾ ਮਨੁੱਖ ਈਰਖਾ ਅਤੇ ਦਵੈਸ਼ ਦਾ ਸ਼ਿਕਾਰ ਹੁੰਦਾ ਹੈ ਜਿਸ ਨਾਲ ਸਮਾਜਕ ਭਾਈਚਾਰੇ ਵਿਚ ਵੈਰ-ਵਿਰੋਧ ਵਧਣ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਵਿਚ ਵੀ ਗਿਰਾਵਟ ਆਉਣ ਲਗਦੀ ਹੈ। ਨਿੰਦਕ ਵਿਅਕਤੀ ਸਮਾਜ ਵਿਚ ਸ਼ੱਕ, ਅਨੈਤਿਕਤਾ, ਅਤੇ ਬੇਗਾਨਗੀ ਦੀ ਭਾਵਨਾ ਪੈਦਾ ਕਰ ਦਿੰਦਾ ਹੈ ਜਿਸ ਨਾਲ ਸਮਾਜ ਵਿਚੋ ਵਿਸ਼ਵਾਸ ਦੀ ਭਾਵਨਾ ਖਤਮ ਹੋ ਜਾਂਦਾ ਹੈ ਅਤੇ ਮਾਨਵਤਾ ਦੀ ਏਕਤਾ ਨੂੰ ਖਤਰਾ ਪੈਦਾ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਨੈਤਿਕ ਕਦਰਾਂ ਕੀਮਤਾਂ ਦੀ ਬੁਨਿਆਦ ਸਚਾਈ ਤੇ ਰੱਖੀ ਅਤੇ ਮਨੁੱਖ ਨੂੰ ਸਚਿਆਰਾ ਬਣਨ ਦਾ ਆਦੇਸ਼ ਕੀਤਾ। ਗੁਰੂ ਨਾਨਕ ਦੇਵ ਜੀ ਦੁਆਰਾ ਸਿਰਜਿਤ ਸਮਾਜ ਸਰਮ ਅਤੇ ਧਰਮ' ਦੀਆਂ ਕੀਮਤਾਂ ਦੀ ਬਹਾਲੀ ਵੱਲ ਚੁਕਿਆ ਗਿਆ ਇਕ ਕਦਮ ਸੀ ਜਿਨ੍ਹਾਂ ਦੀ ਅਣਹੋਂਦ ਵਿਚ ਗੁਰੂ ਜੀ ਕੂੜ ਅਤੇ ਝੂਠ ਦਾ ਬੋਲਬਾਲਾ ਵੇਖ ਰਹੇ ਸਨ। ਹਿੰਦੂ ਧਰਮ ਦੇ ਲੋਕ ਮੁਸਲਮਾਨਾਂ ਨੂੰ ਮਲੇਛ ਕਹਿ ਕੇ ਨਿੰਦਦੇ ਸਨ ਅਤੇ ਮੁਸਲਮਾਨ ਹਿੰਦੂਆਂ ਦੀ ਨਿੰਦਾ ਕਰਨ ਲਈ ਕਾਫਰ' ਸ਼ਬਦ ਦਾ ਇਸਤੇਮਾਲ ਕਰਦੇ ਸਨ। ਸਿੱਖ ਸਮਾਜ ਵਿਚ ਇਹਨਾਂ ਦੋਵਾਂ ਸ਼ਬਦਾਂ ਲਈ ਹੀ ਕੋਈ ਸਥਾਨ ਨਹੀਂ ਕਿਉਂਕਿ ਇਹ ਦੋਵੇ ਸ਼ਬਦ ਸਮਾਜ ਵਿਚ ਨਫਰਤ ਅਤੇ ਭੇਦਭਾਵ ਫੈਲਾਉਣ ਦਾ ਕੰਮ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਨਫਰਤ ਅਤੇ ਭੇਦਭਾਵ ਨੂੰ ਖਤਮ ਕਰਨ ਲਈ ਜਿਹੜਾ ਮਾਰਗ ਦੱਸਿਆ ਉਹ ਨਾਮ ਜਪੋ, ਕਿਰਤ ਕਰੋ, ਵੰਡ ਛਕੋ, ਦਾ ਮਾਰਗ ਸੀ। ਦੋਵੇ ਧਰਮਾਂ ਦੇ ਲੋਕ ਇਸ ਮਾਰਗ ਤੇ ਇੱਕਠੇ ਮਿਲ ਕੇ ਚੱਲਣ ਲਈ ਤਿਆਰ ਹੋਏ। ਗੁਰੂ ਅਰਜਨ ਦੇਵ ਜੀ ਨੇ ਨਿੰਦਾ ਅਤੇ ਭੇਦਭਾਵ ਨੂੰ ਖਤਮ ਕਰਨ ਲਈ ਸਮੂਹ

ਜਾਤਾਂ, ਕੌਮਾਂ, ਭੂਗੋਲਿਕ ਖਿੱਤਿਆਂ ਦੇ ਮਹਾਂਪੁਰਸ਼ਾਂ ਨੂੰ ਆਪਣੇ ਗ੍ਰੰਥ ਵਿਚ ਸਥਾਨ ਦੇ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਢ ਬੰਨਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਥਾਪਨਾ ਕਰਕੇ ਸਮਾਜ ਵਿਚ ਭਾਈਚਾਰੇ ਦੀ ਭਾਵਨਾ ਨੂੰ ਮਜਬੂਤ ਕਰਨ ਵਾਲੀ ਇਕ ਫੌਜ ਤਿਅਰ ਕੀਤੀ ਜਿਸ ਨੂੰ ਖਾਲਸਾ ਕਿਹਾ ਗਿਆ। ਖਾਲਸੇ ਦੀ ਸਾਜਨਾ ਸਮੂਹ ਵਿਤਕਰਿਆਂ ਅਤੇ ਭੇਦਭਾਵਾਂ ਨੂੰ ਖਤਮ ਕਰਨ ਲਈ ਚੁਕਿਆ ਗਿਆ ਇਕ ਕਦਮ ਸੀ। ਭਾਈ ਨੰਦ ਲਾਲ ਖਾਲਸੇ ਦੀ ਰਹਿਤ ਵਿਚ ਨਿੰਦਾ ਤਿਆਗ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ:

> ਖਾਲਸਾ ਸੋਇ ਜੋ ਨਿੰਦਾ ਤਿਆਗੇ।।ਤਨਖਾਹਨਾਮਾ.44

ਇਸ ਤਰ੍ਹਾਂ ਨਿੰਦਾ ਤਿਆਗ ਨਾਲ ਹੀ ਮਨੁੱਖ ਦੇ ਅਧਿਆਤਮਕ ਵਿਕਾਸ ਦਾ ਮਾਰਗ ਖੁੱਲਦਾ ਹੈ ਅਤੇ ਮਨੁੱਖ ਦੇ ਮਨ ਵਿੱਚ, ਦਵੈਤ ਭਾਵ ਖਤਮ ਹੋ ਕੇ, ਭਾਈਚਾਰੇ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ।

**(ii) ਵੈਰ-ਵਿਰੋਧ ਦੀ ਭਾਵਨਾ ਦਾ ਤਿਆਗ** : ਵੈਰ-ਵਿਰੋਧ ਈਰਖਾ ਦੀ ਭਾਵਨਾ ਵਿਚੋ ਉਤਪੰਨ ਹੁੰਦਾ ਹੈ। ਈਰਖਾ ਵਾਲਾ ਮਨੁੱਖ ਨਾ ਤਾਂ ਆਪਣਾ ਕੁਝ ਸੁਆਰ ਸਕਦਾ ਹੈ ਅਤੇ ਨਾ ਹੀ ਕਿਸੇ ਹੋਰ ਦੇ ਕੰਮ ਆ ਸਕਦਾ ਹੈ। ਈਰਖਾ ਨਾਲ ਭਰਿਆ ਮਨੁੱਖ ਹੀਰੇ ਵਰਗਾ ਜਨਮ ਅਜਾਈਂ ਗੁਆ ਰਿਹਾ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਦੁਨਿਆਵੀ ਰਸ, ਝਗੜੇ, ਸਾੜੇ ਅਤੇ ਮਾਇਆ ਦਾ ਹੰਕਾਰ ਮਨੁੱਖ ਦੇ ਅਧਿਆਤਮਕ ਪਤਨ ਦੀ ਨਿਸ਼ਾਨੀ ਹੈ:

> ਸੁਆਦ ਬਾਦ ਈਰਖ ਮਦ ਮਾਇਆ।।
> ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ।। ਪੰਨਾ 741

ਮਨੁੱਖੀ ਜੀਵਨ ਦੇ ਪੰਜ ਵੱਡੇ ਵਿਕਾਰ ਮੰਨੇ ਗਏ ਹਨ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਇਹ ਪੰਜੇ ਵਿਕਾਰ ਮਨੁੱਖ ਦੇ ਮਨ ਵਿਚ ਅਸ਼ਾਂਤੀ ਪੈਦਾ ਕਰਦੇ ਹਨ ਅਤੇ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਕੇ ਵੈਰ-ਵਿਰੋਧ ਦੀ ਭਾਵਨਾ ਉਤਪੰਨ ਕਰਦੇ ਹਨ। ਸਿੱਖੀ ਜੀਵਨ ਦਾ ਉਦੇਸ਼ ਪਰਮ ਅਨੰਦ ਦੀ ਪ੍ਰਾਪਤੀ ਮੰਨਿਆ ਗਿਆ ਹੈ ਜੋ ਕਿ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਬਾਣੀ ਜਪੁਜੀ ਅਨੁਸਾਰ ਸੱਚ ਖੰਡ ਦੀ ਅਵਸਥਾ ਵਿਚ ਪ੍ਰਾਪਤ ਹੁੰਦਾ ਹੈ। ਪਰਮ ਅਨੰਦ ਦੀ ਅਵਸਥਾ ਵਿਚ ਮਨੁੱਖ ਦਾ ਮਨ ਦੁਨਿਆਵੀ ਵਿਸ਼ੇ-ਵਿਕਾਰਾਂ ਤੋਂ ਦੂਰ ਪਰਮਾਤਮਾ ਨਾਲ ਜੁੜਿਆ ਹੁੰਦਾ ਹੈ। ਪਰਮ ਅਨੰਦ ਦੀ ਅਵਸਥਾ ਪਰਮ ਸ਼ਾਂਤੀ ਦੀ ਵੀ ਅਵਸਥਾ ਹੈ ਜਦੋ ਮਨ ਵਿਚ ਕੋਈ ਦੁਨਿਆਵੀ ਫੁਰਨਾ ਬਾਕੀ ਨਹੀਂ ਰਹਿੰਦਾ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਦੁਨੀਆਂ ਦੇ ਸਮੂਹ ਗਿਆਨਵਾਨ ਪੁਰਸ਼ ਇਸ ਗੱਲ ਤੇ ਸਹਿਮਤ ਹਨ ਕਿ ਵੈਰ-ਵਿਰੋਧ ਉਤਪੰਨ ਕਰਨ ਵਾਲੇ ਵਿਕਾਰਾਂ ਤੋਂ ਉਪਰ ਉਠ ਕੇ ਹੀ ਮਨੁੱਖ ਪ੍ਰਭੂ ਪ੍ਰਾਪਤੀ ਕਰ ਸਕਦਾ ਹੈ:

> ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ।
> ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ।।ਪੰਨਾ 551

ਵੈਰ-ਵਿਰੋਧ ਦੀ ਭਾਵਨਾ ਕਿਵੇਂ ਦੂਰ ਹੋ ਸਕਦੀ ਹੈ? ਇਸ ਦਾ ਜੁਆਬ ਦਿੰਦੇ ਹੋਏ ਬਾਬਾ ਫਰੀਦ ਜੀ ਦਸਦੇ ਹਨ ਕਿ ਕਿਸੇ ਨਾਲ ਵੈਰ ਕਮਾਉਣ ਤੋਂ ਪਹਿਲਾਂ ਆਪਣੀ ਬੁਕਲ ਵਿਚ ਨਜ਼ਰ ਮਾਰ ਕੇ ਵੇਖ ਕਿ ਕਿਤੇ ਉਹ ਔਗੁਣ ਤੇਰੇ ਅੰਦਰ ਮੌਜੂਦ ਤਾਂ ਨਹੀਂ ਜਿਨ੍ਹਾਂ ਕਰਕੇ ਤੂੰ ਦੂਜਿਆਂ ਨਾਲ ਵੈਰ ਕਮਾ ਰਿਹਾ ਹੈ। ਈਸਾ ਮਸੀਹ ਨੇ ਇਕ ਵੇਸਵਾ ਨੂੰ ਪੱਥਰ ਮਾਰ ਰਹੇ ਲੋਕਾਂ ਨੂੰ ਕਿਹਾ ਕਿ ਇਸ ਨੂੰ ਉਹ ਵਿਅਕਤੀ ਪੱਥਰ ਮਾਰੇ ਜਿਸ ਨੇ ਆਪ ਕਦੀ ਪਾਪ ਨਾ ਕੀਤਾ ਹੋਵੇ। ਦੂਜਿਆਂ ਨੂੰ ਦੁੱਖ ਪਹੁੰਚਾਉਣ ਦੀ ਇੱਛਾ ਨਾਲ ਵਧਾਏ ਜਾ ਰਹੇ ਵੈਰ-ਵਿਰੋਧ ਦਾ ਖਾਤਮਾ ਤਾਂ ਹੀ ਸੰਭਵ ਹੈ ਜੇਕਰ ਬਾਬਾ ਫਰੀਦ ਜੀ ਦੇ ਇਸ ਗੁਣ ਭਰਪੂਰ ਵਚਨ ਨੂੰ ਮਨ ਵਿਚ ਪੂਰੀ ਤਰ੍ਹਾਂ ਵਸਾਇਆ ਜਾ ਸਕੇ:

> ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ।।
> ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ।। ਪੰਨਾ 1378

ਇਸ ਤਰ੍ਹਾਂ ਮਨੁੱਖ ਵੈਰ-ਵਿਰੋਧ ਦੀ ਭਾਵਨਾ ਨੂੰ ਖਤਮ ਕਰਕੇ ਆਪਣੇ ਉਦੇਸ਼ ਦੀ ਪ੍ਰਾਪਤੀ ਕਰਨ ਦੇ ਨਾਲ-ਨਾਲ ਸਮਾਜ ਵਿਚ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਉਤਪੰਨ ਕਰ ਸਕਦਾ ਹੈ।

1.5.9 **ਸਕਾਰਾਤਮਕ ਪੱਖ** : ਇਸ ਵਰਗ ਵਿੱਚ ਉਹ ਸਿਧਾਂਤ ਆ ਜਾਂਦੇ ਹਨ ਜੋ ਕਿ ਮਨੁੱਖੀ ਭਾਈਚਾਰੇ ਨੂੰ ਇਕਮੁੱਠ ਰੱਖਣ ਵਿਚ ਸਹਾਇਤਾ ਕਰਨ ਦੇ ਨਾਲ-ਨਾਲ ਮਨੁੱਖੀ ਭਲਾਈ ਤੇ ਕੇਦਰਤ ਹਨ।

ਇਥੇ ਦੋ ਪ੍ਰਮੁੱਖ ਸਿਧਾਂਤਾਂ ਦਾ ਵਰਨਣ ਕੀਤਾ ਜਾ ਰਿਹਾ ਹੈ- (i) ਪਰਉਪਕਾਰ (ii) ਸੇਵਾ

**(i) ਪਰਉਪਕਾਰ** : ਪਰਉਪਕਾਰ ਸਿੱਖੀ ਦਾ ਉਦੇਸ਼ ਹੈ। ਇਸ ਰਾਹੀਂ ਮਨੁੱਖੀ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ ਤਾਂ ਕਿ ਸਮਾਜ ਵਿਚੋ ਊਚ-ਨੀਚ ਅਤੇ ਭੇਦਭਾਵ ਨੂੰ ਦੂਰ ਕੀਤਾ ਜਾਵੇ।

ਸਿੱਖ ਧਰਮ ਇਹ ਮੰਨਦਾ ਹੈ ਕਿ ਸਮੂਹ ਜੀਵਾਂ ਦਾ ਕਰਤਾ ਕੇਵਲ ਇਕ ਪਰਮਾਤਮਾ ਹੈ ਅਤੇ ਉਸਨੇ ਸਮੂਹ ਜੀਵਾਂ ਨੂੰ ਪੈਦਾ ਕਰਕੇ ਉਹਨਾਂ ਨੂੰ ਜੀਵਨ ਸ਼ਕਤੀ ਪ੍ਰਦਾਨ ਕੀਤੀ ਹੈ। ਜਦੋ ਪਰਮਾਤਮਾ ਦੁਆਰਾ ਬਖਸ਼ੀ ਹੋਈ ਜੀਵਨ ਸ਼ਕਤੀ ਵਿਚ ਵਿਘਨ ਪੈਦਾ ਹੈ ਤਾਂ ਜੀਵ ਨੂੰ ਦੁੱਖ ਪਹੁੰਚਦਾ ਹੈ। ਸਮੁੱਚੀ ਸ੍ਰਿਸ਼ਟੀ ਦੇ ਸਮੂਹ ਜੀਵ ਜੀਵਨ ਸ਼ਕਤੀ ਵਿਚ ਪੈਣ ਵਾਲੇ ਵਿਘਨ ਤੋਂ ਮੁਕਤ ਰਹਿਣ, ਇਸ ਲਈ ਉਹਨਾਂ ਦਾ ਭਲਾ ਮੰਗਿਆ ਜਾਂਦਾ ਹੈ। ਪਰਮਾਤਮਾ ਸਮੂਹ ਜੀਵਾਂ ਦਾ ਕਰਤਾ ਹੋਣ ਕਰਕੇ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਹੈ ਇਸ ਕਰਕੇ ਸਮੂਹ ਜੀਵਾਂ ਦਾ ਭਲਾ ਉਸ ਤੋਂ ਮੰਗਿਆ ਜਾਂਦਾ ਹੈ:

ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ।।

ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ।। ਪੰਨਾ 815-16

ਸਮੁੱਚੀ ਸ੍ਰਿਸ਼ਟੀ ਦੇ ਜੀਵਾਂ ਵਿਚੋ ਮਨੁੱਖ ਸਭ ਤੋਂ ਵਧੇਰੇ ਬੁੱਧੀਮਾਨ ਹੈ ਅਤੇ ਇਸੇ ਕਰਕੇ ਸੁਆਰਥੀ ਵੀ ਸਭ ਤੋਂ ਜ਼ਿਆਦਾ ਉਸੇ ਨੂੰ ਮੰਨਿਆ ਜਾਂਦਾ ਹੈ। ਮਨੁੱਖ ਸ੍ਰਿਸ਼ਟੀ ਦੇ ਸਮੂਹ ਸਬਲ ਅਤੇ ਦੁਰਬਲ ਜੀਵਾਂ ਤੇ ਆਪਣਾ ਅਧਿਕਾਰ ਰੱਖਦਾ ਹੈ। ਇਸੇ ਬਿਰਤੀ ਕਾਰਨ ਇਕ ਮਨੁੱਖ ਦੂਜੇ ਮਨੁੱਖਾਂ ਤੇ ਵੀ ਅਧਿਕਾਰ ਕਰਨਾ ਚਾਹੁੰਦਾ ਹੈ ਜਿਸ ਨਾਲ ਭੇਦਭਾਵ, ਵਿਤਕਰੇ ਅਤੇ ਦਮਨ ਵਾਲੀਆਂ ਬਿਰਤੀਆਂ ਦਾ ਜਨਮ ਹੁੰਦਾ ਹੈ। ਇਕ ਮਨੁੱਖ ਦੂਜੇ ਮਨੁੱਖ ਨੂੰ ਪਿਛਾਂਹ ਕਰਕੇ ਆਪ ਅੱਗੇ ਨਿਕਲਣ ਦੀ ਕੋਸ਼ਿਸ਼ ਵਿਚ ਲੱਗਾ ਹੋਇਆ ਹੈ ਜਿਸ ਕਾਰਨ ਇਕ ਮਨੁੱਖ ਦੂਜੇ ਮਨੁੱਖ ਨਾਲ, ਇਕ ਕੌਮ ਦੂਜੀ ਕੌਮ ਨਾਲ, ਇਕ ਖਿੱਤੇ ਦੇ ਲੋਕ ਦੂਜੇ ਖਿੱਤੇ ਦੇ ਲੋਕਾਂ ਨਾਲ ਟਕਰਾਉ ਦੀ ਸਥਿਤੀ ਵਿਚ ਵੇਖੇ ਜਾ ਸਕਦੇ ਹਨ। ਮਨੁੱਖ ਅਜਿਹੇ ਤਣਾਉਪੂਰਨ ਮਾਹੌਲ ਤੋਂ ਦੂਰ ਰਹਿਣ ਅਤੇ ਸ਼ਾਂਤੀ ਅਤੇ ਭਲਾਈ ਦੇ ਕਾਰਜ ਕਰਨ, ਇਸ ਕਰਕੇ ਸਮੂਹ ਮਨੁੱਖਾਂ ਨੂੰ ਭਲਾਈ-ਬੁਰਾਈ ਦੀ ਸਮਝ ਪੈਦਾ ਕਰਨ ਲਈ ਪ੍ਰਦਾਨ ਕੀਤੀ ਬੁੱਧੀ ਨੂੰ ਸਹੀ ਦਿਸ਼ਾ ਵੱਲ ਲਾਉਣਾ ਚਾਹੀਦਾ ਹੈ। ਅਜਿਹਾ ਕਰਨ ਲਈ ਹੀ ਪਰਮਾਤਮਾ ਅੱਗੇ ਅਰਦਾਸ ਕੀਤੀ ਜਾਂਦੀ ਹੈ ਕਿ ਉਹ ਸਮੂਹ ਜੀਵਾਂ ਨੂੰ ਸੁਮੱਤ ਬਖਸ਼ੇ ਅਤੇ ਉਹ ਮਾਨਵਤਾ ਅਤੇ ਮਨੁੱਖੀ ਭਲਾਈ ਦੇ ਮਾਰਗ ਤੇ ਚੱਲਣ। ਸਿੱਖ ਧਰਮ ਸੰਗਤ ਪ੍ਰਧਾਨ ਸਮਾਜ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕਰਦਾ ਹੈ। ਸੰਗਤ ਦਾ ਜੋ ਰੂਪ ਗੁਰੂ ਸਹਿਬਾਨ ਨੇ ਸਿਰਜਿਆ ਉਹ ਗੁਣਮੁਖੀ ਸੰਗਤ ਵੱਲ ਸੰਕੇਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸੰਗਤ ਕਰਨ ਦਾ ਅਸਲ ਲਾਭ ਉਸ ਮਨੁੱਖ ਨੂੰ ਹੈ ਜੋ ਈਰਖਾ, ਦਵੈਸ਼ ਨੂੰ ਭੁੱਲ ਕੇ ਗੁਣਾਂ ਤੇ ਧਿਆਨ ਕੇਦਰਿਤ ਕਰਦਾ ਹੈ:

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।। ਪੰਨਾ 766

ਔਗੁਣਾਂ ਤੋਂ ਭਾਵ ਉਹਨਾਂ ਦੁਰ-ਭਾਵਨਾਵਾਂ ਤੋਂ ਹੈ ਜੋ ਲੋਕ-ਭਲਾਈ ਅਤੇ ਪਰਉਪਕਾਰ ਦੇ ਮਾਰਗ ਵਿਚ ਰੁਕਾਵਟਾਂ ਖੜੀਆਂ ਕਰਕੇ ਮਨੁੱਖ ਨੂੰ ਮਨੁੱਖ ਨਾਲ ਲੜਾਉਣ ਦਾ ਕੰਮ ਕਰਨ ਦੇ ਨਾਲ-ਨਾਲ ਪਰਮਾਤਮਾ ਤੋਂ ਦੂਰ ਕਰਦੀਆਂ ਹਨ। ਪਰ ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਇਹਨਾਂ ਦੁਰ-ਭਾਵਨਾਵਾਂ ਨੂੰ ਖਤਮ ਕਿਵੇਂ ਕੀਤਾ ਜਾਵੇ? ਸਭ ਤੋਂ ਪਹਿਲਾਂ ਗੁਰੂ ਸਹਿਬਾਨ ਇਹਨਾਂ ਦੁਰ-ਭਾਵਨਾਵਾਂ ਦਾ ਕਾਰਨ ਦੱਸਦੇ ਹੋਏ ਕਹਿੰਦੇ ਹਨ ਕਿ ਅਗਿਆਨਤਾ ਮਨੁੱਖ ਅੰਦਰ ਦੁਰ-ਭਾਵਨਾਵਾਂ ਉਤਪੰਨ ਕਰਨ ਲਈ ਜਿੰਮੇਵਾਰ ਹੈ ਅਤੇ ਜੋ ਅਗਿਆਨੀ ਹੈ ਉਹੀ ਬੁੱਧੀਹੀਨ ਹੈ – ਅਗਿਆਨੀ ਮਤਿਹੀਣੁ ਹੈ।ਇਸਦੇ ਨਾਲ ਹੀ ਗੁਰੂ ਸਹਿਬਾਨ ਇਹ ਵੀ ਦੱਸਦੇ ਹਨ ਕਿ ਇਹ ਅਗਿਆਨਤਾ ਪੈਦਾ ਕਿਵੇਂ ਹੁੰਦੀ ਹੈ? ਗੁਰੂ ਰਾਮਦਾਸ ਜੀ ਦੱਸਦੇ ਹਨ ਕਿ ਹੰਕਾਰ ਕਾਰਨ ਮਨੁੱਖ ਵਿਚ ਅਗਿਆਨਤਾ ਪੈਦਾ ਹੁੰਦੀ ਹੈ (ਹਮ ਅਹੰਕਾਰੀ ਅਹੰਕਾਰ ਅਗਿਆਨ)। ਇਥੇ ਸਪਸ਼ਟ ਹੈ ਕਿ ਹਉਮੈ ਕਾਰਨ ਮਨੁੱਖ ਵਿਚ ਅਗਿਆਨਤਾ ਪੈਦਾ ਹੁੰਦੀ ਹੈ। ਇਥੇ ਦੇਖਣ ਵਾਲੀ ਗੱਲ ਇਹ ਹੈ ਕਿ ਹਉਮੈ ਤੇ ਕਾਬੂ ਕਿਵੇਂ ਪਾਇਆ ਜਾਵੇ ਕਿਉਂਕਿ ਗੁਰਮਤਿ ਮਾਰਗ ਅਨੁਸਾਰ ਵਿਕਾਰ ਰੂਪੀ ਔਗੁਣ ਸ੍ਰਿਸ਼ਟੀ ਦਾ ਅੰਗ ਹਨ ਅਤੇ ਹਉਮੈ ਰਾਹੀਂ ਹੀ ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ (ਹਉਮੈ ਵਿਚ ਜਗੁ ਉਪਜੈ ਪੁਰਖਾ)। ਗੁਰਬਾਣੀ ਦਸਦੀ ਹੈ ਕਿ ਇਹਨਾਂ ਵਿਕਾਰਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ, ਪਰੰਤੂ ਇਹਨਾਂ ਤੇ ਕਾਬੂ ਪਾਇਆ ਜਾ

ਸਕਦਾ ਹੈ। ਕਹਿਣ ਦਾ ਭਾਵ ਇਹਨਾਂ ਔਗੁਣ ਰੂਪੀ ਵਿਕਾਰਾਂ ਦੀ ਸਹੀ ਦਿਸ਼ਾ ਨਿਰਧਾਰਤ ਕਰਕੇ ਇਹਨਂ ਨੂੰ ਗੁਣਾਂ ਵਿਚ ਬਦਲਿਆ ਜਾ ਸਕਦਾ ਹੈ। ਹੰਕਾਰ ਨੂੰ ਅਣਖ ਅਤੇ ਸਵੈਮਾਨ ਦੇ ਮਾਰਗ ਤੇ ਲਾ ਕੇ ਇਸਦੀ ਸਹੀ ਦਿਸ਼ਾ ਰਿਧਾਰਤ ਕੀਤੀ ਜਾ ਸਕਦੀ ਹੈ। ਅਣਖ ਅਤੇ ਸਵੈਮਾਨ ਦੀ ਪ੍ਰਾਪਤੀ ਗੁਰੂ ਦੇ ਦਰਸਾਏ ਹੋਏ ਮਾਰਗ ਤੇ ਚੱਲ ਕੇ ਹੋ ਸਕਦੀ ਹੈ (ਇਤੁ ਮਾਰਗਿ ਪੈਰੁ ਧਰੀਜੈ।। ਸਿਰੁ ਦੀਜੈ ਕਾਣਿ ਨ ਕੀਜੈ)। ਸਵੈਮਾਨ ਦੀ ਭਾਵਨਾ ਮਨੁੱਖ ਵਿਚੋ ਨਿਜੀ ਸੁਆਰਥ ਦੀ ਭਾਵਨਾ ਨੂੰ ਖਤਮ ਕਰਕੇ ਉਸਨੂੰ ਪਰਉਪਕਾਰ ਦੇ ਮਾਰਗ ਤੇ ਲੈ ਜਾਂਦੀ ਹੈ। ਪਰਉਪਕਾਰ ਦੇ ਇਸੇ ਆਦਰਸ਼ ਦੀ ਪੂਰਤੀ ਨੂੰ ਖਾਲਸੇ ਰਾਹੀਂ ਸੰਪੂਰਨ ਹੋਇਆ ਮੰਨਦੇ ਹੋਏ ਨੰਦ ਲਾਲ ਜੀ ਆਪਣੇ ਤਨਖਾਹਨਾਮੇ ਵਿਚ ਦਸਦੇ ਹਨ:

ਖਾਲਸਾ ਸੋਇ ਨਿਰਧਨ ਕੋ ਪਾਲੈ।। ਖਾਲਸਾ ਸੋਇ ਦੁਸ਼ਟ ਕੋ ਗਾਲੈ।। ਤਨਖਾਹਨਾਮਾ.50

ਸਿੱਖ ਧਰਮ ਵਿਚ ਗੁਰੂ ਨੂੰ ਹੀ ਗਿਆਨ ਦਾ ਪ੍ਰਮੁੱਖ ਸਰੋਤ ਮੰਨਿਆ ਗਿਆ ਹੈ ਜੋ ਕਿ ਮਨੁੱਖ ਅੰਦਰ ਗਿਆਨ ਦਾ ਪ੍ਰਕਾਸ਼ ਕਰਕੇ ਅਗਿਆਨਤਾ ਨੂੰ ਦੂਰ ਕਰਨ ਦੇ ਸਮਰੱਥ ਹੈ (ਗਿਆਨ ਅੰਜਨੁ ਗੁਰਿ ਦੀਆਂ ਅਗਿਆਨ ਅੰਧੇਰ ਬਿਨਾਸੁ)। ਗਿਆਨਵਾਨ ਮਨੁੱਖ ਹੀ ਪਰਉਪਕਾਰ ਦੇ ਕੰਮ ਕਰ ਸਕਦਾ ਹੈ। ਸਿੱਖ ਇਤਹਾਸ ਵਿਚ ਭਾਈ ਘਨਈਆ ਜੀ ਦੀ ਉਦਾਹਰਣ ਸਾਡੇ ਸਭ ਦੇ ਸਾਹਮਣੇ ਹੈ ਜਿਨ੍ਹਾਂ ਨੇ ਗੁਰੂ ਦੇ ਮਾਰਗ ਨੂੰ ਚੰਗੀ ਤਰ੍ਹਾਂ ਸਮਝਦੇ ਹੋਏ ਆਪਣੇ-ਪਰਾਏ ਵਿਚ ਫਰਕ ਕੀਤੇ ਬਗੈਰ ਦੁਸ਼ਮਣ ਦੀਆਂ ਫੌਜਾਂ ਨੂੰ ਵੀ ਯੁੱਧ ਦੇ ਸਮੇਂ ਪਾਣੀ ਪਿਲਾਇਆ। ਭਾਈ ਘਨਈਆ ਜੀ ਦੇ ਇਸ ਕਾਰਜ ਤੋਂ ਖੁਸ਼ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਪਾਣੀ ਪਿਲਾਉਣ ਦੇ ਨਾਲ-ਨਾਲ ਮੱਲ੍ਹਮ ਪੱਟੀ ਕਰਨ ਦਾ ਵੀ ਆਦੇਸ਼ ਕੀਤਾ। ਇਸੇ ਤਰ੍ਹਾਂ ਮਿਸਲਾਂ ਦੇ ਸਮੇਂ ਵੀ ਵਿਸਾਖੀ ਦੇ ਮੌਕੇ ਅਕਾਲ ਤਖਤ ਤੇ ਸਿੱਖਾਂ ਦੇ ਇਕੱਠ ਵਿਚ ਕਸੂਰ ਦੇ ਕੁਝ ਬ੍ਰਾਹਮਣ ਆਏ ਜਿਹਨਾਂ ਨੇ ਉਸਮਾਨ ਖ਼ਾਂ ਅਫਗਾਨ ਵਿਰੁੱਧ ਸ਼ਿਕਾਇਤ ਕੀਤੀ ਕਿ ਉਹ ਨਾਲ ਆਏ ਇਕ ਬ੍ਰਾਹਮਣ ਦੀ ਪਤਨੀ ਨੂੰ ਜਬਰਦਸਤੀ ਚੁੱਕ ਕੇ ਲੈ ਗਿਆ ਹੈ। ਤਰੁਣਾ ਦਲ ਜਥੇਬੰਦੀ ਦਾ ਹਰੀ ਸਿੰਘ ਭੰਗੀ ਦੁਖੀ ਬ੍ਰਾਹਮਣਾਂ ਦੀ ਸਹਾਇਤਾ ਲਈ ਅੱਗੇ ਆਇਆ। ਉਸਨੇ ਚੜ੍ਹਤ ਸਿੰਘ ਦੀ ਸਹਾਇਤਾ ਨਾਲ ਕਸੂਰ ਤੇ ਹਮਲਾ ਕਰ ਦਿੱਤਾ ਅਤੇ ਉਸਮਾਨ ਖ਼ਾਂ ਸਮੇਤ ਉਸਦੇ ਪੰਜ ਸੌ ਸਾਥੀਆਂ ਨੂੰ ਮਾਰ ਦਿੱਤਾ। ਬ੍ਰਾਹਮਣ ਇਸਤਰੀ ਨੂੰ ਰਿਹਾਅ ਕਰਵਾਕੇ ਉਸਦੇ ਪਤੀ ਨੂੰ ਸੌਂਪ ਦਿੱਤਾ। ਭਾਵੇਂ ਇਸ ਲੜ੍ਹਾਈ ਵਿੱਚ ਸਿੱਖਾਂ ਦਾ ਵੀ ਬਹੁਤ ਨੁਕਸਾਨ ਹੋਇਆ ਪਰ ਉਹਨਾਂ ਨੇ ਗੁਰੂ ਸਾਹਿਬਾਨ ਦੁਆਰਾ ਦਰਸਾਏ ਪਰਉਪਕਾਰ ਅਤੇ ਸਰਬੱਤ ਦੇ ਭਲੇ ਦੇ ਮਾਰਗ ਤੇ ਚੱਲਣ ਨੂੰ ਤਰਜੀਹ ਦਿੱਤੀ।

ਪਰਉਪਕਾਰ ਵਿਚੋ ਹੀ ਦਇਆ, ਸੰਤੋਖ, ਧਰਮ, ਧੀਰਜ, ਨਿਮਰਤਾ ਆਦਿ ਗੁਣਾਂ ਦਾ ਵਿਕਾਸ ਹੁੰਦਾ ਹੈ। ਗੁਰੂ ਸਾਹਿਬਾਨ ਦੁਆਰਾ ਲੰਗਰ ਦੀ ਪ੍ਰਥਾ ਦਾ ਆਰੰਭ, ਹਸਪਤਾਲਾਂ, ਧਰਮਸ਼ਾਲਾਵਾਂ ਆਦਿ ਦਾ ਨਿਰਮਾਣ ਸਰਬੱਤ ਦੇ ਭਲੇ ਅਤੇ ਪਰਉਪਕਾਰ ਦੇ ਸੂਚਕ ਹਨ ਜਿਥੇ ਹਰ ਗਰੀਬ ਅਤੇ ਲੋੜਵੰਦ ਨੂੰ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

**(ii) ਸੇਵਾ** : ਸੇਵਾ ਸਿੱਖੀ ਦਾ ਆਦਰਸ਼ ਹੈ ਜੋ ਕਿ ਨੈਤਿਕ ਦਰਸ਼ਨ ਦੇ ਪ੍ਰਮੁੱਖ ਆਧਾਰਾਂ ਵਿਚ ਸ਼ਾਮਲ ਹੈ। ਕੋਈ ਵੀ ਵਿਅਕਤੀ ਸਮਾਜ ਵਿਚ ਉਦੋਂ ਤੱਕ ਸਨਮਾਨਯੋਗ ਸਥਾਨ ਹਾਸਲ ਨਹੀਂ ਕਰ ਸਕਦਾ ਜਦੋਂ ਤੱਕ ਉਹ ਸਮਾਜ ਵਿਚ ਸੇਵਾ ਨਾਲ ਜੁੜਿਆ ਹੋਇਆ ਨਹੀਂ ਹੈ। ਸੇਵਾ ਦੇ ਸਮਾਜ ਵਿਚ ਕਈ ਰੂਪ ਵੇਖਣ ਨੂੰ ਮਿਲਦੇ ਹਨ ਪਰ ਸਿੱਖ ਧਰਮ ਵਿਚ ਪ੍ਰਮੁੱਖ ਤੌਰ ਤੇ ਚਾਰ ਤਰ੍ਹਾਂ ਦੀ ਸੇਵਾ ਵੇਖਣ ਨੂੰ ਮਿਲਦੀ ਹੈ-ਤਨ ਦੀ ਸੇਵਾ, ਮਨ ਦੀ ਸੇਵਾ, ਧਨ ਦੀ ਸੇਵਾ, ਸੁਰਤਿ ਦੀ ਸੇਵਾ। ਇਹ ਚਾਰੇ ਤਰ੍ਹਾਂ ਦੀ ਸੇਵਾ ਦੋ ਉਦੇਸ਼ਾਂ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ-ਸੁਆਰਥ ਅਤੇ ਨਿਸੁਆਰਥ। ਸਿੱਖ ਧਰਮ ਵਿਚ ਨਿਸੁਆਰਥ ਸੇਵਾ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜੋ ਕਿ ਵਿਅਕਤੀ ਅੰਦਰ ਗੁਣਾਂ ਦਾ ਸੰਚਾਰ ਕਰਕੇ ਔਗੁਣਾਂ ਨੂੰ ਦੂਰ ਕਰਦੀ ਹੈ। ਗੁਣਾਂ ਦਾ ਸੰਚਾਰ ਕਰਨ ਵਾਲੀ ਸੇਵਾ ਗੁਰੂ ਦੇ ਮਾਰਗ ਦਰਸ਼ਨ ਤੇ ਚੱਲ ਕੇ ਸੰਭਵ ਹੋ ਸਕਦੀ ਹੈ।

ਵਿਅਕਤੀ ਸਮਾਜ ਵਿਚ ਵਿਚਰਦਾ ਹੋਇਆ ਕਈ ਪ੍ਰਕਾਰ ਦੇ ਗੁਣਾਂ ਅਤੇ ਔਗੁਣਾਂ ਨੂੰ ਧਾਰਨ ਕਰਦਾ ਹੈ। ਇਹ ਗੁਣ ਅਤੇ ਔਗੁਣ ਵਿਅਕਤੀ ਦੀ ਸ਼ਖਸੀਅਤ ਘੜਦੇ ਹਨ ਭਾਵ ਜਿਹੋ ਜਿਹੇ ਗੁਣ ਵਿਅਕਤੀ ਧਾਰਨ ਕਰੇਗਾ ਉਹੋ ਜਿਹੀ ਸ਼ਖਸੀਅਤ ਦਾ ਉਹ ਮਾਲਕ ਹੋਵੇਗਾ। ਹੁਣ ਇਹ ਕਿਵੇਂ ਪਤਾ ਲੱਗੇ ਕਿ ਗੁਣ ਅਤੇ ਔਗੁਣ ਕਿਹੜੇ ਹਨ? ਸਿੱਖ ਧਰਮ ਵਿਚ ਦੱਸਿਆ ਗਿਆ ਹੈ ਕਿ ਜਿਹੜੇ ਕਰਮ ਮਨੁੱਖ ਨੂੰ ਵਿਕਾਸ ਦੀ ਦਿਸ਼ਾ ਵੱਲ ਲੈ ਕੇ ਜਾਂਦੇ ਹਨ, ਉਹ ਗੁਣੀ ਕਰਮ ਹਨ ਅਤੇ ਜਿਹੜੇ ਕਰਮ ਮਨੁੱਖ ਨੂੰ ਰਸਾਤਲ ਵੱਲ ਲਿਜਾਣ ਲਈ ਉਕਸਾਉਂਦੇ ਹਨ, ਉਹ ਔਗੁਣ ਕਰਮ ਹਨ। ਪਰ ਫਿਰ ਵੀ ਇਹਨਾਂ ਵਿਚ ਨਿਖੇੜਾ ਕਰਨ ਲਈ ਗੁਣੀ ਅਤੇ ਔਗੁਣੀ ਕਰਮਾਂ ਉੱਤੇ ਚਾਨਣ ਪਾਉਂਦੇ ਹੋਏ ਦੱਸਿਆ ਗਿਆ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜ ਵਿਕਾਰ ਹਨ ਜੋ ਵਿਅਕਤੀ

ਵਿਚ ਔਗੁਣਾਂ ਦਾ ਸੰਚਾਰ ਕਰਦੇ ਹਨ ਅਤੇ ਸੱਚ, ਧਰਮ, ਦਯਾ, ਧੀਰਜ ਅਤੇ ਸੰਜਮ ਪੰਜ ਨੈਤਿਕ ਕਰਮ ਹਨ ਜੋ ਵਿਅਕਤੀ ਅੰਦਰ ਗੁਣਾਂ ਦਾ ਵਿਕਾਸ ਕਰਦੇ ਹਨ। ਇਸ ਕਰਕੇ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ:

ਪੰਚ ਮਨਾਏ ਪੰਚ ਰੁਸਾਏ।। ਪੰਚ ਵਸਾਏ ਪੰਚ ਗਵਾਏ।। ਪੰਨਾ 430

ਪੰਜ ਗੁਣਾਂ ਦਾ ਸੰਚਾਰ ਵਿਅਕਤੀ ਦਾ ਅਧਿਆਤਮਕ ਵਿਕਾਸ ਕਰਦਾ ਹੈ ਅਤੇ ਵਿਅਕਤੀ ਗੁਰੂ ਦੇ ਦਰਸਾਏ ਮਾਰਗ ਅਨੁਸਾਰ ਪਰਮਾਤਮਾ ਦੀ ਸੇਵਾ ਵਿਚ ਲੱਗ ਜਾਂਦਾ ਹੈ। ਪਰਮਾਤਮਾ ਦੀ ਭਗਤੀ ਵਿਚ ਗੁਣਾਂ ਦੀ ਅਹਿਮੀਅਤ ਦਾ ਜਿਕਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ : ਵਿਣੁ ਗੁਣ ਕੀਤੇ ਭਗਤਿ ਨ ਹੋਇ।। ਹੁਣ ਜਦੋ ਗੁਣਾਂ ਅਤੇ ਔਗੁਣਾਂ ਦਾ ਪਤਾ ਲੱਗ ਗਿਆ ਹੈ ਤਾਂ ਇਹ ਪ੍ਰਸ਼ਨ ਵਿਅਕਤੀ ਦੇ ਮਨ ਵਿਚ ਆਉਂਦਾ ਹੈ ਕਿ ਇਹਨਾਂ ਗੁਣਾਂ ਨੂੰ ਧਾਰਨ ਕਿਵੇਂ ਕਰਨਾ ਹੈ? ਗੁਣਾਂ ਨੂੰ ਧਾਰਨ ਕਰਨ ਦਾ ਜੋ ਮਾਰਗ ਗੁਰਮਤਿ ਵਿਚ ਦੱਸਿਆ ਗਿਆ ਹੈ, ਉਸ ਅਨੁਸਾਰ, ਵਿਅਕਤੀ ਪਰਮਾਤਮਾ ਨੂੰ ਜੀਵਨ ਦਾ ਧੁਰਾ ਮੰਨਦੇ ਹੋਏ ਆਪਣੇ ਹੱਥਾਂ ਅਤੇ ਪੈਰਾਂ ਨੂੰ ਸਹੀ ਕਾਰਜ ਵੱਲ ਲਾਵੇ ਕਿਉਂਕਿ ਗੁਰਮਤਿ ਦਰਸ਼ਨ ਵਿਚ ਇਹ ਮੰਨਿਆ ਗਿਆ ਹੈ ਕਿ ਦੁਨਿਆਵੀ ਕਾਰਜ ਮਨੁੱਖ ਨੂੰ ਪਰਮਾਤਮਾ ਤੱਕ ਪਹੁੰਚਾਉਂਦੇ ਹਨ:

ਵਿਚਿ ਦੁਨੀਆ ਸੇਵ ਕਮਾਈਐ।। ਤਾ ਦਰਗਹ ਬੈਸਣੁ ਪਾਈਐ।। ਪੰਨਾ 26

ਦੁਨੀਆ ਵਿਚ ਸੇਵਾ ਦੇ ਕਈ ਰੂਪ ਵੇਖਣ ਨੂੰ ਮਿਲਦੇ ਹਨ ਜਿਵੇਂ ਘਰ-ਪਰਿਵਾਰ ਵਿਚ ਮਾਤਾ-ਪਿਤਾ, ਭੈਣ-ਭਰਾਵਾਂ ਅਤੇ ਹੋਰ ਸਕੇ -ਸੰਬੰਧੀਆਂ ਦੀ ਸੇਵਾ ਨੌਕਰੀ ਵਿਚ ਆਪਣੇ ਮਾਲਕ ਦੀ ਸੇਵਾ ਸਮਾਜ ਵਿਚ ਦੀਨ-ਦੁਖੀਆਂ, ਗਰੀਬਾਂ, ਲੋੜਵੰਦਾਂ ਦੀ ਸੇਵਾ, ਅਧਿਆਤਮਕ ਮਾਰਗ ਦਰਸ਼ਨ ਲਈ ਗੁਰੂ ਦੀ ਸੇਵਾ ਆਦਿ। ਇਹਨਾਂ ਵਿਚੋ ਗੁਰੂ ਦੀ ਸੇਵਾ ਦੇ ਨਾਲ-ਨਾਲ ਉਤਮ ਸੇਵਾ ਗਰੀਬਾਂ ਅਤੇ ਲੋੜਵੰਦਾਂ ਦੀ ਸੇਵਾ ਨੂੰ ਮੰਨਿਆ ਗਿਆ ਹੈ। ਗਰੀਬ ਦੀ ਸੇਵਾ ਨੂੰ ਗੁਰੂ ਦੀ ਸੇਵਾ ਦੇ ਤੁੱਲ ਮੰਨਦੇ ਹੋਏ ਕਿਹਾ ਗਿਆ : ਗਰੀਬ ਦਾ ਮੂੰਹ ਗੁਰੂ ਦੀ ਗੋਲਕ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚਲਿਤ ਭਾਰਤੀ ਸਮਾਜ ਚਾਰ ਵਰਗਾਂ ਵਿਚ ਵੰਡਿਆ ਹੋਇਆ ਸੀ-ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ। ਇਹਨਾਂ ਚਾਰਾਂ ਵਿੱਚੋ ਸੇਵਾ ਦਾ ਕੰਮ ਸ਼ੂਦਰ ਦੇ ਹਿਸੇ ਆਇਆ। ਸ਼ੂਦਰ ਨੂੰ ਇਹ ਆਦੇਸ਼ ਸੀ ਕਿ ਉਹ ਬਾਕੀ ਤਿੰਨ ਵਰਗਾਂ ਦੀ ਸੇਵਾ ਕਰੇ ਕਿਉਂਕਿ ਸੇਵਾ ਨੂੰ ਘਟੀਆ ਅਤੇ ਨੀਚ ਕੰਮ ਸਮਝਿਆ ਜਾਂਦਾ ਸੀ ਅਤੇ ਉੱਚ ਵਰਗ ਸੇਵਾ ਕਰਨ ਨੂੰ ਆਪਣੀ ਤੌਹੀਨ ਸਮਝਦਾ ਸੀ। ਇਸ ਕਰਕੇ ਸਮਾਜ ਵਿਚਲੇ ਸਮੂਹ ਘਟੀਆ ਸਮਝੇ ਜਾਂਦੇ ਕੰਮ ਸ਼ੂਦਰਾਂ ਦੇ ਹਿੱਸੇ ਆਏ। ਪਰ ਗੁਰੂ ਨਾਨਕ ਦੇਵ ਜੀ ਨੇ ਸੇਵਾ ਨੂੰ ਉਤਮ ਕਰਮ ਜਾਣ ਕੇ ਸਭ ਸਿੱਖਾਂ ਨੂੰ ਸੇਵਾ ਕਰਨ ਦਾ ਆਦੇਸ਼ ਕੀਤਾ ਅਤੇ ਸੇਵਾ ਰਾਹੀਂ ਹੀ ਸਿੱਖ ਨੂੰ ਮਾਣ-ਸਤਿਕਾਰ ਅਤੇ ਸਵੈਮਾਨ ਦਾ ਪਾਤਰ ਬਣਾਇਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਬਣਨ ਤੋਂ ਪਹਿਲਾਂ ਲਹਿਣੇ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ ਅਤੇ ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਗੁਰੂ ਬਣਨ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਦੀ ਲਗਪਗ 12 ਸਾਲ ਸੇਵਾ ਕੀਤੀ ਅਤੇ ਗੁਰਗੱਦੀ ਦੇ ਪਾਤਰ ਬਣੇ। ਸੇਵਾ ਨੂੰ ਉੱਤਮ ਕਰਮ ਜਾਣ ਕੇ ਗੁਰੂ ਨਾਨਕ ਦੇ ਵ ਜੀ ਨੇ ਸਿੱਖਾਂ ਨੂੰ ਹਰ ਤਰ੍ਹਾਂ ਦੀ ਸੇਵਾ ਕਰਨ ਦੀ ਪ੍ਰੇਰਣਾ ਕੀਤੀ: ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ।। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਅਨਿਕ ਭਾਂਤਿ ਕਰਿ ਸੇਵਾ ਕਰੀਐ' ਦਾ ਆਦੇਸ਼ ਦਿੱਤਾ।

ਸੇਵਾ ਦਾ ਅਰਥ ਹੈ ਕਿ ਕਿਸੇ ਦੂਜੇ ਵਿਅਕਤੀ ਦੀ ਜਿੰਮੇਵਾਰੀ ਆਪਣੇ ਸਿਰ ਲੈ ਲੈਣੀ ਅਤੇ ਦੂਜੇ ਮਨੁੱਖ ਦੀ ਚਿੰਤਾ ਨੂੰ ਘਟਾਉਣ ਦਾ ਯਤਨ ਕਰਨਾ। ਜੇਕਰ ਕੋਈ ਰੋਗੀ ਮਿਲੇ ਤਾਂ ਯਥਾ ਜੋਗ ਇਲਾਜ ਕਰਾਉਣਾ, ਜੇਕਰ ਸੜਕ ਤੇ ਕੋਈ ਨੇਤਰਹੀਣ ਮਿਲੇ ਤਾਂ ਉਸਨੂੰ ਸੜਕ ਪਾਰ ਕਰਾਉਂਣੀ, ਜੇਕਰ ਧਨ ਦੀ ਕਮੀ ਕਾਰਣ ਕੋਈ ਬੱਚਾ ਪੜ੍ਹ ਨਾ ਸਕੇ ਤਾਂ ਉਸਦੀ ਫੀਸ ਆਦਿ ਦੇ ਕੇ ਉਸਨੂੰ ਪੜ੍ਹਾਈ ਵਿਚ ਸਹਾਇਤਾ ਕਰਨੀ; ਅੱਜ-ਕਲ ਗੰਭੀਰ ਇਲਾਜ ਲਈ ਖੂਨ ਦਾਨ ਅਤੇ ਮਰਨ ਉਪਰੰਤ ਸਰੀਰ ਦੇ ਅੰਗ ਦਾਨ ਨੂੰ ਵੀ ਉਤਮ ਸੇਵਾ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਜਦੋ ਸਿੱਖ ਸਮਾਜਕ ਸੇਵਾ ਦੇ ਨਾਲ-ਨਾਲ ਆਪਣੇ ਧਰਮ ਅਸਥਾਨ ਤੇ ਜਾਂਦਾ ਹੈ ਤਾਂ ਉਥੇ ਵੀ ਸੇਵਾ ਦੇ ਵੱਖ-ਵੱਖ ਰੂਪ ਵੇਖਣ ਨੂੰ ਮਿਲਦੇ ਹਨ ਜਿਵੇਂ ਸਿੱਖ ਧਰਮ ਅਤੇ ਸਮਾਜ ਨੂੰ ਪ੍ਰਫੁਲਤ ਕਰਨ ਲਈ ਦਸਵੰਧ ਦੀ ਸੇਵਾ, ਸੰਗਤ ਵਿਚ ਜਾ ਕੇ ਪਾਣੀ ਪਿਆਉਣ, ਦਰੀਆਂ ਝਾੜਨ, ਜੋੜੇ ਸਾਫ ਕਰਨ ਦੀ ਸੇਵਾ; ਲੰਗਰ ਵਿਚ ਪਰਸ਼ਾਦੇ ਅਤੇ ਬਰਤਨਾਂ ਦੀ ਸੇਵਾ; ਬਿਜਲੀ ਨਾ ਹੋਣ ਤੇ ਪੱਖਾ ਝੱਲਣ ਦੀ ਸੇਵਾ; ਆਦਿ।

ਭਾਈ ਗੁਰਦਾਸ ਜੀ ਸਾਧ ਸੰਗਤ ਦੀ ਸੇਵਾ ਨੂੰ ਸਭ ਸੁੱਖਾਂ ਦੀ ਪ੍ਰਾਪਤੀ ਦਾ ਸਾਧਨ ਮੰਨਦੇ ਹੋਏ ਕਹਿੰਦੇ ਹਨ:

ਸਾਧ ਸੰਗਤਿ ਕਰਿ ਸੇਵ ਫਲੁ ਪਾਇਆ।।

ਤਪੜੁ ਝਾੜਿ ਵਿਛਾਇ ਧੂੜੀ ਨਾਇਆ।। ਵਾਰ 20.10

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿਚ ਲੋਕਾਂ ਨੂੰ ਸਿਧੇ ਰਾਹ ਪਾਉਣ ਲਈ ਦੂਰ-ਦੁਰਾਡੇ ਥਾਵਾਂ ਤੇ ਉਦਾਸੀਆਂ ਕੀਤੀਆਂ। ਇਹਨਾਂ ਉਦਾਸੀਆਂ ਦੌਰਾਨ ਗੁਰੂ ਜੀ ਜੋਗੀਆਂ, ਜਤੀਆਂ, ਤਪੀਆਂ, ਮੌਲਾਣਿਆ, ਪੁਜਾਰੀਆਂ, ਸੰਨਿਆਸੀਆਂ ਆਦਿ ਨੂੰ ਮਿਲੇ। ਇਹਨਾਂ ਨਾਲ ਮੁਲਾਕਾਤ ਸਮੇਂ ਹੋਏ ਵਿਚਾਰ-ਵਟਾਂਦਰੇ ਤੋਂ ਗੁਰੂ ਜੀ ਨੂੰ ਪਤਾ ਲੱਗਾ ਕਿ ਇਹ ਹਉਮੈ ਗ੍ਰਸਤ ਮਨੁੱਖ ਸੇਵਾ ਦੇ ਗੁਣ ਤੋਂ ਸੱਖਣੇ ਹਨ ਅਤੇ ਕੇਵਲ ਆਪੋ-ਆਪਣੇ ਸੁਆਰਥਾਂ ਦੀ ਪੂਰਤੀ ਵਿਚ ਲੱਗੇ ਹੋਏ ਹਨ। ਸੇਵਾ ਤੋਂ ਦੂਰ ਰਹਿਣ ਕਰਕੇ ਸੇਵਾ ਤੋਂ ਪੈਦਾ ਹੋਣ ਵਾਲੇ ਦਯਾ, ਧਰਮ, ਧੀਰਜ, ਸੰਜਮ ਵਰਗੇ ਗੁਣ ਇਹਨਾਂ ਦੇ ਨੇੜੇ-ਤੇੜੇ ਵੀ ਦਿਖਾਈ ਨਹੀਂ ਦੇ ਰਹੇ। ਅਜਿਹੇ ਭੇਖੀ ਅਤੇ ਪਾਖੰਡੀ ਲੋਕਾਂ ਨੂੰ ਫਿਟਕਾਰਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ ਅਜਿਹੇ ਵਿਅਕਤੀ ਦਵੈਤ ਭਾਵ ਵਿਚ ਫਸੇ ਰਹਿੰਦੇ ਹਨ ਅਤੇ ਸੇਵਾ ਤੋਂ ਲਾਭ ਨਹੀਂ ਉਠਾ ਸਕਦੇ।

ਬਿਨੁ ਸੇਵਾ ਕਿਨੈ ਨ ਪਾਇਆ ਦੂਜੈ ਭਰਮਿ ਖੁਆਈ।। ਪੰਨਾ 1011

ਸੇਵਾ ਨਾ ਕਰਨ ਵਾਲੇ ਵਿਅਕਤੀਆਂ ਬਾਰੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜੋ ਸੇਵਾ ਨਹੀਂ ਕਰਦੇ ਉਨ੍ਹਾਂ ਦੇ ਹੱਥ ਤੇ ਪੈਰ ਨਿਰਾਰਥਕ ਹਨ:

ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।। ਵਾਰ 27.10

ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਸੇਵਾ ਕਰਨ ਵਿਚ ਹਿਚਕਚਾਹਟ ਦਿਖਾਉਂਦੇ ਰਹੇ। ਇਸ ਕਰਕੇ ਗੁਰੂ ਨਾਨਕ ਦੀ ਗੱਦੀ ਤੋਂ ਵਾਂਝੇ ਰਹਿ ਗਏ। ਗੁਰੂ ਪੁੱਤਰ ਹੋਣ ਦੀ ਹਉਮੈ ਨੇ ਉਹਨਾਂ ਅੰਦਰ ਨਿਮਰਤਾ ਅਤੇ ਸੰਜਮ ਦਾ ਵਿਕਾਸ ਰੋਕ ਦਿੱਤਾ। ਇਸਦਾ ਭਾਵ ਹੈ ਕਿ ਨੈਤਿਕ ਗੁਣ ਹੀ ਹਉਮੈ ਦੇ ਨਿਵਾਰਣ ਵਿਚ ਸਹਿਯੋਗੀ ਹੁੰਦੇ ਹਨ। ਇਹ ਹਉਮੈ ਵਿਅਕਤੀ ਦੇ ਮਨ ਵਿਚ ਕਈ ਤਰ੍ਹਾਂ ਨਾਲ ਉਜਾਗਰ ਹੁੰਦੀ ਹੈ – ਮਾਇਆ, ਰਾਜ-ਭਾਗ, ਵਿਦਿਆ, ਸਮਾਜ ਸੇਵਾ, ਭਗਤੀ ਆਦਿ ਦੀ ਹਉਮੈ ਮਨੁੱਖ ਵਿਚ ਨਿਘਾਰ ਲਿਆਉਂਦੀ ਹੈ, ਅਤੇ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਵਿਚ ਰੁਕਾਵਟ ਪੈਦਾ ਕਰਦੀ ਹੈ:

ਵਿਚਿ ਹਉਮੈ ਸੇਵਾ ਥਾਇ ਨ ਪਾਏ।।

ਜਨਮਿ ਮਰੈ ਫਿਰਿ ਆਵੈ ਜਾਏ।। ਪੰਨਾ 1070

ਹਉਮੈ ਮੁਕਤ ਸੇਵਾ ਹੀ ਮਨੁੱਖ ਦੇ ਜੀਵਨ ਵਿਚ ਸਹਿਜ ਅਤੇ ਨਿਮਰਤਾ ਦੀ ਭਾਵਨਾ ਪੈਦਾ ਕਰ ਸਕਦੀ ਹੈ ਜੋ ਕਿ ਮਨੁੱਖੀ ਸਮਾਜ ਅਤੇ ਮਨੁੱਖ ਦੇ ਅਧਿਆਤਮਕ ਵਿਕਾਸ ਵਿਚ ਸਹਾਈ ਹੁੰਦੀ ਹੈ। ਹਉਮੈ ਮੁਕਤ ਸੇਵਾ ਮਨੁੱਖ ਨੂੰ ਪਰਮਾਤਮਾ ਦੇ ਸਤਿਕਾਰ ਦਾ ਪਾਤਰ ਬਣਾਉਂਦੀ ਹੈ।

ਆਪੁ ਗਵਾਇ ਸੇਵਾ ਕਰੇ ਤਾਂ ਕਿਛੁ ਪਾਏ ਮਾਨੁ।।ਪੰਨਾ 474

ਸੇਵਾ ਮਨੁੱਖ ਦੇ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹ ਮਨੁੱਖ ਦੇ ਸਮਾਜ ਵਿਚਲੇ ਮਾਣ-ਸਤਿਕਾਰ ਵਿਚ ਵਾਧਾ ਕਰਦੀ ਹੈ। ਵਿਅਕਤੀ ਅੰਦਰ ਗੁਣਾਂ ਦਾ ਸੰਚਾਰ ਕਰਕੇ ਸਮਾਜ ਵਿਚ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ।

ਇਸ ਤਰ੍ਹਾਂ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਵਿਸ਼ਵ ਭਾਈਚਾਰਾ ਮਨੁੱਖੀ ਵਿਕਾਸ ਵਿਚ ਯੋਗਦਾਨ ਪਾਉਂਦਾ ਹੈ। ਸਿੱਖ ਧਰਮ ਵਿਚ ਸਮੂਹ ਮਾਨਵਤਾ ਲਈ ਕੰਮ ਕਰਦੇ ਰਹਿਣ ਦੇ ਨਾਲ-ਨਾਲ ਸਰਬੱਤ ਦਾ ਭਲਾ ਮੰਗਣ ਦੀ ਪ੍ਰੇਰਣਾ ਕੀਤੀ ਗਈ ਹੈ ਜੋ ਕਿ ਸਮੁੱਚੀ ਸਿੱਖੀ ਭਾਵਨਾ ਦਾ ਉਦੇਸ਼ ਹੈ।

ਪਾਠ ਨੰ. 1.6 ਲੇਖਕ : ਡਾ. ਰਮਿੰਦਰਜੀਤ ਕੌਰ

# ਸਹਿਹੋਂਦ ਅਤੇ ਸਮਾਜਿਕ ਭਲਾਈ

**ਬਣਤਰ :**

1.6.1 ਪਾਠ ਦਾ ਉਦੇਸ਼
1.6.2 ਪਾਠ ਦੀ ਭੂਮਿਕਾ
1.6.3 ਸਮਾਜਿਕ ਸਥਿਤੀ
1.6.4 ਸਿੱਖ ਧਾਰਮਿਕ ਫਲਸਫਾ
1.6.5 ਸਮਾਜਿਕ ਭਲਾਈ
1.6.6 ਸਿੱਟਾ
1.6.7 ਅਭਿਆਸ ਲਈ ਪ੍ਰਸ਼ਨ
1.6.8 ਸਹਾਇਕ ਪੁਸਤਕਾਂ

## 1.6.1 ਪਾਠ ਦਾ ਉਦੇਸ਼

ਸਿੱਖ ਧਰਮ ਦੇ ਧਾਰਮਿਕ ਇਤਿਹਾਸ ਵਿਚ ਸਹਿਹੋਂਦ ਅਤੇ ਸਮਾਜਿਕ ਭਲਾਈ ਬਾਬਤ ਮਿਲਦੇ ਵਿਚਾਰਾਂ ਬਾਰੇ ਵਿਦਿਆਰਥੀਆਂ ਨੂੰ ਇਸ ਪਾਠ ਵਿਚ ਦੱਸਿਆ ਗਿਆ ਹੈ।

ਕੋਇਨ ਕਿਸੈ ਵਰਜਈ, ਸੋਈ ਕਰੈ ਜੋਈ ਮਨ ਭਾਵੈ ॥
ਕਿਸੈ ਖੁਜਾਈ ਮਿਲਾ ਸੁਨ, ਕੋਈ ਗੋਰੀ ਮੜੀ ਪੁਜਾਵੈ,
ਤੰਤ੍ਰ ਮੰਤ ਪਾਖੰਡ ਕਰ, ਕਲਹ ਕ੍ਰੋਧ ਬਹੁ ਵਾਦ ਵਧਾਵੈ ॥
ਆਪੋ ਧਾਪੀ ਹੋਇ ਕੈ, ਨਯਾਰੇ ਨਯਾਰੇ ਘਰਮ ਚਲਾਵੈ ॥
ਕੋਈ ਪੂਜੇ ਚੰਦਰ ਸੂਰ, ਕੋਈ ਧਰਤ ਆਕਾਸ਼ ਮਨਾਵੈ।
ਪਉਣ ਪਾਣੀ ਬੈਸੰਤਰੋ, ਧਰਮ ਰਾਜ ਕੋਈ ਤ੍ਰਿਪਤਵੈ ॥
ਫੋਕਟ ਧਰਮੀ ਭਰਮ ਭੁਲਾਵੈ ॥

ਭਾਈ ਗੁਰਦਾਸ ਸਾਹਿਬ ਜੀ।

## 1.6.2 ਪਾਠ ਦੀ ਭੂਮਿਕਾ :

ਸੰਸਾਰ ਦੇ ਅਨੇਕਾਂ ਧਰਮਾਂ ਦੇ ਇਤਿਹਾਸ ਨੂੰ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਸਪਸ਼ਟ ਹੁੰਦੀ ਹੈ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੱਕ ਸਮੂਹ ਮਾਨਵ ਜਾਤੀ ਅਨੇਕਾਂ ਹੀ ਮਨੋ ਕਲਪਿਤ ਧਰਮਾਂ ਦੀ ਪੂਜਾ ਅਤੇ ਪ੍ਰਤਿਸ਼ਠਾ ਵਿੱਚ ਲਗੀ ਹੋਈ ਸੀ, ਅਨੇਕਾਂ ਕਿਸਮਾਂ ਦੇ ਧਾਰਮਿਕ ਨਿਸ਼ਾਨੇ ਨੀਯਤ ਹੋ ਚੁੱਕੇ ਸਨ ਅਤੇ ਉਹਨਾਂ ਹੀ ਨਿਸ਼ਾਨਿਆਂ ਦੀ ਪੂਰਤੀ ਲਈ ਸਭ ਪਾਸੇ ਅਗਿਆਨਤਾ ਸੀ। ਕਿਸੇ ਦੂਜੇ ਧਰਮ ਨਾਲ ਜੁਲਮ, ਧੱਕਾ ਅਤੇ ਧਰੋਹ ਕਰਨਾ ਆਮ ਜਿਹੀ ਗੱਲ ਸਮਝੀ ਜਾਂਦੀ ਸੀ, ਜਿਸ ਕਾਰਨ – 'ਕਹੁ ਨਾਨਕ ਬਿਨ ਆਪਾ ਚੀਨੈ – ਮਿਟੈ ਨ ਭਰਮ ਕੀ ਕਾਈ' ਵਾਲੀ ਸਥਿਤੀ ਬਣੀ ਹੋਈ ਸੀ। ਧਰਮ ਤਾਂ ਸੱਚ ਦਾ ਮਾਰਗ ਸੀ ਇਹ ਤਾਂ ਦਇਆ, ਪਿਆਰ, ਸੰਤੋਖ,

ਸਹਿਨਸ਼ੀਲਤਾ ਅਤੇ ਨਿਰਵੈਰਤਾ ਦਾ ਪ੍ਰਤੀਕ ਸੀ ਪਰੰਤੂ ਅਖੌਤੀ ਧਰਮਾਂ ਦੇ ਠੇਕੇਦਾਰਾਂ ਨੇ ਧਰਮ ਦੇ ਨਾਂ ਨੂੰ ਦਾਗਦਾਰ ਬਣਾ ਦਿਤਾ ਸੀ।

### 1.6.3 ਸਮਾਜਿਕ ਸਥਿਤੀ

ਇਸਲਾਮ, ਈਸਾਈਅਤ, ਹਿੰਦੂਮਤ ਤਕਰੀਬਨ ਹਰੇਕ ਧਰਮ ਦੇ ਇਤਿਹਾਸ ਵਿੱਚ ਅਜਿਹੀਆਂ ਘਟਨਾਵਾਂ ਉਭਰੀਆਂ ਹਨ, ਜਿਸ ਅਨੁਸਾਰ ਯਹੂਦੀਆਂ ਵਲੋਂ ਈਸਾਈਆਂ ਉਪਰ ਜੁਲਮ, ਈਸਾਈਆਂ ਵਲੋਂ ਯਹੂਦੀਆਂ ਉਤੇ ਅਤਿਆਚਾਰ, ਈਸਾਈਆਂ ਦੀਆਂ ਮੁਸਲਮਾਨਾਂ ਨਾਲ ਲੜਾਈਆਂ, ਹਿੰਦੂਮਤ ਵਲੋਂ ਬੋਧੀਆਂ ਉਪਰ ਕੀਤੇ ਗਏ ਅਤਿਆਚਾਰ, ਮੁਸਲਮਾਨਾਂ ਦੀਆਂ ਆਪਸੀ ਵਲੋਂ ਲੜਾਈਆਂ, ਹਿੰਦੂਮਤ ਵਲੋਂ ਬੋਧੀਆਂ ਉਪਰ ਕੀਤੇ ਗਏ ਅਤਿਆਚਾਰ, ਮੁਸਲਮਾਨਾਂ ਵਲੋਂ ਹਿੰਦੂਆਂ ਉਪਰ ਕੀਤੀ ਗਈ ਤਸ਼ੱਦਦ ਸਭ ਇਸ ਗਲ ਦਾ ਇਤਿਹਾਸਕ ਸਬੂਤ ਹਨ ਕਿ ਦੁਨੀਆਂ ਦਾ ਧਾਰਮਿਕ ਇਤਿਹਾਸ ਕੀ ਰਿਹਾ ਹੈ। ਯਹੂਦੀ ਕਹਿੰਦੇ ਸਨ ਕਿ ਇਸਰਾਈਲੀ ਹੀ ਰੱਬ ਦੇ ਚੋਣਵੇਂ ਪੁਤਰ ਹਨ ਅਤੇ ਯਾਕੂਬ ਦੀ ਸੰਤਾਨ ਨਾਲ ਹੀ ਸਭ ਬਖਸ਼ਿਸ਼ਾਂ ਦਾ ਇਕਰਾਰ ਹੈ। ਈਸਾਈਅਤ ਦਾ ਦਾਅਵਾ ਸੀ ਕਿ ਪਰਮੇਸ਼ਰ ਦੀਆ ਬਰਕਤਾਂ ਦਾ ਮੋਤੀ ਪ੍ਰਾਪਤ ਕਰਨ ਦਾ ਹੱਕ ਕੇਵਲ ਈਸੂ ਦੇ ਅਨੁਯਾਈਆਂ ਨੂੰ ਹੈ। ਇਸਲਾਮ ਦੇ ਅਨੁਯਾਈਆਂ ਨੂੰ ਕਲਮਾਂ ਨਾ ਪੜਨ ਵਾਲੇ ਸਭ 'ਕਾਫਿਰ' ਨਜ਼ਰ ਆਉਂਦੇ ਸਨ ਅਤੇ ਹਿੰਦੂਆਂ ਦੇ ਕੰਨ ਖੁਦਾ ਜਾਂ ਅੱਲਾ ਸੁਣਨ ਨਾਲ ਅਪਵਿੱਤਰ ਹੋ ਜਾਂਦੇ। ਹਿੰਦੂ ਸਮਾਜ ਤਾਂ ਆਪਸ ਵਿਚ ਹੀ ਚਾਰ ਵਰਨਾਂ ਵਿਚ ਵੰਡਿਆ ਹੋਇਆ ਸੀ ਅਤੇ ਬ੍ਰਾਹਮਣ ਸਭ ਤੋਂ ਉਪਰਲੇ ਹਿੱਸੇ ਚੋਂ ਪੈਦਾ ਹੋਈ ਸਰਵਉੱਚ ਸੰਤਾਨ ਸੀ।

ਭਈ ਗਿਲਾਨ ਜਗਤ ਵਿਚ ਚਾਰ ਵਰਨ ਅਸ੍ਰਮਉਪਾਏ ॥
ਦਸ ਨਾਲ ਸੰਨਿਆਸੀਆ, ਜੋਗੀ ਬਾਰਹ ਪੰਥ ਚਲਾਏ।
ਜੰਗਮ ਅਤੇ ਸਰੇ ਵੜ ਦਗੇ, ਦਗੇ ਦਗੰਬਰ ਵਾਦ ਕਰਾਏ।
ਬ੍ਰਹਮਨ ਬਹੁ ਪਰਕਾਰ ਕਰ, ਸਾਸਤ੍ਰ ਵੇਦ ਪੁਰਾਣ ਲੜਾਏ।
ਖਟੁ ਦਰਸ਼ਨ ਕਲਯੁਗ ਅੰਦਰਿ ਭਰਮ ਭੁਲਾਇ ॥

ਭਾਈ ਗੁਰਦਾਸ ਜੀ।

ਇਸੇ ਤਰਾਂ –

ਬਹੁ ਵਾਟੀ ਜੱਗ ਚਲੀਆਂ, ਜਬ ਹੀ ਭਏ ਮੁਹੰਮਦ ਯਾਰਾ।
ਕੌਮ ਬਹੱਤ੍ਰ ਸੰਗ ਕਰ, ਬਹੁ ਬਿਧ ਬੈਰ ਬਿਰੋਧ ਪਸਾਰਾ।
ਰੋਜੇ ਈਦ ਪਾਪੇ ਦਾ ਵਰਤਿਆ ਵਰਤਾਰਾ।

ਭਾਈ ਗੁਰਦਾਸ ਜੀ।

### 1.6.4 ਸਿੱਖ ਧਾਰਮਿਕ ਫਲਸਫਾ

ਸੋ ਉਪਰੋਕਤ ਹਾਲਾਤ ਵਿੱਚ ਜਦੋਂ ਧਾਰਮਿਕ, ਸਮਾਜਿਕ, ਆਰਥਕ ਅਤੇ ਰਾਜਨੀਤਿਕ ਤੌਰ ਤੇ ਇਨਸਾਨ ਪਤਿਤ ਹੋ ਰਿਹਾ ਸੀ ਅਤੇ ਜਿਸ ਦਾ ਪ੍ਰਮੁੱਖ ਕਾਰਨ ਆਪਸੀ ਭੇਦ ਭਾਵ, ਵੰਡੀਆਂ, ਉਚ ਨੀਚ ਅਤੇ ਨਫਰਤ ਸੀ, ਗੁਰੂ ਨਾਨਕ ਦਾ ਇਹ ਨਾਅਰਾ – 'ਸਭ ਮਹਿ ਜੋਤਿ ਜੋਤਿ ਹੈ ਸੋਇ, ਤਿਸ ਦੇ ਚਾਨਣ ਸਭ ਮਹਿ ਚਾਨਣ ਹੋਇ' ਅਤੇ 'ਏਕ ਨੂਰ ਤੇ ਸਭ ਜਗੁ ਉਪਜਿਆ'' ਕਿਵੇਂ ਕਾਰਗਰ ਹੋਇਆ ਅਤੇ ਵੱਖ ਵੱਖ ਕਿਸਮ ਦੇ ਮਨੋ ਕਲਪਿਤ ਧਰਮਾਂ ਦੀਆਂ ਨਫਰਤ, ਸਵਾਰਥ ਸਿੱਧੀਆਂ ਕਿਵੇਂ ਨਾਸ਼ ਹੋਈਆਂ ਇਸਦਾ ਵੀ ਇਤਿਹਾਸ ਗਵਾਹ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਵਰਸ਼ ਦੇ ਕੁਝ ਕੁ ਪੁਰਾਤਨ ਰਿਸ਼ੀਆਂ ਮੁਨੀਆਂ ਨੇ ਉਪਨਿਸ਼ਦ ਆਦਿਕ ਧਰਮ ਗਰੰਥਾਂ ਵਿਚ ਪਰਮਾਤਮਾਂ ਦੇ ਇਕ ਹੋਣ ਦਾ ਇਸ਼ਾਰਾ ਕੀਤਾ ਹੈ ਜੈਸੇ ਕਿ: 'ਸਰਬ ਭੂਤੇਸ਼ੂ ਏਕ ਦੇਵਾਂ' ਪਰੰਤੂ ਇਹ ਇਸ਼ਾਰਾ ਕੇਵਲ ਫਿਲਾਸਫੀ ਦੇ ਰੂਪ ਵਿਚ ਹੀ ਸੀ। ਵਿਹਾਰਕ ਰੂਪ ਵਿਚ ਇਸ ਦਾ ਕੋਈ ਅਸਰ ਨਹੀਂ ਸੀ ਪ੍ਰਤੀਤ ਹੁੰਦਾ। ਇਕ ਪਰਮਾਤਮਾ ਦਾ ਖਿਆਲ ਈਸਾ ਨੇ ਵੀ ਦਿਤਾ ਤੇ ਕਿਹਾ ਕਿ 'ਪਰਮਾਤਮਾ ਮੇਰਾ ਪਿਤਾ ਹੈ ਅਤੇ ਮੈਂ ਉਸਦਾ ਪਾਪ ਰਹਿਤ ਪੁੱਤਰ ਹਾਂ' ਅਤੇ ਇਸ ਤੋਂ ਈਸਾ ਨੂੰ ਮੰਨਣ ਵਾਲਿਆਂ ਦਾ ਇਹ ਖਿਆਲ ਬਣ ਗਿਆ ਕਿ ਕੇਵਲ ਈਸਾ ਦੀ ਜਾਤ ਹੀ ਪਾਪ ਤੋਂ ਰਹਿਤ ਹੈ ਅਤੇ ਜਦੋਂ ਇਸ ਦਾ ਪ੍ਰਚਾਰ ਹੋਇਆ ਤਾਂ ਈਸਾਈਮਤ ਨੂੰ ਮੰਨਣ ਵਾਲਿਆਂ ਤੋਂ ਬਿਨਾਂ

ਹਰ ਕਿਸੇ ਨੂੰ ਗੁਲਾਮ ਬਣਾਉਣ ਦੀਆਂ ਕੋਸ਼ਿਸ਼ਾਂ ਹੋਣ ਲਗੀਆਂ। ਇਸਲਾਮ ਦਾ ਵੀ ਇਹੀ ਨਿਸ਼ਚਾ ਸੀ ਕਿ ਰੱਬ ਤਾਂ ਜਰੂਰ ਇਕ ਹੈ ਪਰੰਤੂ ਜਿਹੜਾ ਇਨਸਾਨ ਹਜ਼ਰਤ ਮੁਹੰਮਤ ਸਾਹਿਬ ਉਪਰ ਈਮਾਨ ਨਹੀਂ ਰੱਖੇਗਾ ਉਸਨੂੰ ਦੋਜ਼ਖ ਦੀ ਅੱਗ ਵਿਚ ਸੜਨਾ ਪਵੇਗਾ। ਇਸ ਸਭ ਦਾ ਨਤੀਜਾ ਇਹ ਹੋਇਆ ਕਿ ਇਨਸਾਨ ਦਾ ਧਾਰਮਿਕ ਨਿਸ਼ਾਨਾ ਇਕ ਹੁੰਦੇ ਹੋਏ ਵੀ ਆਪਸੀ ਨਫਰਤ ਦੇ ਕਾਰਨ ਕਈ ਤਰ੍ਹਾਂ ਦੇ ਜ਼ੁਲਮ ਹੁੰਦੇ ਰਹੇ। ਅਤੇ ਐਸੇ ਸਮੇਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਇਨਸਾਨੀਅਤ ਨੂੰ ਇਹਨਾਂ ਸਭ ਵਿਰੋਧਾਂ ਤੋਂ ਉਪਰ ਉਠਣ ਦਾ ਸਰਬ ਸਾਂਝੀ ਵਾਲਤਾ ਦਾ ਨਵਾਂ ਖਿਆਲ ਦਿਤਾ। ਗੁਰੂ ਸਾਹਿਬ ਨੇ ਸਪਸ਼ਟ ਰੂਪ ਵਿੱਚ ਸੰਦੇਸ਼ ਦਿਤਾ ਕਿ ਇਨਸਾਨ ਦੀ ਮੁਕਤੀ, ਜੋ ਕਿ ਹਰ ਧਰਮ ਦਾ ਅੰਤਿਮ ਨਿਸ਼ਾਨਾ ਹੈ ਕਿਸੇ ਅਖੌਤੀ ਧਰਮ ਦੀ ਸਿਫਾਰਿਸ਼ ਕਰਕੇ ਨਹੀਂ ਹੋ ਸਕਦੀ ਬਲਕਿ ਇਨਸਾਨ ਦੇ ਆਪਣੇ ਆਚਾਰ ਦੇ ਆਧਾਰ ਉਪਰ ਹੋਣੀ ਹੈ। ਮਤਲਬ ਇਹ ਕਿ ਭਾਵੇਂ ਕੋਈ ਮੁਸਲਮਾਨ ਹੋਵੇ, ਈਸਾਈ ਹੋਵੇ, ਯਹੂਦੀ ਜਾਂ ਭਾਵੇਂ ਗੁਰਸਿਖ ਹੋਵੇ ਜੇ ਉਸਦਾ ਵਰਤਾਉ ਸਾਂਝੀ ਵਾਲਤਾ ਵਾਲਾ ਹੋਏਗਾ ਅਤੇ ਉਸਦੇ ਆਪਣੇ ਆਚਰਣ ਉੱਚਾ ਹੋਵੇ ਤਾਂ ਹੀ ਉਹ 'ਜੀਵਨ ਮੁਕਤ' ਦੇ ਲਕਸ਼ ਤੇ ਪਹੁੰਚ ਸਕਦਾ ਹੈ। ਭਾਈ ਗੁਰਦਾਸ ਅਨੁਸਾਰ :

ਪੁੱਛਨ ਗਲ ਈਮਾਨ ਦੀ ਕਾਜੀ ਮੁੱਲਾਂ ਇਕੱਠੇ ਹੋਈ।... ਸ਼ੁਭ ਅਮਲਾ ਬਾਝੋਂ ਦੋਵੇ ਰੋਈ।

ਅਤੇ

ਮਤੁ ਕੋ ਜਾਣੈ ਜਾਇ ਅਗੈ ਪਾਇਸੀ
ਜੇਹੇ ਕਰਮ ਕਮਾਇ ਤੇਹਾ ਹੋਇਸੀ ॥

ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਜੋ ਸ਼ੁਭ ਕਰਮ ਅਤੇ ਸ਼ੁਭ ਅਮਲ ਹਨ, ਇਹ ਪ੍ਰਮਾਤਮਾ ਦੀ ਪ੍ਰਾਪਤੀ ਵਾਸਤੇ ਇਕਮਾਤਰ ਵਸੀਲਾ ਹਨ ਜਿਸ ਇਨਸਾਨ ਅੰਦਰ ਇਹਨਾਂ ਗੁਣਾਂ ਦੀ ਘਾਟ ਹੈ ਉਹ ਚਾਹੇ ਕਿਸੇ ਵੀ ਧਾਰਮਿਕ ਰਾਹ ਦਾ ਪਾਂਧੀ ਹੋਵੇ ਆਪਣੀ ਮੰਜਿਲ ਨਹੀਂ ਪਾ ਸਕਦਾ। ਪਰਮਾਤਮਾ ਇਕ ਜੋਤ ਸਰੂਪ ਹੈ ਜਿਸਦਾ ਚਾਨਣ ਇਸ ਧਰਤੀ ਦੇ ਹਰੇਕ ਜੀਵ ਵਿੱਚ ਮੌਜੂਦ ਹੈ ਇਸ ਲਈ ਇਨਸਾਨ ਦੀਆਂ ਬਣਾਈਆਂ ਹੋਈਆ ਵੰਡਾਂ ਉਸ ਪਰਮਾਤਮਾ ਤੱਕ ਪਹੁੰਚਣ ਦੇ ਰਸਤੇ ਵਿਚ ਅਟਕਲਾਂ ਹਨ। ਜੋ ਮਨੁਖ ਪਰਮਾਤਮਾ ਦੇ ਪੈਦਾ ਕੀਤੇ ਮਨੁੱਖਾਂ ਨੂੰ ਕਿਸੇ ਵੀ ਆਧਾਰ ਉਪਰ ਈਰਖਾ ਵੈਰ, ਵਿਰੋਧ ਨਫਰਤ ਕਰਦਾ ਹੈ ਭਾਵੇਂ ਉਹ ਕਿਤਨੀਆਂ ਸਮਾਧੀਆਂ ਲਗਾਵੇ, ਤੀਰਥਾਂ ਤੇ ਜਾਵੇ, ਤਪ ਕਰੇ, ਮੰਦਰਾਂ, ਮਜਜਿਦਾਂ, ਗਿਰਜਿਆਂ, ਗੁਰਦੁਆਰਿਆਂ ਦੀ ਦਹਿਲੀਜਾਂ ਤੇ ਨੱਕ ਰਗੜੇ ਉਹ ਪਰਮਾਤਮਾ ਦਾ ਨਦਰ ਦਾ ਪਾਤਰ ਨਹੀਂ ਬਣ ਸਕਦਾ। ਚੰਗੀ ਕਰਣੀ ਅਤੇ ਸ਼ੁੱਭ ਅਮਲਾਂ ਬਿਨਾਂ ਕੇਵਲ ਪਵਿਤਰ ਇਰਾਦੇ ਮਨੁੱਖ ਨੂੰ ਕਿਸੇ ਮੰਜਿਲ ਤੱਕ ਨਹੀਂ ਪਹੁੰਚਾ ਸਕਦੇ।

ਸਮਾਜਿਕ ਅਤੇ ਧਾਰਮਿਕ ਵਿਤਕਰਾ ਗੁਰੂ ਨਾਨਕ ਦੇ ਫਲਸਫੇ ਵਿੱਚ ਸਭ ਤੋਂ ਵੱਡਾ ਪਾਖੰਡ ਮੰਨਿਆ ਗਿਆ ਹੈ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਨਾਨਕ ਦਾ ਧਰਮ ਬਿਨਾਂ ਕਿਸੇ ਜਾਤੀ ਅਤੇ ਪ੍ਰਾਂਤ ਭੇਦ ਤੋਂ ਸੱਚ ਦਾ ਅਵਾਜ਼ ਨੂੰ ਸੁਣਨ ਸਮਝਣ ਅਤੇ ਉਸ ਉਪਰ ਅਮਲ ਕਰਨ ਦੇ ਲਈ ਤਿਆਰ ਹੈ, ਵਿਅਕਤੀ ਸਮਾਜ ਦੀ ਮਹੱਤਵ ਪੂਰਣ ਇਕਾਈ ਹੈ ਅਤੇ ਹਰੇਕ ਮਨੁੱਖ ਵਿੱਚ ਬੌਧਿਕ ਅਤੇ ਅਧਿਆਤਮਕ ਵਿਕਾਸ ਕਰਨ ਦੀ ਸਮਰੱਥਾ ਹੈ ਚਾਹੇ ਉਹ ਕਿਸੇ ਵੀ ਧਰਮ, ਜਾਤ, ਵਰਗ, ਦੇਸ਼, ਪ੍ਰਾਂਤ ਅਤੇ ਧਰਮ ਦਾ ਹੋਵੇ ਗੁਰਬਾਣੀ ਵਿਚ ਇਸ ਨੂੰ ਗੁਰਮੁਖ, ਬ੍ਰਹਮਗਿਆਨੀ ਅਤੇ ਖਾਲਸਾ ਦੀ ਉਪਾਧੀ ਦਿਤੀ ਗਈ ਹੈ। ਬਾਣੀ ਵਿਚ ਇਹ ਝਲਕਾਰਾ ਸਪਸ਼ਟ ਹੈ ਕਿ ਹਰੇਕ ਵਿਅਕਤੀ ਵਿਚ ਮਨੁੱਖੀ ਪੱਧਰ ਤੋਂ ਦੇਵਤਿਆਂ ਦੇ ਪੱਧਰ ਵਲ ਉਠਣ ਦੀ ਸਮਰਥਾ ਮੌਜੂਦ ਹੈ। ਸੁਰਤ, ਮਤਿ, ਮਨ ਅਤੇ ਬੁਧੀ ਦੇ ਸੁਮੇਲ ਨਾਲ ਇਹ ਕਾਰਜ ਹਰੇਕ ਮਨੁਖ ਕਰ ਸਕਦਾ ਹੈ। ਇਸੇ ਫਲਸਫੇ ਦੇ ਮਜਬੂਤ ਆਧਾਰ ਉਪਰ ਸਿਖ ਧਰਮ ਨੇ ਹੰਕਾਰ ਤੋਂ ਵਿਹੂਣੇ ਅਜਿਹੇ ਇਨਸਾਨ ਦੀ ਸਿਰਜਣਾ ਕੀਤੀ ਜਿਸ ਵਿੱਚ ਭਾਵਨਾਵਾਂ, ਇੱਛਾਵਾਂ ਅਤੇ ਵਿਚਾਰਾਂ ਦਾ ਅਦੁੱਤੀ ਸੁਮੇਲ ਸੀ ਅਤੇ ਅਜਿਹੇ ਮਨੁੱਖਾਂ ਦੇ ਸਮੂਹ ਨੇ ਅਜਿਹੇ ਸਮਾਜ ਦੀ ਨੀਂਹ ਰੱਖੀ ਜਿਸ ਵਿੱਚ ਅੰਧ ਵਿਸ਼ਵਾਸ਼, ਮਾਨਸਿਕ ਪਛੜੇਵੇਂ ਅਤੇ ਗਰੀਬ ਜਾਂ ਕਿਸੇ ਵੀ ਪੱਧਰ ਤੋਂ ਨੀਵੇਂ ਦੇ ਸ਼ੋਸ਼ਣ ਲਈ ਕੋਈ ਥਾਂ ਨਹੀ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਹਿੰਦੂ, ਸਿਖ, ਮੁਸਲਮਾਨ ਜਾਂ ਫਿਰ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਕਰਕੇ ਨਹੀ ਦੇਖਿਆ ਗਿਆ ਬਲਕਿ ਜੀਵ ਨੂੰ ਵਿਗਿਆਨਕ ਸਮੁੱਚ ਦੇ ਰੂਪ ਵਿਚ ਪਰਮ ਸੱਚ ਦੇ ਅੰਸ਼ ਦੇ ਰੂਪ ਵਿਚ

ਸਵੀਕਾਰਿਆ ਗਿਆ। ਗੁਰੂ ਅੰਗਦ ਦੇਵ ਜੀ ਅਨੁਸਾਰ ਬੇਸ਼ਕ ਜੋਗੀਆਂ ਬ੍ਰਾਹਮਣਾਂ, ਖੱਤਰੀਆਂ ਅਤੇ ਸ਼ੂਦਰਾਂ ਦਾ ਜੀਵਨ ਮਾਰਗ, ਸਮਾਜ ਦੇ ਉੱਚ ਵਰਗ ਦੇ ਆਪਣੇ ਲਾਲਚ ਕਾਰਨ ਅਲਗ ਕੀਤਾ ਗਿਆ ਹੈ ਜਿਸ ਵਿਚ ਲੜੀਵਾਰ ਉਚੇ ਵਰਗ ਨੇ ਗਿਆਨ ਪ੍ਰਾਪਤ ਕਰਨਾ, ਜੰਗ ਯੁੱਧ ਕਰਨਾ, ਕਾਰ ਵਿਹਾਰ ਚਲਾਉਣਾ ਅਤੇ ਚੌਥੇ ਵਰਗ ਨੇ ਪਰਾਈ ਕਿਰਤ ਕਰਕੇ ਗੁਲਾਮੀ ਕਰਨਾ ਸਵੀਕਾਰਿਆ ਹੈ ਪਰੰਤੂ ਜੋ ਇਹਨਾਂ ਵੰਡਾਂ ਨੂੰ ਨਾ ਮੰਨ ਕੇ ਮਨੁੱਖ ਦੇ ਅੰਦਰ ਜਗਦੀ ਪਰਮਾਤਮਾ ਦੀ ਜੋਤ ਰਹੱਸ ਨੂੰ ਸਮਝਦਾ ਅਤੇ ਉਸ ਨੂੰ ਮਾਨਤਾ ਦਿੰਦਾ ਹੈ, ਮੈਂ ਉਸ ਦਾ ਦਾਸ ਬਣਨਾ ਸਵੀਕਾਰ ਕਰਦਾ ਹਾਂ।

ਜੋਗ ਸਬਦ ਦੇ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ................................ ਨਾਨਕ ਤਾ ਕਾ ਦਾਸ ਹੈ ਸੋਈ ਨਿਰੰਜਨ ਦੇਉ ॥

ਭਾਰਤੀ ਪਰੰਪਰਾ ਵਿਚ ਗੁਰੂ ਨਾਨਕ ਤੋਂ ਪਹਿਲਾਂ ਵੀ ਕਈ ਭਗਤਾਂ ਅਤੇ ਕ੍ਰਾਂਤੀਕਾਰੀ ਸੰਤਾਂ ਜਿਵੇਂ ਕਿ ਭਗਤ, ਕਬੀਰ ਅਤੇ ਭਗਤ ਨਾਮਦੇਵ, ਭਗਤ ਰਵੀਦਾਸ ਆਦਿ ਨੇ ਅਜਿਹੀ ਕੋਝੀ ਵਿਹਾਰਕਤਾ ਸੰਬੰਧੀ ਰੋਸ ਪ੍ਰਗਟ ਕੀਤਾ ਜਿਵੇ ਕਿ:

ਕਬੀਰ ਮੇਰੀ ਜਾਤਿ ਕਉ ਸਭ ਕੋ ਹਸਨੈ ਹਾਰ ॥ ਜਾਂ
ਤੁਮ ਕਤ ਬ੍ਰਹਮਣ ਹਮ ਕਤ ਸੂਦ
ਹਮ ਕਤ ਲੋਹੂ ਤੁਮ ਕਤ ਦੂਧ ॥

ਪਰੰਤੂ ਇਹਨਾਂ ਸਭ ਦਾ ਕੋਈ ਖਾਸ ਅਸਰ ਇਹਨਾਂ ਅਖੌਤੀ ਉੱਚ ਵਰਗਾਂ ਦੇ ਸਮਾਜ ਉਪਰ ਨਹੀਂ ਹੋਇਆ ਇਸੇ ਵਿਤਕਰੇ ਨੂੰ ਤੋੜਨ ਦੀ ਗੁਰੂ ਨਾਨਕ ਸਾਹਿਬ ਦੀ ਆਵਾਜ਼ ਬਾਹਰੋਂ ਨਹੀਂ ਬਲਕਿ ਉਚ ਵਰਗ ਦੇ ਸਮਾਜ (ਖੱਤਰੀ ਸਮਾਜ) ਵਿਚੋ ਉਠੀ ਇਕ ਦਬੰਗ ਆਵਾਜ਼ ਸੀ। ਉਹਨਾਂ ਨੇ ਵਿਹਾਰਕ ਤੌਰ ਤੇ ਵੀ ਆਪਸੀ ਸਹਿਹੋਂਦ ਨੂੰ ਪੱਕਿਆਂ ਕਰਨ ਲਈ ਆਪਣੇ ਜੀਵਨ ਦੇ ਆਰੰਭ ਵਿਚ ਹੀ ਮਰਦਾਨਾ ਆਪਣਾ ਸਾਥੀ ਚੁਣਿਆਂ ਜੋ ਕਿ ਜਾਤ ਦਾ ਮਿਰਾਸੀ ਹੀ ਨਹੀਂ ਸਗੋਂ ਮੁਸਲਮਾਨ ਵੀ ਸੀ। ਉਹਨਾਂ ਦਾ ਪੱਕਾ ਵਿਸ਼ਵਾਸ ਸੀ ਕਿ

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥

ਇਸੇ ਤਰ੍ਹਾ ਗੁਰੂ ਅਮਰ ਦਾਸ ਜੀ ਦਾ ਫ਼ਰਮਾਨ ਹੈ।

ਨਾਮਾ ਛੀਬਾ ਕਬੀਰ ਜੋ ਲਾਹਾ ਪੂਰੇ ਗੁਰ ਤੇ ਗਤਿ ਪਾਈ
ਬ੍ਰਹਮ ਕੇ ਬੇਤੇ ਸਬਦ ਪਛਾਣਇ ਹਉਮੈ ਜਾਤਿ ਗਵਾਈ ॥

ਗੁਰਮਤਿ ਅਨੁਸਾਰ ਮਨੁੱਖ ਕੇਵਲ ਦੋ ਕਿਸਮ ਦੇ ਹੋ ਸਕਦੇ ਹਨ ਗੁਰਮੁਖ ਜਾਂ ਮਨਮੁਖ।

ਭਗਤਿ ਰਤੇ ਸੇ ਊਤਮਾ ਜਤਿ ਜਤਿ ਸਬਤੇ ਹੋਇ
ਬਿਨ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥

ਸਿਖ ਸਮਾਜ ਦੀਆਂ ਸੰਸਥਾਵਾਂ ਲੰਗਰ, ਸੰਗਤ, ਸੇਵਾ ਆਦਿ ਅਜਿਹੀਆਂ ਸੰਸਥਾਵਾਂ ਹਨ ਜੋ ਸਮਾਜਿਕ ਜੀਵਨ ਦੇ ਅਧਿਆਤਮਕ ਅਤੇ ਵਿਹਾਰਕ ਸੰਦਰਭ ਦੋਹਾਂ ਦੀਆਂ ਵੰਡੀਆ ਨੂੰ ਖਤਮ ਕਰਦੀਆਂ ਹਨ। ਸਿਖ ਫਲਸਫਾ ਅਜਿਹੀ ਅਧਿਆਤਕਿਮਤਾ ਨੂੰ ਕਿਤੇ ਸਵੀਕਾਰ ਨਹੀ ਕਰਦਾ ਜੋ ਆਪਣੇ ਨਾਲ ਵਸਦੇ ਮਨੁੱਖਾਂ ਪ੍ਰਤੀ ਹਰੇਕ ਪੱਧਰ ਤੇ ਸਤਿਕਾਰ ਅਤੇ ਹਮਦਰਦੀ ਪੈਦਾ ਨਾ ਕਰ ਸਕੇ। ਸਮਾਜ ਦਾ ਉਹ ਸਰੂਪ ਜਿਸ ਵਿੱਚ ਮਾਨਵੀ ਰਿਸ਼ਤੇ ਨਾ ਹੋਣ ਉਸ ਦੀ ਕੋਈ ਜਗ੍ਹਾ ਨਹੀਂ ਹੈ। ਦਸਮ ਗੁਰੂ ਦੇ ਖਾਲਸਾ ਦੀ ਸਿਰਜਣਾ ਵਾਲੇ ਮਾਡਲ ਨੇ ਸੋਸ਼ਿਤ ਮਾਨਵ ਚੇਤਨਾ ਵਿਚ ਸ੍ਵੈ ਮਾਣ ਅਤੇ ਸ੍ਵੈ ਭਰੋਸੇ ਦੀ ਅਜਿਹੀ ਨਵੀਂ ਚੇਤਨਾ ਪੈਦਾ ਕੀਤੀ ਜਿਸ ਦੇ ਫਲਸਰੂਪ ਹਰੇਕ ਵਿਤਕਰੇ ਤੋਂ ਉਪਰ ਇਕ ਅਰੋਗ ਮਾਨਵ ਸਮਾਜ ਹੋਂਦ ਵਿਚ ਆਇਆ ਜਿਸ ਵਿਚ ਉਚ ਵਰਗ ਦੇ ਨਾਲ-ਨਾਲ ਅਖੌਤੀ ਨੀਵੇਂ ਵਰਗ ਦੇ ਦਬਾਏ, ਸਤਾਏ, ਮੁਰਝਾਏ ਸਮਾਜ ਨੂੰ ਸਤਿਕਾਰ, ਪਿਆਰ ਅਤੇ ਮਾਣ ਅਮਲੀ ਰੂਪ ਵਿਚ ਮਿਲਣ ਲੱਗਾ।

ਸਾਰੇ ਖਾਲਸਾ ਸਮਾਜ ਨੂੰ ਸ਼ਸ਼ਤਰਧਾਰੀ ਬਣਾਇਆ ਗਿਆ ਜਿਸ ਨਾਲ ਖੱਤਰੀਆਂ ਦੀ ਸਰਦਾਰੀ ਢਿਲੀ ਪੈ ਗਈ, ਖਾਲਸੇ ਨੂੰ ਵਿਹਲੜ ਅਤੇ ਨਿਖੱਟੂ ਪੁਣੇ ਤੋਂ ਉਪਰ ਉਠ ਕੇ ਸੁਚੀ ਕਿਰਤ (ਦਸਾਂ ਨਹੁ ਦੀ ਕਿਰਤ) ਵਾਲੇ ਪਾਸੇ ਲਗਾਇਆ ਜਿਸ ਨਾਲ ਹਰੇਕ ਖਾਲਸਾ ਵੈਸ਼ ਵੀ ਹੋ ਗਿਆ। ਧਰਮ ਕਰਮ ਕਰਦਿਆਂ ਦੁਸ਼ਟਾਂ ਦੇ ਸੰਘਾਰ ਲਈ ਹੱਥ

ਵਿਚ ਖੰਡਾ ਖੜਕਾਉਂਦਾ ਖਾਲਸਾ ਜਦੋਂ ਗਰੀਬ ਅਤੇ ਲੋੜਵੰਦ ਹੀ ਮਦਦ ਲਈ ਅੱਗੇ ਆਇਆ ਤਾਂ ਉਸ ਵਿਚੋਂ ਸ਼ੂਦਰ ਹੋਣ ਦੀ ਭਾਵਨਾ ਕਿਤੇ ਉਡ ਗਈ ਕਿਸੇ ਵੀ ਜਾਤ ਪਾਤ, ਸ਼੍ਰੇਣੀ, ਨਸਲ ਦਾ ਮਨੁੱਖ ਖਾਲਸਾ ਰੂਪ ਧਾਰਨ ਕਰਕੇ ਬਿਨਾ ਭੇਦ ਭਾਵ ਦੇ ਸਭ ਕਾਰਜ ਕਰਨ ਦੇ ਯੋਗ ਬਣ ਗਿਆ। ਸੋ ਇਸ ਤਰ੍ਹਾਂ ਮਨੁੱਖ ਦੀ ਸੋਚਣ ਸ਼ਕਤੀ ਦਾ ਜੈਨੇਟਿਕਸ ਪੱਧਰ ਤੇ ਸੁਧਾਰ ਕੀਤਾ ਗਿਆ ਅਤੇ ਇਹੀ ਸੋਚ ਆਧਾਰ ਬਣੀ ਇਕ ਅਰੋਗ ਸਮਾਜ ਦੀ ਜਿਸ ਵਿਚ ਹਰ ਤਰਾਂ ਦੀ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਊਚ ਨੀਚ ਖਤਮ ਕਰਕੇ ਸਰਬ ਸਾਂਝੀ ਵਾਲਤਾ ਵਾਲੇ ਸਹਿਯੋਗੀ ਸਮਾਜ ਦੀ ਸਿਰਜਣਾ ਕੀਤੀ ਗਈ।

ਸਮਜਿਕ ਬਰਾਬਰੀ ਦੇ ਇਸ ਮਾਡਲ ਦਾ ਵਾਰਿਸ ਸਿਖ ਸਮਾਜ ਜੋ ਦੁਨੀਆਂ ਨੂੰ ਸੇਧ ਦੇਣ ਦੀ ਸਮਰਥਾ ਰੱਖਣ ਵਾਲੇ ਆਪਣੇ ਫਲਸਫੇ ਨੂੰ ਸੰਭਾਲੀ ਬੈਠਾ ਹੈ, ਅੱਜ ਜਰੂਰਤ ਹੈ ਉਸ ਸਿਖ ਸਮਾਜ ਨੂੰ ਕਿ ਉਹ ਇਹ ਆਦਰਸ਼ ਮਾਡਲ ਨੂੰ ਵਿਹਾਰ ਰੂਪ ਵਿੱਚ ਦੁਨੀਆਂ ਨੂੰ ਸੰਜੋ ਕੇ ਦਿਖਾਵੇ ਜਿਵੇਂ ਕਿ ਉਹ ਆਪਣੇ ਗੁਰੂ ਸਾਹਿਬਾਨ ਦੇ ਵਕਤ ਤੇ ਹੰਢਾ ਚੁਕਾ ਹੈ ਤਾਂ ਕਿ ਸਾਰੀ ਦੁਨੀਆਂ ਨੂੰ ਆਪਣੀ ਗਲਵਕੜੀ ਵਿਚ ਲੈਣ ਯੋਗ ਖਾਲਸਾ ਦੁਨੀਆਂ ਦਾ ਚਾਨਣ ਮੁਨਾਰਾ ਬਣ ਸਕੇ।

ਸਮਾਜਿਕ, ਧਾਰਮਿਕ ਅਤੇ ਅਧਿਆਤਮਕ ਸਹਿਹੋਂਦ ਦਾ ਜੀਉਂਦਾ ਜਾਗਦਾ ਸ੍ਰੋਤ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਸਿਖੀ ਕੋਲ ਮੌਜੂਦ ਹੈ। ਅੱਜ ਜਿਥੇ ਸਾਰੀ ਮਨੁਖਤਾ ਨੂੰ ਇਕ ਇਕਾਈ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ, ਵਿਸ਼ਵੀਕਰਨ ਹੋ ਰਿਹਾ ਹੈ, ਸੰਚਾਰ ਦੇ ਸਾਧਨਾਂ ਵਿਚ ਤੇਜੀ ਨਾਲ ਸੁਧਾਰ ਹੋ ਰਿਹਾ ਹੈ ਉਥੇ ਆਪਸੀ ਸਹਿਹੋਂਦ ਦੀ ਜਰੂਰਤ ਹੋਰ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ। ਸ਼ੋਸ਼ਲ ਮੀਡੀਆ ਆਦਿ ਸਾਧਨ ਇਤਨੇ ਪਰਪੱਕ ਅਤੇ ਤੇਜ ਹਨ ਕਿ ਦੁਨੀਆਂ ਵਿਚ ਕਿਤੇ ਹੋਈ ਕੋਈ ਵੀ ਅਮਾਨਵੀ, ਆਸਾਧਾਰਨ, ਘਟਨਾ ਮਿੰਟਾਂ ਸਕਿੰਟਾਂ ਵਿੱਚ ਦੁਨੀਆਂ ਦੇ ਹਰੇਕ ਇਨਸਾਨ ਕੋਲ ਪਹੁੰਚ ਜਾਂਦੀ ਹੈ, ਜੇਕਰ ਇਹਨਾਂ ਵਿਕਿਸਤ ਸਾਧਨਾਂ ਨੂੰ ਆਪਸੀ ਪਿਆਰ, ਭਾਈਚਾਰਾਂ ਅਤੇ ਸਾਂਝ ਬਣਾਉਣ ਲਈ ਵਰਤਿਆ ਜਾਵੇ ਤਾਂ ਦੁਨੀਆਂ ਸਚਮੁੱਚ ਹੀ ਇਕਜੁੱਟਤਾ, ਆਪਸੀ ਸਹਿਹੋਂਦ ਅਤੇ ਭਾਈਚਾਰਕ ਸਾਂਝ ਦਾ ਅਸਲੀ ਮਤਲਬ ਸਮਝ ਕੇ ਉਸ ਉਪਰ ਅਮਲ ਕਰ ਸਕਦੀ ਹੈ। ਜੇਕਰ ਅਧਿਆਤਮਕ ਤੌਰ ਤੇ ਸਾਰੀ ਮਨੁੱਖਤਾ ਨੂੰ ਏਕਤਾ ਦਾ ਪਾਠ ਪੜਾਉਣਾ ਹੋਵੇ ਤਾਂ ਉਹ ਸਿਧਾਂਤਕ ਰੂਪ ਵਿਚ ਹਰੇਕ ਧਰਮ ਕੋਲ ਮੌਜੂਦ ਹੈ, ਅੱਜ ਜਰੂਰਤ ਹੈ ਤਾਂ ਸਿਰਫ ਉਸਨੂੰ ਵਿਹਾਰਕ ਰੂਪ ਵਿਚ ਸਪਸ਼ਟ ਰੂਪ ਵਿਚ ਦੂਜੀਆਂ ਸਾਹਮਣੇ ਉਜਾਗਰ ਕਰਨ ਦੀ, ਤਾਂ ਕਿ ਇਹ ਸੰਸਾਰ ਇਨਸਾਨੀਅਤ ਨਾਲ ਭਰਪੂਰ ਸਵਰਗ ਬਣ ਸਕੇ।

### 1.6.5 ਸਮਾਜਿਕ ਭਲਾਈ

**'ਮਾਨਸ ਕੀ ਜਾਤ ਸਬੈ ਏਕੋ ਪਹਿਚਨਾਬੋ'**

ਗੁਰਮਤਿ ਅਨੁਸਾਰ ਸਭਨਾਂ ਵਿੱਚ ਇਕੋ ਰੱਬੀ ਨੂਰ ਹੈ। ਸਾਰੇ ਪਾਸੇ ਸਰਬ ਸਾਂਝੀ ਵਾਲਤਾ ਦਾ ਮੁੱਜਸਮਾ ਬਣਾਉਣ ਲਈ ਸਭਨਾ ਨੂੰ ਗਲਵਕੜੀ ਵਿੱਚ ਲੈਣ ਦੀ ਭਾਵਨਾ ਤਦ ਹੀ ਪੈਦਾ ਹੋ ਸਕਦੀ ਹੈ ਜੇਕਰ ਸਭ ਨੂੰ ਇਕ ਸਮਾਨ ਸਮਝਿਆ ਜਾਵੇ। 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ' ਅਤੇ 'ਬੁਰਾ ਭਲਾ ਕਹੁ ਕਿਸ ਨੂੰ ਕਹੀਐ' ਜਿਹੇ ਸੁਨਿਹਰੇ ਅਸੂਲ ਅਪਣਾਉਣ ਲਈ ਹਰ ਤਰ੍ਹਾਂ ਦਾ ਹੰਕਾਰ – ਭਾਵੇਂ ਉਹ ਉਚੀ ਕੁਲ ਦਾ ਹੋਵੇ, ਜਾਤ ਦਾ ਹੋਵੇ, ਧਨ ਸੰਪਤੀ ਦਾ ਹੋਵੇ, ਗਿਆਨ ਵਾਨ ਹੋਣ ਦਾ ਹੋਵੇ ਤਿਆਗਣਾ ਪਵੇਗਾ। ਯੂਨਾਨ ਦੇ ਪ੍ਰਸਿਧ ਦਾਰਸ਼ਨਿਕ ਅਰਸਤੂ ਨੇ ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਹਾ ਸੀ ਪਰ ਸਮਾਜਿਕਤਾ ਨੂੰ ਮਨੁੱਖ ਦਾ ਵਿਲੱਖਣ ਚਿੰਨ੍ਹ ਮੰਨਣਾ ਸੰਭਵ ਨਹੀ[1] ਕਿਉਂਕਿ ਪਸ਼ੂ ਜਗਤ ਵਿਚ ਵੀ ਸਮਾਜਿਕਤਾ ਵੇਖੀ ਜਾ ਸਕਦੀ ਹੈ। ਘਰੇਲੂ ਜੀਵ ਜੰਤੂ (ਮੱਖੀ, ਕੀੜੀ ਆਦਿ) ਨੇ ਵੀ ਸਫਲ ਸਮਾਜਿਕ ਵਿਵਸਥਾਂ ਵਿਕਸਿਤ ਕੀਤੀ ਹੋਈ ਹੈ। ਇਸ ਲਈ ਅਰਸਤੂ ਨੇ ਆਪਣੀ ਪਰਿਭਾਸ਼ਾ ਵਿਚ ਕੇਵਲ ਮਨੁੱਖ ਦੀ ਪ੍ਰਕ੍ਰਿਤੀ ਦੇ ਇਕ ਪੱਖ ਨੂੰ ਪ੍ਰਸਤੁਤਿ ਕੀਤਾ ਹੈ ਪਰੰਤੂ ਦੇਖਣ ਯੋਗ ਹੈ ਕਿ ਮਨੁਖ ਕੋਲ ਭਾਸ਼ਾ, ਧਰਮ, ਕਲਾ ਆਦਿ ਅਜਿਹੇ ਤੱਤ ਹਨ ਜੋ ਉਸਨੂੰ ਪਸ਼ੂਆ ਤੋਂ ਅੱਡ ਕਰਦੇ ਹਨ। ਇਸੇ ਲਈ ਮਨੁੱਖ ਨੂੰ 'ਸਾਂਸਕ੍ਰਿਤਕ ਜੀਵ' ਵੀ

[1] ਡਾ. ਗੁਰਸ਼ਰਨ ਜੀਤ ਸਿੰਘ, ਗੁਰੂ ਨਾਨਕ ਬਾਣੀ ਵਿਚਲੀ ਨੈਤਿਕਤਾ ਦਾ ਅਜੋਕਾ ਪ੍ਰਸੰਗ ਪੰਨਾ, 78.

ਮੰਨਿਆ ਗਿਆ ਹੈ। ਮਨੁੱਖ ਸੁਚੇਤ ਰੂਪ ਵਿਚ ਵਿਕਸਿਤ ਹੋਣ ਦਾ ਆਦਰਸ਼ ਲੈ ਕੇ ਜਿਉਂਦਾ ਹੈ ਅਤੇ ਕਈ ਪ੍ਰਤੀਕ ਰੂਪਾਂ ਦੀ ਸਹਾਇਤਾ ਲੈ ਕੇ ਆਦਰਸ਼ਾਂ ਦੀ ਸਾਜਣਾ ਕਰਦਾ ਹੈ। ਇਹ ਆਦਰਸ਼ ਉਸਨੂੰ 'ਨੈਤਿਕ ਜੀਵ' ਬਣਾ ਦਿੰਦੇ ਹਨ। ਨੈਤਿਕਤਾ ਤੋਂ ਬਿਨਾਂ ਮਨੁਖ ਪਸ਼ੂ ਮੰਨਿਆ ਜਾ ਸਕਦਾ ਹੈ। ਮਨੁਖ ਨੂੰ ਜਿਉਂਦਾ ਰਹਿਣ ਲਈ ਅੰਦਰੂਨੀ ਅਤੇ ਬਾਹਰੀ ਸੰਘਰਸ਼ ਚੋਂ ਲੰਘਣਾ ਪੈਂਦਾ ਹੈ। ਮਨੁੱਖ ਹਰ ਤਰਾਂ ਦੀ ਉੱਨਤੀ ਅਤੇ ਪਤਨ ਦਾ ਮਾਰਗ ਚੁਣਨ ਦੇ ਲਈ ਸੁਤੰਤਰ ਹੈ। ਮਨੁੱਖ ਨੂੰ ਇਕ ਆਦਰਸ਼ ਮਰਿਯਾਦਾ ਦਾ ਪਾਲਣ ਕਰਨਾ ਪੈਂਦਾ ਹੈ ਜੋ ਮਨੁੱਖ ਨੂੰ ਸਵੈ ਅਨੁਸ਼ਾਸ਼ਨ ਅਤੇ ਸਮਾਜਿਕ ਅਨੁਸ਼ਾਸ਼ਨ ਮੁਹੱਈਆਂ ਕਰਵਾਉਂਦੀ ਹੈ। ਗੁਰੂ ਨਾਨਕ ਬਾਣੀ ਵਿਚ ਮਨੁੱਖ ਨੂੰ ਹੇਠ ਲਿਖੇ ਸਦਗੁਣਾਂ ਨੂੰ ਅਪਨਾਉਣ ਦੀ ਤਾਕੀਦ ਗਈ ਕੀਤੀ ਹੈ

ਸੱਚ,

ਗਿਆਨ, ਪ੍ਰੇਮ, ਦਇਆ, ਸੇਵਾ ਅਤੇ ਪਰਉਪਕਾਰ

ਨਿਰਭੈਤਾ ਜਾਂ ਬਹਾਦਰੀ ਅਤੇ ਸੰਤੋਖ

ਇਹ ਸਭ ਸਦਗੁਣ ਇਕ ਦੂਜੇ ਦੇ ਪੂਰਕ ਹਨ ਇਹਨਾ ਸਭ ਸਦਗੁਣਾਂ ਦਾ ਮੰਤਵ ਵਿਅਕਤੀ ਅਤੇ ਸਮਾਜ ਦੋਹਾਂ ਨਾਲ ਹੈ। ਅੱਜ ਦਾ ਸਮਾਜ ਪਦਾਰਥ ਵਾਦੀ ਰੁਚੀਆਂ ਵਿਚ ਗ੍ਰਸਤ ਹੈ ਜਿਸ ਕਾਰਨ ਹੰਕਾਰ ਅਤੇ ਤ੍ਰਿਸ਼ਨਾ ਦਾ ਤਪਿਸ਼ ਮਨੁਖਤਾ ਨੂੰ ਝੁਲਸਾ ਰਹੀ ਹੈ ਮਨੁਖ ਦਾ ਮਾਨਸਿਕ ਅਤੇ ਸਰੀਰਕ ਤਵਾਜ਼ਨ ਨਿਘਾਰ ਵਲ ਜਾ ਰਿਹਾ ਹੈ। ਸਾਰਾ ਵਿਗਿਆਨਕ ਮੰਡਲ ਪਦਾਰਥ ਲੋੜਾਂ ਪੂਰੀਆਂ ਕਰਨ ਲਈ ਸਿਰਜੋੜ ਮਿਹਨਤ ਕਰ ਰਿਹਾ ਹੈ ਮਨੁਖ ਦੀਆਂ ਸਦਗੁਣਾਂ ਨਾਲ ਭਰਪੂਰ ਲੁਕਵੀਆਂ ਆਤਮਿਕ ਤਾਕਤਾਂ ਦੀ ਭਾਲ ਵੱਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ ਜਿਸਦੇ ਫਲਸਰੂਪ ਦੁਨੀਆਂ ਉਪਰ ਖੁਦਗਰਜੀ ਦਾ ਬੋਲ ਬਾਲਾ ਹੋ ਗਿਆ ਹੈ। ਗੁਰੂ ਨਾਨਕ ਸਾਹਿਬ ਦਾ ਸਮਾਜਿਕ ਦ੍ਰਿਸ਼ਟੀਕੋਣ ਦੁਨੀਆਂ ਦੇ ਹਰੇਕ ਮਨੁਖ ਲਈ ਸਮਾਜਿਕ ਸੇਵਾ ਦਾ ਭਾਵ ਪ੍ਰਗਟ ਕਰਨ ਦੇ ਜ਼ੋਰ ਦਿੰਦਾ ਹੈ ਤਾਂ ਕਿ ਮਨੁੱਖ ਖੁਦਗਰਜੀ ਤੋਂ ਉਪਰ ਉਠ ਸਕੇ। ਅੱਜ ਕੱਲ ਸਾਰਾ ਵਿਸ਼ਵ ਭਾਈਚਾਰਕ ਸਾਂਝ ਦੀ ਲੋੜ ਮਹਿਸੂਸ ਕਰ ਰਿਹਾ ਹੈ। ਵਿਸ਼ਵ ਭਾਈਚਾਰੇ ਦੇ ਸਦਗੁਣ ਵਿਚ ਸਭ ਦੇ ਭਲੇ ਦੀ ਗਲ ਦਾ ਬੜਾ ਮਹੱਤਵਪੂਰਨ ਸਥਾਨ ਹੁੰਦਾ ਹੈ। ਸਰਬਤ ਦਾ ਭਲਾ ਮੰਗਣਾ ਸਿਖ ਧਰਮ ਦੀ ਆਧਾਰਸ਼ਿਲਾ ਹੈ। ਸਰਬਤ ਦਾ ਭਲਾ ਮੰਗਣਾ, ਸਰਬੱਤ ਦੀ ਸੇਵਾ ਕਰਨੀ, ਸਰਬੱਤ ਦੇ ਕੰਮ ਆਉਣਾ ਸਰਬਤ ਦਾ ਸ਼ੁਭ ਇੱਛੁਕ ਹੋਣਾ, ਸਰਬੱਤ ਦੀ ਦੇਖ ਭਾਲ ਕਰਨਾ ਅਤੇ ਲੋੜ ਪੈਣ ਤੇ ਸਰਬੱਤ ਦੇ ਹੱਕਾਂ ਦੀ ਰਾਖੀ ਲਈ ਜੂਝ ਮਰਨਾ ਸਿਖ ਦੇ ਮੁਢਲੇ ਅਸੂਲਾਂ ਵਿਚੋਂ ਹਨ। ਨਿ-ਸਵਾਰਥ ਜੀਵਨ ਜੀਣਾ ਬ੍ਰਹਿਮੰਡ ਦੀ ਨਿਯਮਾਵਲੀ ਦੇ ਅਨੁਸਾਰੀ ਹੋਣਾ ਹੈ। ਕੁਦਰਤ ਦੀ ਹਰ ਨਿਕੀ ਤੋਂ ਵੱਡੀ ਸ਼ੈਅ ਕਿਸੇ ਨਾ ਕਿਸੇ ਰੂਪ ਵਿੱਚ ਕਾਦਰ ਦੇ ਨਿਯਮ ਅਨੁਸਾਰ ਸਾਰੀ ਕੁਦਰਤ ਦੀ ਹੋਂਦ ਨੂੰ ਚਲਦੇ ਰੱਖਣ ਲਈ ਆਪਣਾ ਯੋਗਦਾਨ ਪਾ ਰਹੀ ਹੈ। ਦੁਜਿਆਂ ਦੇ ਸੁਖਾਂ ਲਈ ਆਪਣੇ ਸੁਖ ਨੂੰ ਤਿਆਗਣ ਵਿਚ ਅਲੌਕਿਕ ਸੰਤੁਸ਼ਟਤਾ, ਆਨੰਦ ਮਿਲਦਾ ਹੈ ਜਿਸਦਾ ਵਰਨਣ ਨਹੀਂ ਕੀਤਾ ਜਾ ਸਕਦਾ ਕੇਵਲ ਅਨੁਭਵ ਕੀਤਾ ਜਾ ਸਕਦਾ ਹੈ। ਧਾਰਮਿਕ ਸਥਾਨਾਂ ਉਪਰ ਜਾ ਕੇ ਸਮਾਜਿਕ ਸੇਵਾ ਦਾ ਵਿਖਾਵਾ ਕਰਨ ਨਾਲ ਇਹ ਸਦਾ ਚਿਰ ਆਨੰਦ ਨਹੀਂ ਮਿਲ ਸਕਦਾ ਇਹ ਤਾਂ ਜੀਵਨ ਜਾਚ ਵਿਚ ਹਰ ਪਲ ਜੀਉਣ ਦੀ ਕਲਾ ਹੈ। ਕੁਦਰਤ ਵਿਚ ਹਰ ਤਰਫ਼ ਜਦੋਂ ਅਜਿਹੀਆਂ ਪਿਆਰ ਅਤੇ ਭਾਈਚਾਰੇ ਦੀਆਂ ਤਰੰਗਾਂ ਉਠਦੀਆਂ ਹਨ ਤਾਂ ਇਹ ਚੁਤਰਫ਼ਾ ਅਸਰ ਕਰਦੀਆਂ ਹੋਈਆਂ ਸਾਕਾਰਾਤਮਿਕ ਊਰਜਾ (Positive energy) ਦੇ ਰੂਪ ਵਿਚ ਮਨੁੱਖ ਕੋਲ ਵਾਪਿਸ ਆਉਂਦੀਆਂ ਹਨ। ਇਹਨਾਂ Positive ਤਰੰਗਾਂ ਦਾ ਅਸਰ ਕੁਦਰਤ ਵਿਚ ਹਰ ਤਰਫ-ਜੀਅ ਜੰਤੂਆਂ ਪੌਦਿਆਂ ਆਦਿ ਸਭ ਉਪਰ ਦੇਖਣ ਨੂੰ ਮਿਲਦਾ ਹੈ ਉਦਾਹਰਣ ਦੇ ਤੌਰ ਤੇ ਕਿਸੇ ਜਾਨਵਰ ਨੂੰ ਵੀ ਪਿਆਰ ਅਤੇ ਹਮਦਰਦੀ ਦੀਆਂ ਤਰੰਗਾਂ ਭਰੀਆਂ ਨਜਰਾਂ ਨਾਲ ਦੇਖਿਆ ਜਾਵੇ ਤਾਂ ਉਹ ਵੀ ਪੂਛ ਹਿਲਾ ਕੇ ਸ਼ੁਕਰਾਨੇ ਵਜੋਂ ਆਪਣੀ ਪ੍ਰਸੰਨਤਾ ਦਾ ਪ੍ਰਗਟਾਵਾ ਕਰਦੇ ਹਨ। ਇਸ ਦੇ ਉਲਟ ਜੇਕਰ ਕੋਈ ਨਫਰਤ ਦੀਆਂ, ਈਰਖਾ ਦੀਆਂ ਤਰੰਗਾਂ ਆਪਣੇ ਆਲੇ ਦੁਆਲੇ ਭੇਜਦਾ ਹੈ ਤਾਂ ਉਹੀ ਤਰੰਗਾਂ ਮੁੜ ਕੇ ਉਸ ਵੱਲ ਪਰਤਦੀਆਂ ਹਨ। ਇਹ ਕੁਦਰਤ ਦਾ ਅਟੱਲ ਨਿਯਮ ਹੈ। ਇਸਦਾ ਸਿੱਟਾ ਇਹ ਨਿਕਲਦਾ ਹੈ ਕਿ ਹਰੇਕ ਚੰਗਾ, ਮੰਦਾ ਖਿਆਲ ਜਾ ਹਰੇਕ ਵਿਕਾਰੀ ਅਤੇ ਚੰਗਾ ਜਜ਼ਬਾ ਮਨੁੱਖ ਦੇ ਸਰੀਰ ਅਤੇ ਮਨ ਉਪਰ ਅਸਰ ਕਰਦਾ ਹੈ। ਅੱਛਾਈ ਦਾ ਫੁਰਨਾ ਸਰੀਰਕ ਅਤੇ ਮਾਨਸਿਕ ਅਰੋਗਤਾ ਪ੍ਰਦਾਨ ਕਰਦੇ ਹਨ, ਬੋਲਾਂ ਵਿੱਚ ਮਿਠਾਸ ਅਤੇ ਚਿਹਰੇ ਉੱਪਰ ਖੇੜਾ

ਪੈਦਾ ਕਰਨ ਯੋਗ ਹੁੰਦਾ ਹੈ। ਇਸਦੇ ਉਲਟ ‘‘ਕਾਮ ਕ੍ਰੋਧ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥’’ ਅਤੇ

ਨਾਨਕ ਫਿਕਾ ਬੋਲਿਐ ਤਨ ਮਨ ਫਿਕਾ ਹੋਇ ॥

ਗੁਰਬਾਣੀ ਗੁਰਸਿੱਖ ਨੂੰ ‘‘ਪਰ ਕਾ ਬੁਰਾ ਨ ਰਾਖਹੁ ਚੀਤ’’ ਦਾ ਆਦੇਸ਼ ਦੇਂਦੀ ਹੈ ਅਤੇ ਗੁਰਸਿੱਖ ਆਪਣੇ ਨਿਤਨੇਮ ਵਿੱਚ ਅਰਦਾਸ ਵੇਲੇ ਦੋਹਾ ਵੇਲੇ ‘ਸਰਬਤ ਦਾ ਭਲਾ’ ਮੰਗਦਾ ਹੈ। ਗੁਰਮਤਿ ਵਿਚ ਹੱਥੀ ਕੰਮ ਕਾਰ ਕਰਕੇ ਦੂਜਿਆਂ ਦੀ ਸੇਵਾ ਕਰਨ ਦਾ ਉਪਦੇਸ਼ ਦਿਤਾ ਗਿਆ ਹੈ। ‘‘ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ।’’

### 1.6.6 ਸਿੱਟਾ

ਸੋ ਇਹ ਸਿਧ ਹੈ ਕਿ ਮਨੁੱਖ ਦੇ ਅਧਿਆਤਮਕ ਅਤੇ ਸੰਸਾਰਕ ਵਿਕਾਸ ਕਰਨ ਵਿੱਚ ਸਮਾਜਿਕ ਭਲਾਈ ਦਾ ਜਜ਼ਬਾ ਕਿਸ ਤਰਾਂ ਸਹਾਈ ਹੋ ਸਕਦਾ ਹੈ ਅਸੀਂ ਇਹ ਮਹਿਸੂਸ ਕਰਦੇ ਹਾਂ ਸਾਰਾ ਸੰਸਾਰ ਆਪਸ ਵਿੱਚ (Positive and Negative waves) ਸਕਾਰਾਤਮ ਅਤੇ ਨਾਕਾਰਾਤਮਕ ਤਰੰਗਾਂ ਨਾਲ ਬੱਝਾ ਹੋਇਆ ਹੈ। ਮਨੁੱਖ ਜੋ ਵੀ ਊਰਜਾ ਇਸ ਚੁਗਿਰਦੇ ਵਿੱਚ ਛੱਡੇਗਾ ਉਹ ਘੁੰਮ ਘੁਮਾ ਕੇ ਉਸ ਵੱਲ ਹੀ ਪਰਤੇਗੀ। ਸੋ ਅੱਜ ਜਦੋਂ ਕਿ ਸਾਰਾ ਵਿਸ਼ਵ ਹਰ ਤਰ੍ਹਾਂ ਦੇ ਅੰਦਰੂਨੀ ਅਤੇ ਬਾਹਰੀ ਵਿਕਾਸ ਦੀ ਹੋੜ ਵਿੱਚ ਲੱਗਾ ਹੈ ਕਿਉਂ ਨਾ ਸਿਖ ਫਲਸਫੇ ਦੀ ‘ਸਰੱਬਤ ਦੇ ਭਲੇ’ ਦੀ ਅਰਦਾਸ ਦੀ ਡੋਰ ਸਾਂਭੀ ਜਾਵੇ ਅਤੇ ਦੁਨੀਆਂ ਨੂੰ ਦਰਪੇਸ ਉਸਦੀਆਂ ਅਜੋਕੀਆਂ ਸੰਸਾਰਕ, ਵਿਅਕਤੀਗਤ, ਰਾਜਨੀਤਿਕ ਅਤੇ ਅਧਿਆਤਮਕ ਸਮੱਸਿਆਵਾਂ ਦਾ ਹੱਲ ਲੱਭਣ ਵਿਚ ਮੱਦਦ ਕੀਤੀ ਜਾਵੇ। ਪਿਆਰ ਸੇਵਾ ਅਤੇ ਪਰਉਪਕਾਰ ਦੇ ਸਦਗੁਣ ਵਿਸ਼ਵ ਭਾਈਚਾਰੇ ਵੱਲ ਵਧਦੇ ਕਦਮਾਂ ਲਈ ਮਜ਼ਬੂਤ ਨੀਂਹ ਦੇ ਤੌਰ ਤੇ ਕੰਮ ਕਰ ਸਕਦੇ ਹਨ। ਸਾਨੂੰ ਹਰੇਕ ਕਿਰਤ ਦਾ ਸਨਮਾਨ ਕਰਨਾ ਅੱਜ ਪੱਛਮ ਦਾ ਗੁਣ ਲਗਦਾ ਹੈ ਤਾਂ ਹੀ ਪੱਛਮੀ ਦੇਸ਼ਾਂ ਵਿਚ ਸਾਡਾ ਨੌਜੁਆਨ ਵਰਗ ਆਕਰਸ਼ਿਤ ਹੋ ਰਿਹਾ ਹੈ ਪਰੰਤੂ ਜੇਕਰ ਅਸੀਂ ਆਪਣੇ ਆਲੇ ਦੁਆਲੇ ਅਜਿਹਾ ਵਾਤਾਵਰਣ ਸਿਰਜ ਸਕੀਏ ਜਿਸ ਵਿਚ ਬਿਨਾਂ ਕਿਸੇ ਕਿਰਤ ਦੇ ਭਿੰਨ ਭੇਦ, ਨਸਲ ਦੇ ਭਿੰਨ ਭੇਦ, ਜਾਤ ਅਤੇ ਧਰਮ ਦੇ ਭਿੰਨ ਭੇਦ ਤੋਂ ਇਕ ਮਿਕ ਅਤੇ ਸਰਬ ਸਾਂਝੀਵਾਰਤਾ ਦੀ ਭਾਵਨਾ ਵਾਲਾ ਸਮਾਜ ਪਨਪ ਸਕੇ ਤਾਂ ਇਹ ਸਿੱਖ ਧਰਮ ਪ੍ਰਤੀ ਸਿਖਾਂ ਦੀ ਸੱਚੀ ਸ਼ਰਧਾ ਹੋ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਸਹਿਜ ਗਿਆਨ, ਉਭਰ ਰਹੀਆਂ ਬੁਰਾਈਆਂ ਨੂੰ ਬੁਨਿਆਦੀ ਸੱਚਾਈਆਂ ਦੁਆਰਾ ਸੁਲਝਾਉਣ ਦੀ ਸ਼ਕਤੀ ਰਖਦਾਹੈ। ਗੁਰਸਿਖ ਨੂੰ ਆਪਣਾ ਸੁਆਰਥੀ ਦ੍ਰਿਸ਼ਟੀਕੋਣ ਤਿਆਗ ਕੇ ਸਰਬਤ ਮਨੁਖਤਾ ਦੇ ਭਲੇ ਦੀ ਚਿੰਤਾ ਕਰਨ ਨੂੰ ਆਪਣੇ ਆਦਰਸ਼ ਦੁਆਰਾ ਬਣਾਉਣਾ ਉਸਦਾ ਧਾਰਮਿਕ ਫਰਜ਼ ਹੈ। ਜਿਸ ਨੂੰ ਨਿਭਾਉਂਦੇ ਹੋਏ ਉਹ ਆਪਣੇ ਗੁਰੂ ਦੇ ਦਿੱਤੇ ਰਸਤੇ ਤੇ ਚਲ ਕੇ ਉਸ ਪਰਮ ਪਿਤਾ ਪਰਮਾਤਮਾਂ ਪ੍ਰਤੀ ਆਪਣੀ ਸੱਚੀ ਨਿਸ਼ਠਾ ਦਿਖਾ ਸਕਦਾ ਹੈ।

ਅੱਜ ਸਮੁੱਚਾ ਵਿਸ਼ਵ ਵਿਅਕਤੀਗਤ, ਨੈਤਿਕ, ਰਾਜਨੀਤਿਕ, ਸਮਾਜਿਕ ਅਤੇ ਅਧਿਆਤਮਕ ਸੱਮਸਿਆਵਾਂ ਨਾਲ ਜੂਝ ਰਿਹਾ ਹੈ, ਜਿਸ ਸਭ ਦਾ ਮੂਲ ਕਾਰਨ ਇਨਸਾਨੀਅਤ ਦੀ ਖੁਦਗਰਜ਼ੀ ਹੈ, ਉਥੇ ਜੇਕਰ ਸਰਬਤ ਦੇ ਭਲੇ ਵਾਲਾ ਮੂਲ ਮੰਤਰ ਅਮਲ ਵਿਚ ਲਿਆਂਦਾ ਜਾਵੇ ਤਾਂ ਇਹਨਾਂ ਸਭ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕਦਾ ਹੈ।

### 1.6.7 ਅਭਿਆਸ ਲਈ ਪ੍ਰਸ਼ਨ

1. ਵਿਸ਼ਵ ਸ਼ਾਂਤੀ ਲਈ ਸਿੱਖ ਧਰਮ ਵਿਚਲਾ ਸਰਬ ਸਾਂਝੀਵਾਲਤਾ ਦਾ ਸਿਧਾਂਤ ਵਰਨਣ ਕਰੋ।
2. ਸਮਾਜਿਕ ਭਲਾਈ ਤੋਂ ਕੀ ਭਾਵ ਹੈ? ਸਿੱਖ ਧਰਮ ਦੇ ਸੰਦਰਭ ਵਿੱਚ ਵਿਆਖਿਆ ਕਰੋ।

### 1.6.8 ਸਹਾਇਕ ਪੁਸਤਕਾਂ

ਵਜੀਰ ਸਿੰਘ : ਸਿੱਖ ਦਰਸ਼ਨ ਧਾਰਾ
ਸ਼ੇਰ ਸਿੰਘ : ਗੁਰਮਤਿ ਦਰਸ਼ਨ

Updated : June, 2023

**ਐਮ.ਏ. (ਸਿੱਖ ਅਧਿਐਨ) ਭਾਗ ਪਹਿਲਾ** **ਪੇਪਰ – ਚੌਥਾ**

**ਪਾਠ ਨੰ. 1.7** **ਲੇਖਕ : ਡਾ. ਰਮਿੰਦਰਜੀਤ ਕੌਰ**

## ਵਾਤਾਵਰਣ ਜਾਗਰੂਕਤਾ

1.7.1 ਉਦੇਸ਼

1.7.2 ਭੂਮਿਕਾ

1.7.3 ਚੇਤਨਾ ਦੇ ਰੂਪ

1.7.4 ਵਾਤਰਵਰਣਿਕ ਸਮੱਸਿਆਵਾਂ

1.7.5 ਸਾਰ

1.7.6 ਸਹਾਇਕ ਪੁਸਤਕਾਂ

### 1.7.1 ਉਦੇਸ਼

ਪਾਠ ਦਾ ਉਦੇਸ਼ ਵਾਤਾਵਰਣ ਪ੍ਰਤੀ ਸਿੱਖ ਧਾਰਮਿਕ ਸਾਹਿਤ ਵਿੱਚ ਪ੍ਰਾਪਤ ਸੇਧ ਦਾ ਨਿਰੂਪਣ ਕਰਨਾ ਹੈ।

### 1.7.2 ਭੂਮਿਕਾ

ਸਿੱਖ ਧਰਮ ਦਰਸ਼ਨ ਮਨੁਖ ਦੇ ਹਰੇਕ ਵਰਤਾਰੇ ਲਈ ਸੇਧ ਪ੍ਰਦਾਨ ਕਰਨ ਸਮਰਥ ਹੈ ਅਤੇ ਵਾਤਾਵਰਣ ਦੀ ਸੰਭਾਲ ਅਜੋਕੇ ਮਨੁੱਖੀ ਸਾਹਮਣੇ ਗੰਭੀਰ ਸਮੱਸਿਆ ਬਣਕੇ ਉਭਰ ਰਿਹਾ ਹੈ। ਇਸ ਪਾਠ ਵਿੱਚ ਸਿੱਖ ਅਧਿਆਤਮਕ ਪੱਖੋਂ ਕਿਵੇਂ ਕਿਰਤ ਤੋਂ ਕਰਤਾ ਤੱਕ ਦਾ ਸਫਰ ਤੈਅ ਕਰਨ ਦੀ ਸੇਧ ਦਿੰਦਾ ਹੈ। ਇਸ ਨੁਕਤੇ ਤੋਂ ਇਸ ਮਹੱਤਵਪੂਰਨ ਵਿਸ਼ੇ ਸਬੰਧੀ ਵਿਚਾਰ ਦਿੱਤਾ ਗਿਆ ਹੈ।

### 1.7.3 ਚੇਤਨਾ ਦੇ ਰੂਪ

ਗੁਰਮਤਿ ਵਿਚ ਚੇਤਨਾ ਦੇ ਦੋ ਰੂਪ ਮੰਨੇ ਗਏ ਹਨ

1) ਅਧਿਆਤਮਕ ਚੇਤਨਾ 2) ਭੋਤਿਕ ਚੇਤਨਾ

ਮਨੁੱਖੀ ਚੇਤਨਾ ਦੀ ਸਮੁੱਚੀ ਪ੍ਰਕਿਰਿਆ ਦਾ ਸੰਬੰਧ ਭੌਤਿਕ ਚੇਤਨਾ ਨਾਲ ਵਧੇਰੇ ਹੁੰਦਾ ਹੈ ਕਿਉਂਕਿ ਰਹੱਸਾਤਮਕ ਅਧਿਆਤਮਕ ਚੇਤਨਾ ਦੀ ਪ੍ਰਕ੍ਰਿਰਿਆ ਦਾ ਅਲੌਕਿਕ ਗਿਆਨ ਸੱਚੇ ਗੁਰੂ ਦੀ ਕਿਰਪਾ ਤੋਂ ਬਿਨਾਂ ਨਹੀਂ ਹੋ ਸਕਦਾ ਚੇਤਨਾ ਦੀ ਸੱਤਾ ਦਾ ਪ੍ਰਤੱਖ ਪ੍ਰਮਾਣ ਸਭ ਸਜੀਵ ਪ੍ਰਾਣੀਆ ਵਿਚ ਮਿਲਦਾ ਹੈ ਜਿਹਨਾਂ ਦਾ ਕੋਈ ਨਾ ਕੋਈ ਸੂਖਮ ਜਾਂ ਸਥੂਲ ਰੂਪ ਆਕਾਰ ਹੁੰਦਾ ਹੈ। ਰੂਪ ਅਤੇ ਆਕਾਰ ਵਾਲੇ ਇਹ ਸਜੀਵ ਪ੍ਰਾਣੀ ਚੇਤਨਾ ਦੀ ਸੱਤਾ ਕਾਰਨ ਹੀ ਭੌਤਿਕ ਜਗਤ ਵਿਚ ਕਿਰਿਆਸ਼ੀਲ ਹੁੰਦੇ ਹਨ।

ਗੁਰਮਤਿ ਅਨੁਸਾਰ ਜਿਹੜਾ ਮਨੁੱਖ ਆਪਣੀ ਵਿਅਕਤੀਗਤ ਚੇਤਨਾ ਨੂੰ ਅਕਾਲ ਪੁਰਖ ਦੇ ਸਰੂਪ ਗੁਣ ਵਿਚ ਲੀਨ ਕਰ ਦਿੰਦਾ ਹੈ, ਉਸ ਨੂੰ ਬ੍ਰਹਿਮੰਡ ਵਿਚ ਵਿਆਪਤ ਅਕਾਲ ਪੁਰਖ ਦੀ ਬ੍ਰਹਿਮੰਡੀ ਚੇਤਨਾ ਦਾ ਬੋਧ ਹੋ ਜਾਂਦਾ ਹੈ ਸਿਧਾਂਤਕ ਰੂਪ ਵਿਚ ਗੁਰਬਾਣੀ ਵਿਚ ਇਸੇ ਵਿਚਾਰ ਨੂੰ ਪ੍ਰਸਤੁਤ ਕੀਤਾ ਗਿਆਹੈ ਕਿ ਬ੍ਰਹਮ ਦੀ ਪੂਰਨ ਅਭੂਤੀ

ਬਿਨਾਂ ਨਾਂ ਤਾ ਇਸ ਬ੍ਰਹਿਮੰਡ ਦਾ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਮਨੁਖ ਨੂੰ ਬ੍ਰਹਿਮੰਡੀ ਚੇਤਨਾ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰਮਤਿ ਵਿਚ ਬ੍ਰਹਮ ਅਤੇ ਬ੍ਰਹਿਮੰਡ ਨੂੰ ਮਨੁੱਖ ਦੀ ਅਧਿਆਤਮਤਾ ਵਾਲੀ ਚੇਤਨਾ ਸ਼ਕਤੀ ਦੀ ਪਹੁੰਚ ਤੋਂ ਪਰੇ ਨਹੀਂ ਦਿਖਾਇਆ ਗਿਆ।

ਪਰਮਾਤਮਾ ਦੇ ਕੁਝ ਗੁਣ ਜਿਵੇਂ ਆਦਿ ਜੁਗਾਦਿ, ਅਕਾਲ ਮੂਰਤਿ, ਅਗਮ ਅਗੋਚਰ, ਅਜੂਨੀ ਅਤੇ ਸੈਭੰ ਅਧਿਆਤਮਕ ਚੇਤਨਾ ਦਾ ਹਿੱਸਾ ਹਨ ਅਤੇ ਉਹੀ ਅਕਾਲ ਪੁਰਖ ਕਰਤਾ, ਸਿਰਜਕ, ਦਾਤਾ ਅਤੇ ਰੱਖਿਅਕ ਰੂਪ ਵਿਚ ਇਸ ਭੌਤਿਕ ਜਗਤ ਵਿਚ ਸਮੁੱਚੇ ਬ੍ਰਹਿਮੰਡ ਵਿਚ ਫੈਲਿਆ ਹੋਇਆ ਹੈ। ਅਣਗਿਣਤ ਅਕਾਸ਼ਾਂ ਅਤੇ ਪਾਤਾਲਾਂ ਵਾਲੇ ਵਿਸ਼ਾਲ ਬ੍ਰਹਿਮੰਡ ਵਿਚ ਅਸੰਖ ਨਾਵਾਂ ਅਤੇ ਅਸੰਖ ਥਾਵਾਂ ਤੇ ਕਰੋੜਾ ਖਾਣੀਆਂ, ਅਨੇਕਾ ਰਤਨਾ ਅਤੇ ਸਮੁੰਦ ਦੇ ਮਾਲਕ ਉਸ ਨਿਰੰਕਾਰ ਦਾ ਦਰਬਾਰ ਅਦਭੁੱਤ ਰੂਪ ਵਿਚ ਮੌਜੂਦ ਹੈ। ਇਹ ਸਮੁੱਚਾ ਭੌਤਿਕ ਜਗਤੁ ਅਕਾਲ ਪੁਰਖ ਦੇ ਹੁਕਮ ਦਾ ਪਾਸਾਰ ਹੈ ਜਿਹੜਾ ਕਿ ਉਸ ਦੀ ਇੱਛਾ ਅਨੁਸਾਰ ਕ੍ਰਮ ਅਨੁਸਾਰ ਨਿਰੰਤਰ ਵਿਕਾਸ ਕਰ ਰਿਹਾ ਹੈ।

ਸਿੱਖ ਗੁਰੂ ਸਾਹਿਬਾਨ ਦਾ ਇਹ ਬ੍ਰਹਿਮੰਡ ਸੰਬੰਧੀ ਦ੍ਰਿਸਟੀਕੋਣ ਬਿਲਕੁਲ ਅਧਿਆਤਮਵਾਦੀ ਹੈ ਅਤੇ ਉਹਨਾਂ ਨੇ ਇਸ ਦੇ ਰੂਪ ਅਕਾਰ ਅਤੇ ਸੀਮਾ ਵਿਸਥਾਰ ਸੰਬੰਧੀ ਜੋ ਵਿਚਾਰ ਪ੍ਰਸਤੁਤ ਕੀਤੇ ਹਨ, ਅੱਜ ਦੀਆਂ ਵਿਗਿਆਨਿਕ ਉਪਲੱਬਦੀਆਂ ਵੀ ਉਹਨਾਂ ਦੀ ਪੁਸ਼ਟੀ ਕਰਦੀਆਂ ਹਨ।

ਗੁਰਮਤਿ ਅਨੁਸਾਰ ਬ੍ਰਹਿਮੰਡ ਵਿਚ ਤਿੰਨ ਕਿਰਿਆਵਾਂ ਸਰਬ ਵਿਆਪੀ ਹਨ

ਸਿਰਜਣ ਦੀ ਕਿਰਿਆ
ਵਿਕਾਸ ਦੀ ਕਿਰਿਆ
ਨਾਸ਼ ਦੀ ਕਿਰਿਆ

ਵਿਕਾਸ ਅਤੇ ਨਾਸ਼ ਦੀ ਕਿਰਿਆ ਤਾਂ ਦ੍ਰਿਸ਼ਟੀਗੋਚਰ ਹੁੰਦੀ ਹੈ ਪਰੰਤੂ ਸਿਰਜਣ ਦੀ ਕਿਰਿਆ ਇਤਨੀ ਰਹੱਸਮਾਤਮਕ ਹੈ ਕਿ ਇਸ ਦਾ ਮੂਲ ਕਾਰਨ ਲਗਭਗ ਅਗਿਆਤ ਹੀ ਰਹਿ ਜਾਂਦਾ ਹੈ। ਅਧਿਆਤਮਕ ਖੇਤਰ ਵਿਚ ਇਸ ਰਹੱਸ ਦਾ ਸਮਾਧਾਨ ਅਕਾਲ ਪੁਰਖ ਦੀ ਸੰਕਲਪ ਸ਼ਕਤੀ, ਇੱਛਾ ਅਤੇ ਹੁਕਮ ਪ੍ਰਤੀ ਵਿਸ਼ਵਾਸ਼ ਦੇ ਰੂਪ ਵਿਚ ਕੀਤਾ ਜਾਂਦਾ ਹੈ।

ਅੱਜ ਦੇ ਵਿਗਿਆਨੀ ਦਾਅਵਾ ਕਰਦੇ ਹਨ ਕਿ ਉਹਨਾਂ ਨੇ ਆਕਾਸ਼ ਵਿਚ ਤਾਰਾ ਮੰਡਲ ਦੀ ਸਿਰਜਣ ਪ੍ਰਕ੍ਰਿਆ ਤੇ ਮਾਤ ਗਰਭ ਵਿਚ ਭਰੂਣ ਦੇ ਵਿਕਾਸ ਦੀ ਪ੍ਰਕ੍ਰਿਰਿਆ ਦਾ ਗਿਆਨ ਹਾਸਿਲ ਕਰ ਲਿਆ ਹੈ ਅਤੇ DNA and RNA ਦਾ ਪਤਾ ਲਗਾ ਲਿਆ ਹੈ ਪਰ ਅਜੇ ਵੀ ਉਹ ਐਡੇਨਿਨ, ਬਾਈਮਿਨ, ਗੁਆਨਿਨ, ਸਾਈਟੋਸਿਨ ਅਤੇ ਯੁਰਾਸਿਲ ਵਰਗੇ ਤੱਤਾਂ ਦੇ ਸੰਯੋਗ ਨਾਲ ਕਿਸੇ ਸਜੀਵ ਪਦਾਰਥ ਦੀ ਰਚਨਾ ਨਹੀਂ ਕਰ ਸਕੇ। ਸੋ ਬ੍ਰਹਿਮੰਡ ਦੀ ਰਚਨਾ ਦਾ ਮੂਲ ਕਾਰਨ ਅਜੇ ਤਕ ਪਹੁੰਚ ਤੋਂ ਬਾਹਰ ਹੈ। ਇਸੇ ਸੰਬੰਧ ਵਿੱਚ ਗੁਰੂ ਅਰਜਨ ਦੇਵ ਜੀ ਅਨੁਸਾਰ:

ਜਿਨਿ ਕਿਛੁ ਕੀਆ ਸੋਈ ਜਾਨੈ
ਜਿਨਿ ਇਹਿ ਸਭ ਬਿਧਿ ਸਾਜੀ ॥
ਕਹੁ ਨਾਨਕ ਅਪਰੇ ਪਰ ਸੁਆਮੀ
ਕੀਮਤਿ ਅਪੁਨੈ ਕਾਜੀ ॥

ਇਹ ਸਿੱਧ ਹੈ ਕਿ ਇਸ ਸਭ ਪਾਸਾਰ ਦੇ ਪਿਛੇ ਕੋਈ ਪਰਮ ਚੇਤਨਾ ਕੰਮ ਕਰ ਰਹੀ ਹੈ ਜੋ ਕਿ ਵਿਵਸਥਿਤ, ਅਨਿਵਾਰੀ ਅਤੇ ਅਸੀਮ ਹੈ। ਬ੍ਰਹਿਮੰਡੀ ਚੇਤਨਾ ਦੇ ਪਰਿਪੇਖ ਵਿੱਚ ਗੁਰਬਾਣੀ ਵਿਚ ਸਿਰਜਣ ਕਿਰਿਆ, ਵਿਕਾਸ ਕਿਰਿਆ ਅਤੇ ਨਾਸ਼ ਕਿਰਿਆ ਤਿੰਨਾਂ ਨੂੰ ਹੀ ਸਰਵ ਵਿਆਪੀ ਮੰਨਿਆ ਗਿਆ ਹੈ। ਇਹਨਾਂ ਕਿਰਿਆਵਾਂ ਦਾ ਭਲੀ ਭਾਂਤ ਬੋਧ ਹੋਣ ਤੇ ਮਨੁੱਖ ਦੀ ਅਹੰਕਾਰ ਜਨਿਤ ਵਿਅਕਤੀ ਚੇਤਨਾ ਅਲੋਪ ਹੋ ਸਕਦੀ ਹੈ। ਇਤਨਾ ਹੀ ਨਹੀਂ ਮਨੁੱਖ ਨੂੰ ਅਕਾਲ ਪੁਰਖ ਦੇ ਉਸ 'ਹੁਕਮ' ਦਾ ਵੀ ਅਨੁਭਵ ਹੋਣ ਲਗਦਾ ਹੈ ਜਿਹੜਾ ਇਕ ਬ੍ਰਹਿਮੰਡ ਵਿਆਪੀ ਨਿਯਮ ਹੈ।

ਗੁਰਬਾਣੀ ਵਿਚ 'ਹੁਕਮ' ਸ਼ਬਦ ਦਾ ਪ੍ਰਯੋਗ ਅਕਾਲ ਪੁਰਖ ਦੀ ਆਗਿਆ ਦੇ ਨਾਲ ਨਾਲ ਬ੍ਰਹਿਮੰਡ ਵਿਆਪੀ ਵਿਵਸਥਾ ਦਾ ਬੋਧ ਕਰਵਾਉਂਦਾ ਹੈ (Cosmic order) ਅੱਜ ਵਿਗਿਆਨ ਮੰਨਦਾ ਹੈ ਕਿ ਪ੍ਰਕ੍ਰਿਤੀ ਵਿਚ ਇਕ ਉਚ ਪੱਧਰੀ ਵਿਵਸਥਾ ਵਿਰਾਜਮਾਨ ਹੈ।

ਕਾਦਰ ਅਤੇ ਕੁਦਰਤਿ ਦੇ ਸੰਬੰਧਾਂ ਪ੍ਰਤੀ ਦਾਰਸ਼ਨਿਕ ਖੇਤਰ ਵਿੱਚ ਵਿਭਿੰਨ ਮੱਤ ਮੌਜੂਦ ਹਨ ਪਹਿਲੀ ਧਾਰਨਾ 'ਇੱਕ ਈਸ਼ਵਾਰਵਾਦ' ਦੀ ਹੈ ਜਿਸ ਅਨੁਸਾਰ ਕੁਦਰਤਿ ਕਾਦਰ ਦਾ ਹੀ ਰੂਪ ਹੈ ਅਤੇ ਇਹਨਾਂ ਦੋਹਾਂ ਵਿਚ ਕੋਈ ਅੰਤਰ ਨਹੀਂ ਦੂਜੇ ਮਤ ਅਨੁਸਾਰ ਕਾਦਰ 'ਸਿਰਜਕ' ਹੈ ਅਤੇ ਸਿਰਜਨਾ ਤੋਂ ਬਾਅਦ ਰਚਨਾ ਦੀ ਸੁਤੰਤਰ ਹੋਂਦ ਹੈ। ਜਿਸਨੂੰ ਕਿ (Deism) ਦਾ ਨਾਮ ਵੀ ਦਿੱਤਾ ਜਾਂਦਾ ਹੈ। ਤੀਸਰਾ ਮੱਤ ਇਹ ਹੈ ਕਿ ਕਾਦਰ ਨੇ ਕੁਦਰਤ ਨੂੰ ਪੈਦਾ ਵੀ ਕੀਤਾ ਹੈ ਅਤੇ ਇਸ ਵਿੱਚ ਮੌਜੂਦ ਵੀ ਹੈ।[2]

ਗੁਰਮਤਿ ਅਨੁਸਾਰ ਕੁਦਰਤ ਵਿਚ ਸਥਿਤ ਚੇਤਨਾ ਮੂਲ ਰੂਪ ਵਿਚ ਪਰਮ ਚੇਤਨਾ ਅਕਾਲ ਪੁਰਖ ਦਾ ਜੋਤਿ ਰੂਪ ਵਾਲਾ ਇਕ ਵਿਸ਼ੇਸ਼ ਅਤੇ ਅਲੌਕਿਕ ਅੰਸ਼ ਹੈ। ਅਲੌਕਿਕ ਅਤੇ ਅਭੌਤਿਤ ਤੱਤ ਹੋਣ ਕਾਰਨ ਇਸ ਦਾ ਕਦੇ ਨਾਸ਼ ਨਹੀਂ ਹੁੰਦਾ। ਲਿੰਗ ਭੇਦ, ਅਵਸਥਾ ਭੇਦ, ਕਾਲ ਭੇਦ, ਅਤੇ ਸਰੀਰ ਭੇਦ ਕਾਰਨ ਸਜੀਵ ਪ੍ਰਾਣੀਆਂ ਦੀ ਚੇਤਨਾ ਵਿੱਚ ਅੰਤਰ ਹੁੰਦਾ ਹੈ ਪਰੰਤੂ ਇਹ ਅੰਤਰ ਵੀ ਅਕਾਲ ਪੁਰਖ ਦਾ ਆਪ ਕੀਤਾ ਹੋਇਆ ਹੈ ਅਕਾਲ ਪੁਰਖ ਦੇ ਹੁਕਮ ਨਾਲ ਹੀ ਇਹ ਚੇਤਨਾ ਸ਼ਰੀਰ ਅੰਦਰ ਪ੍ਰਵੇਸ਼ ਕਰਦੀ ਹੈ ਅਤੇ ਹੁਕਮ ਅਨੁਸਾਰ ਹੀ ਸਰੀਰ ਨੂੰ ਛੱਡਦੀ ਹੈ ਕੇਵਲ ਮਨੁਖ ਦੀ ਸੁਰਤਿ ਨੂੰ ਜਗਤ ਦੇ ਜੜ ਪਦਾਰਥਾਂ ਨਾਲੋਂ ਥੋੜਾ ਭਿੰਨ ਸ਼੍ਰੇਣੀ ਦਾ ਮੰਨਿਆ ਗਿਆ ਹੈ। ਕੇਵਲ ਮਨੁੱਖ ਦੀ ਬੁੱਧ ਹੀ ਇਤਨੀ ਤੀਖਣ, ਪ੍ਰਬਲ ਅਤੇ ਵਿਕਿਸਤ ਹੈ ਕਿ ਇਸ ਨੂੰ ਸਰਵਸ੍ਰੇਸ਼ਠ ਕ੍ਰਿਤ ਹੋਣ ਦਾ ਮਾਣ ਪ੍ਰਾਪਤ ਹੈ। ਇਸੇ ਗੱਲ ਦੇ ਹੰਕਾਰ ਕਾਰਨ ਮਨੁੱਖ ਸਰੀਰ ਦੀਆਂ ਇੰਦਰੀਆਂ ਨੂੰ ਮਾਧਿਅਮ ਬਣਾ ਕੇ ਅਨੇਕਾਂ ਤਰ੍ਹਾਂ ਦੇ ਪਾਪ ਅਤੇ ਪੁੰਨ ਕਰਦਾ ਹਨ ਪਰੰਤੂ ਗੁਰਬਾਣੀ ਵਿਚ ਵਿਸ਼ਵਾਸ਼ ਰਖਣ ਵਾਲਾ ਇਹਨਾਂ ਇੰਦਰੀਆਂ ਦੇ ਭਰਮ ਜਾਲ ਵਿਚ ਨਹੀ ਖਚਿਤ ਹੁੰਦਾ ਅਤੇ ਚਾਰੇ ਪਾਸੇ ਪੂਰੇ ਬ੍ਰਹਿਮੰਡ ਵਿਚ, ਸਾਰੀ ਕੁਦਰਤ ਦੇ ਪਸਾਰੇ ਨੂੰ ਉਸ ਕਰਤਾ ਬ੍ਰਹਮ ਰੂਪ ਅਕਾਲ ਪੁਰਖ ਦੀ ਸਿਰਜਣਾ ਮੰਨ ਕੇ ਉਸ ਦੀ ਕਦਰ ਕਰਦਾ ਹੈ, ਉਸ ਨਾਲ ਤਾਲ ਮੇਲ ਬਣਾ ਕੇ ਚਲਦਾ ਹੈ, ਜਿਸ ਰਾਹੀਂ ਉਸ ਦੀ ਸੁਰਤਿ ਉਸ ਕਰਤਾ ਬ੍ਰਹਮ ਨਾਲ ਜੁੜਦੀ ਹੈ। ਗੁਰਬਾਣੀ ਵਿੰਚ ਮਨੁੱਖ ਲਈ ਜਗਤ ਦੀ ਹੋਂਦ ਮਿਥਿਆ ਜਾਂ ਛਲਾਵਾ ਨਹੀਂ ਬਲਕਿ 'ਇਹ ਜਗ ਸਚੈ ਕੀ ਹੈ ਕੋਠੜੀ' ਅਤੇ ਕੁਦਰਤ ਛਲਾਵਾ ਨਹੀਂ ਬਲਕਿ ਸਤਿ ਹੈ

ਸਰਬ ਜੋਤਿ ਤੇਰੀ ਪਸਰਿ ਰਹੀ॥

ਜਹ ਜਹ ਦੇਖਾ ਤਹ ਨਰਹਰੀ॥

ਪੂਰਬੀ ਦੇਸ਼ਾਂ ਅਤੇ ਖਾਸ ਕਰ ਹਿੰਦੁਸਤਾਨ ਵਿਚ, ਜਿਥੇ ਜਗਤ ਨੂੰ ਜੋਗੀਆ, ਤਪੱਸਵੀਆਂ ਨੇ ਅਸਤਿ ਮੰਨਿਆਂ ਸੀ ਉਥੇ ਗੁਰਮਤਿ ਦਾ ਇਹ ਸੰਕੇਤ ਬੜਾ ਵਿਲੱਖਣ ਸੀ। ਗੁਰਮਤਿ ਅਨੁਸਾਰ ਮਨੁੱਖ ਲਈ ਜਗਤ ਦੀ ਹੋਂਦ ਜਰੂਰੀ ਹੈ। ਜੀਵ ਅਤੇ ਪਦਾਰਥ ਜਗਤ ਦੋਹਾਂ ਵਿੰਚ ਮੇਲ, ਸਾਂਝ ਅਤੇ ਸਹਿਚਾਰ ਸਹਿਹੋਂਦ ਜਰੂਰੀ ਹੈ। ਜਗਤ ਨੂੰ (Relative terms) ਸੰਬੰਧਿਤ ਅਰਥਾਂ ਵਿਚ 'ਸਤਿ' ਸਮਝ ਕੇ ਜੀਵਨ ਜੀਉਂਣਾ ਹੈ। ਅਧਿਆਤਮਕ ਮੰਡਲ ਸੰਸਾਰਕ ਮੰਡਲ ਤੋਂ ਵਖਰਾ ਨਹੀਂ ਹੈ ਗੁਰਬਾਣੀ ਵਿਚ 'ਜੋ ਬ੍ਰਹਿਮੰਡੇ ਸੋਈ ਪਿੰਡੇ' ਵਾਲੀ ਸਚਾਈ ਨੂੰ ਸਨਮੁਖ ਰਖ ਕੇ ਅੰਦਰੂਨੀ ਤੱਤਾ ਨੂੰ ਬਾਹਰੀ ਤੱਤਾਂ ਨਾਲ ਜੋੜਨ ਦਾ ਸੁਨੇਹਾ ਦਿਤਾ ਗਿਆ ਹੈ। ਮਨੁੱਖ ਇਸ ਭੌਤਿਕ ਸੰਸਾਰ ਦਾ ਸਰਵਸ੍ਰੇਸ਼ਠ ਜੀਵ ਹੈ ਅਤੇ ਇਹ ਪਦਵੀ ਪ੍ਰਾਪਤ ਕਰਨ ਵਿਚ ਉਸਦੀ ਧਾਰਮਿਕ ਚੇਤਨਾ ਦਾ ਅਹਿਮ ਰੋਲ ਹੈ।

ਮਾਨਸ ਜਨਮ ਦੁਲੰਭੁ ਗੁਰਮੁਖਿ ਪਾਇਆ॥

---

[2] ਗੁਰਬਾਣੀ ਅਤੇ ਕੁਦਰਤ Page 52.

ਬ੍ਰਹਮ ਚੇਤਨਾ ਦਾ ਸਭ ਤੋਂ ਵੱਧ ਘਣਤਾ ਵਾਲਾ ਅੰਸ਼ ਮਨੁਖ ਵਿਚ ਮੌਜੂਦ ਹੈ ਮਨੁਖੀ ਸਰੀਰ ਦੀ ਬਣਤਰ ਵਿਚ ਸ਼ਾਮਿਲ ਤੱਤ, ਕੁਦਰਤ ਦੀ ਸਾਜਨਾ ਦੇ ਆਧਾਰ ਪੂਰਵਕ ਤੱਤ ਹੀ ਹਨ। ਇਸੇ ਲਈ ਮਨੁਖ ਦਾ ਕੁਦਰਤ ਦੇ ਭੌਤਿਕ ਤੱਤਾਂ ਨਾਲ ਸਿੱਧਾ ਸੰਬੰਧ ਹੈ ਗੁਰਬਾਣੀ ਵਿਚ ਕੁਦਰਤ ਦੇ ਤੱਤਾਂ ਦਾ ਮਨੁੱਖ ਨਾਲ ਸੰਬੰਧ ਗੁਰੂ ਨਾਨਕ ਦੇਵ ਜੀ ਨੇ ਦਰਸਾਇਆ ਹੈ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਮ ਮਹਤੁ

ਦਿਵਸ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ

ਜਗਤ ਦੀ ਪੈਦਾਇਸ਼ ਪਿਤਾ ਪਾਣੀ ਅਤੇ ਮਾਤਾ ਧਰਤੁ ਦੁਆਰਾ ਹੋਈ ਹੈ। ਇਸ ਸਲੋਕ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦਾ ਸੰਬੰਧ ਕੁਦਰਤੀ ਤਤਾਂ ਨਾਲ ਜੜ ਰੂਪ ਵਿਚ ਦਰਸਾਇਆ ਹੈ, ਮਨੁੱਖ ਨੂੰ ਪੈਦਾ ਕਰਨ ਵਾਲੇ ਗੁਰੂ ਪਵਣ, ਪਿਤਾ ਰੂਪੀ ਪਾਣੀ, ਮਾਤਾ ਦੇ ਰੂਪ ਵਿਚ ਧਰਤੀ ਅਤੇ ਪਾਲਣ ਪੋਸ਼ਣ ਕਰ ਰਹੀ ਹੈ ਅਤੇ ਖਿਆਲ ਰਖਣ ਲਈ ਜ਼ਰੂਰੀ ਦਿਨ ਅਤੇ ਰਾਤ ਖਿਡਾਵੇ ਬਣ ਕੇ ਕੰਮ ਕਰ ਰਹੇ ਹਨ। ਕੁਦਰਤੀ ਤੱਤਾਂ ਨਾਲ ਇਤਨਾ ਨੇੜੇ ਦਾ ਸੰਬੰਧ ਦੁਨੀਆਂ ਦੇ ਕਿਸੇ ਇਤਿਹਾਸ ਵਿਚ ਪ੍ਰਾਪਤ ਨਹੀਂ ਹੁੰਦਾ। ਅੱਜ ਜਦੋਂ ਕੁਦਰਤੀ ਸਾਧਨਾਂ ਦਾ ਸੋਸ਼ਣ ਹੋ ਰਿਹਾ ਹੈ, ਗੁਰਬਾਣੀ ਦਾ ਐਸਾ ਸੰਦੇਸ਼ ਜਿਸ ਵਿੱਚ ਕੁਦਰਤ ਨਾਲ ਸਹਿਚਾਰਤਾ ਦਾ ਸੰਦੇਸ਼ ਸਦੀਆਂ ਪਹਿਲਾਂ ਦਿਤਾ ਗਿਆ ਸੀ, ਵਾਤਾਵਰਣ ਸੰਭਾਲ ਲਈ ਸੇਧ ਦੇ ਸਕਦਾ ਹੈ ਇਹ ਤੱਥ ਗੁਰਬਾਣੀ ਵਿਚ ਕਈ ਉਦਾਹਰਣਾਂ ਸਹਿਤ ਪੇਸ਼ ਕੀਤਾ ਜਾ ਸਕਦਾ ਹੈ:

ਜਿਵੇਂ :

ਕਾਰਣ ਪ੍ਰਭ ਏਕ ਹੈ ਦੂਸਰ ਨਾਹੀ ਕੋਇ

ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥

ਫਰੀਦ ਸਾਹਿਬ ਦਾ ਇਹ ਸਲੋਕ ਮਿੱਟੀ ਦੀ ਮਹੱਤਤਾ ਦਰਸਾ ਰਿਹਾ ਹੈ:

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥

ਰੁੱਖਾਂ ਦੀ ਦਰਵੇਸ਼ਤਾ ਨੂੰ ਦਰਸਾਉਂਦੇ ਹੋਏ ਬਾਬਾ ਫਰੀਦ ਜੀ ਲਿਖਦੇ ਹਨ:

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥

ਗੁਰੂ ਨਾਨਕ ਦੇਵ ਜੀ ਇਸ ਧਰਤੀ ਨੂੰ ਧਰਮ ਦੀ ਕਮਾਈ ਕਰਨ ਦਾ ਅਸਥਾਨ ਮੰਨਦੇ ਹਨ ਅਤੇ ਮਨੁੱਖ ਤੋਂ ਵਿਕਾਸ ਦੀ ਸਭ ਤੋਂ ਉੱਚੀ ਪੱਧਰ ਤੇ ਹੋਣ ਦੇ ਨਾਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੇ ਨਾਲ ਦੇ ਸੱਭਿਆਚਾਰਾਂ, ਸਿਰਜਨ ਕਿਰਿਆਵਾਂ ਅਤੇ ਦੂਜੀਆਂ ਸ਼੍ਰੇਣੀਆਂ ਦੇ ਜੀਵਾਂ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੋਵੇ। ਮਨੁੱਖ ਦੀ ਅਧਿਆਤਮਕ ਸੂਝ ਉਸ ਨੂੰ ਘੱਟ ਵਿਕਿਸਤ ਜੀਵ ਸ਼੍ਰੇਣੀਆਂ ਦੀ ਪੱਧਰ ਤੋਂ ਉੱਚਾ ਦਰਸਾਉਂਦੀ ਹੈ ਪਰੰਤੂ ਦਰਅਸਲ ਇਹੀ ਕਾਰਨ ਹੈ ਕਿ ਮਨੁੱਖ ਨੂੰ ਦੂਜਿਆਂ ਪ੍ਰਤੀ ਵੱਧ ਨੈਤਿਕ, ਦਿਆਲੂ ਅਤੇ ਜ਼ੁੰਮੇਵਾਰ ਹੋਣਾ ਚਾਹੀਦਾ ਹੈ। ਧਰਤੀ ਨੂੰ ਮਾਤਾ ਕਿਹਾ ਗਿਆ ਹੈ ਸੋ ਉਸਦੀ ਗੋਦ ਵਿਚ ਕੋਈ ਵੀ ਵਿਸ਼ੇਸ਼ ਚਹੇਤਾ ਬੱਚਾ ਨਹੀਂ ਹੋ ਸਕਦਾ, ਉਥੇ ਸਭ ਬਰਾਬਰ ਹਨ।

ਮਨੁੱਖ ਨੂੰ ਇਹ ਗਲਤਫਹਿਮੀ ਹੋ ਗਈ ਹੈ ਕਿ ਉਹ ਸਾਰੇ ਜੀਵਾਂ ਦਾ ਮਾਲਕ ਹੈ ਅਤੇ ਸਭ ਤੋਂ ਸਰਵਸ੍ਰੇਸ਼ਠ ਹੈ ਪਰੰਤੂ ਉਸਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਇਹਨਾਂ ਸਾਰੇ ਕੁਦਰਤੀ ਤੱਤਾਂ ਦੇ ਸਹਿਯੋਗ ਨਾਲ ਹੀ ਵਿਕਾਸ ਦੇ ਸਿਖਰ ਤੇ ਪਹੁੰਚਿਆ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਸਮਾਂ ਪਹਿਲਾ ਉਹ ਵੀ ਇਹ ਪਸ਼ੂ ਹੀ ਸੀ ਜਿਸਨੇ ਮਾਨਸਿਕ ਘਾਲਣਾ ਨਾਲ ਹਜ਼ਾਰਾਂ ਵਰ੍ਹਿਆਂ ਦੀ ਮਿਹਨਤ ਕਰਕੇ (ਜਿਸ ਵਿੱਚ ਸਾਰੀ ਸ੍ਰਿਸ਼ਟੀ ਅਤੇ ਸਾਰੀ ਰਚਨਾ ਵੱਖ-ਵੱਖ ਰੂਪਾਂ ਵਿਚ ਮਨੁੱਖ ਦੀ ਹੋਂਦ ਲਈ ਮੱਦਦਗਾਰ ਰਹੀ ਹੈ) ਇਸ ਸਿਖਰ ਨੂੰ ਛੂਹਿਆਂ ਹੈ। ਇਸ ਮਨੁੱਖ ਨੂੰ ਇਹਨਾਂ ਸਭ ਸ੍ਰਿਸ਼ਟੀ ਦੇ ਮਦਦਗਾਰ ਤੱਤਾਂ ਪ੍ਰਤੀ ਅਹਿਸਾਨ ਮੰਦ ਹੋਣਾ ਚਾਹੀਦਾ ਹੈ। ਪਰੰਤੂ ਮਨੁੱਖ ਪ੍ਰੇਮ ਅਤੇ ਸੱਚ ਦੇ ਮਾਰਗ ਨੂੰ ਛੱਡ ਕੇ ਆਪਣੇ ਸਾਰਿਆਂ ਸਾਧਨਾਂ ਦੀ ਵਰਤੋਂ ਕੇਵਲ ਇਸ ਲਈ ਕਰਨ ਲਗਿਆ ਹੋਇਆ ਹੈ ਕਿ ਉਹ ਖੁਦ ਸਾਰੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ ਸਰਗਰਮੀਆਂ ਦਾ ਕੇਂਦਰ ਬਿੰਦੂ ਬਣਿਆ ਰਹੇ। ਉਸ ਦੀ ਦਿਲੀ ਇਛਾ ਕੇਵਲ ਇਹ ਰਹਿ ਗਈ ਹੈ ਕਿ ਸੰਸਾਰਕ ਸੁਖਾਂ ਦੇ ਸਾਰੇ ਰਸਤੇ ਉਸਦੇ ਵੱਲ ਹੀ ਆਉਂਦੇ ਰਹਿਣ ਅਤੇ ਅਜਿਹਾ ਕਰਨ ਲਈ ਉਹ ਸਾਰੀਆਂ ਕਦਰਾਂ ਕੀਮਤਾਂ ਅਤੇ ਮਰਿਆਦਾਵਾਂ ਨੂੰ ਇਕ ਪਾਸੇ ਕਰ ਕੇ ਉਹਨਾਂ ਸਭ ਦੀ ਵਿਆਖਿਆ ਆਪਣੇ ਅਨੁਸਾਰ ਕਰ ਰਿਹਾ ਹੈ। ਏਸੇ ਪ੍ਰਕਿਰਿਆ ਵਿਚ ਇਕ ਬ੍ਰਹਮ ਜੋਤ ਦੁਆਰਾਂ ਬਣਾਈ ਮਨੁੱਖਾਂ ਪਸ਼ੂਆਂ, ਬਨਸਪਤੀ ਅਤੇ ਹੋਰ ਜੀਵਧਾਰੀਆਂ ਦੀ ਰਚਨਾ ਨੂੰ ਬਰਬਾਦ ਕਰਨ ਲਗਿਆਂ ਉਸ ਨੂੰ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ।

ਗੁਰਮਤਿ ਅਨੁਸਾਰ ਮਨੁੱਖ ਦਾ ਅਧਿਆਤਮਕ ਸਫਰ ਸੰਸਾਰਕ ਰਸਤੇ ਵਿਚੋਂ ਹੋ ਕੇ ਗੁਜਰਨਾ ਹੈ ਗੁਰਮੁਖ ਨੇ ਕਮਲ ਦੀ ਤਰ੍ਹਾਂ ਨਿਰਲੇਪ ਰਹਿ ਕੇ ਆਪਣੀਆਂ ਸੰਸਾਰਕ ਜਿਮੇਵਾਰੀਆਂ ਨਿਭਾ ਕੇ ਅਧਿਆਤਮਕ ਮੰਡਲ ਦੀ ਸਰਵਉਚ ਪਦਵੀ ਤੇ ਸਚਖੰਡ ਵਿਚ ਪ੍ਰਵੇਸ਼ ਕਰਨਾ ਹੈ। ਹੁਣ ਜਦੋਂ ਕਮਲ ਦੀ ਤਰ੍ਹਾਂ ਜਾਂ ਮੁਰਗਾਬੀ ਦੀ ਤਰ੍ਹਾਂ ਸੰਸਾਰ ਵਿਚ ਰਹਿ ਕੇ ਅਤੇ ਨਿਰਲੇਪ ਹੋ ਕੇ ਗੁਜਰਨਾ ਹੈ (ਸਿਧ ਗੋਸ਼ਟਿ) ਤਾਂ ਉਸਨੂੰ ਸੰਸਾਰਕ ਖੁਦਗਰਜ਼ੀਆਂ ਅਤੇ ਵਿਅਕਤੀਗਤ ਇਛਾਵਾਂ ਤੋਂ ਉਪਰ ਉਠਣਾ ਪਵੇਗਾ ਅਤੇ ਇਹ ਮੰਨਣਾ ਪਵੇਗਾ ਕਿ ਇਸ ਕੁਦਰਤ ਵਿਚ ਪਰਮਾਤਮਾ ਦੇ ਬਝਵੇਂ ਨਿਯਮਾਂ ਅਨੁਸਾਰ ਤਰ੍ਹਾਂ-ਤਰ੍ਹਾਂ ਦੇ ਜੀਵਨ ਸੰਗਠਨ ਪੈਦਾ ਹੁੰਦੇ ਹਨ ਜਿਹੜੇ ਪਰਸਪਰ ਇਕ ਦੂਜੇ ਤੋਂ ਭਿੰਨ ਹੁੰਦਿਆ ਹੋਇਆ ਵੀ ਅੰਦਰੂਨੀ ਤੌਰ ਤੇ ਇਕ ਸੁਰ ਹੁੰਦੇ ਹਨ ਅਤੇ ਇਕ ਦੂਜੇ ਦੇ ਪੂਰਕ ਹੁੰਦੇ ਹਨ। (ਗੁਰੂ ਗ੍ਰੰਥ ਸਾਹਿਬ ਪੰਨਾ ਨੰ: 464)

### 1.7.4 ਵਾਤਾਵਰਣਿਕ ਸਮੱਸਿਆਵਾਂ

ਜਪੁਜੀ ਵਿਚ ਧਰਤੀ ਨੂੰ ਇਕ ਧਰਮਸ਼ਾਲ ਅਰਥਾਤ ਸਦਾਚਾਰ ਦਾ ਅਜਿਹਾ ਸਥਾਨ ਕਿਹਾ ਗਿਆ ਹੈ ਜਿਥੋਂ ਵਿਅਕਤੀ ਨੇ ਸਵੈ ਪੜਚੋਲ, ਸਵੈ ਤਿਆਗ ਅਤੇ ਦੂਜਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਦੀ ਪ੍ਰੇਰਨਾ ਪ੍ਰਾਪਤ ਕਰਨੀ ਹੈ। ਅੱਜ ਦੀ ਦਰਪੇਸ਼ ਹਾਲਾਤ ਇਹ ਹੈ ਕਿ ਮਨੁੱਖ ਨੇ ਆਪਣੀਆਂ ਸਵਾਰਥੀ ਬਿਰਤੀਆਂ ਕਾਰਨ ਕੁਦਰਤ ਨੂੰ ਲੁੱਟਿਆ ਅਤੇ ਉਸ ਦਾ ਰੱਜ ਕੇ ਸ਼ੋਸ਼ਣ ਕੀਤਾ ਹੈ। ਵਾਤਾਵਰਣ ਵਿਗਿਆਨੀ ਦਸ ਰਹੇ ਹਨ ਕਿ ਜੇਕਰ ਮਨੁੱਖ ਆਪਣੇ ਇਸ ਖੁਦਗਰਜ਼ੀ ਦੇ ਵਿਹਾਰ ਨੂੰ ਬਦਲਣ ਵਿਚ ਸਫਲ ਨਾਂ ਹੋਇਆ ਤਾਂ ਭਵਿੱਖ ਵਿਚ ਉਸ ਨੂੰ ਬਹੁਤ ਖਤਰੇ ਦਾ ਸਾਹਮਣਾ ਕਰਨਾ ਪਵੇਗਾ ਅਨੁਮਾਨ ਹੈ ਕਿ 2025 ਈ. ਤੱਕ ਦੁਨੀਆਂ ਦੇ ਭਾਰਤ ਸਮੇਤ 50 ਦੇਸ਼ਾਂ ਵਿਚ ਪੀਣ ਵਾਲੇ ਪਾਣੀ ਦਾ ਖਾਤਮਾ ਹੋ ਜਾਵੇਗਾ। ਇਸ ਤੋਂ ਇਲਾਵਾਂ ਹੇਠ ਲਿਖੀਆਂ ਸਮੱਸਿਆਵਾਂ ਸਾਡੇ ਸਾਹਮਣੇ ਮੂੰਹ ਅੱਡੀ ਖੜੀਆਂ ਹਨ :

1. ਭਾਰਤ ਦੇ 60,000 ਪਿੰਡ ਪੀਣ ਵਾਲੇ ਪਾਣੀ ਤੋਂ ਵਾਂਝੇ ਹਨ।
2. ਵਿਸ਼ਵ ਵਿਚ ਪ੍ਰਤੀ ਸੈਕੰਡ ਇਕ ਹੈਕਟੇਅਰ ਜੰਗਲ ਖਤਮ ਹੋ ਰਹੇ ਹਨ ਜਿਸ ਨਾਲ ਹੜ, ਖੇਤੀ ਯੋਗ ਜਮੀਨ ਦੀ ਘਾਟ, ਜਹਿਰੀਲੇ ਤੱਤਾਂ ਦਾ ਵਾਧਾ ਆਦਿ ਸਮਸਿਆਵਾਂ ਆ ਰਹੀਆਂ ਹਨ।
3. ਸੰਸਾਰ ਦੇ ਇੱਕ ਅਰਬ ਲੋਕ ਧੂੰਏ ਕਾਰਨ ਪ੍ਰਦੂਸ਼ਿਤ ਹਵਾ ਵਿਚ ਰਹਿ ਰਹੇ ਹਨ
4. ਭੂਚਾਲ, ਸੁਨਾਮੀ, ਹੜਾ ਆਦਿ ਕਰੋੜਾ ਦੇ ਜਾਨ ਅਤੇ ਮਾਲ ਦਾ ਨੁਕਸਾਨ ਕਰ ਰਹੇ ਹਨ।

5. ਹਿਮਾਲਯ ਦੀ ਬਰਫ਼ ਦਾ ਔਸਤਨ 15 ਮੀਟਰ ਹਿੱਸਾ ਹਰ ਸਾਲ ਘਟ ਰਿਹਾ ਹੈ।
6. ਜ਼ਹਿਰੀਲਾ ਪਾਣੀ ਸਮੁੰਦਰ ਦੇ ਜੀਵਾਂ ਦੀ ਹੋਂਦ ਲਈ ਲਗਾਤਾਰ ਖਤਰਾ ਬਣ ਰਿਹਾ ਹੈ।
7. ਕੀਟ ਨਾਸ਼ਕਾਂ ਦੀ ਵਰਤੋਂ ਦੇ ਚਲਦੇ ਖਾਦ ਪਦਾਰਥਾਂ ਵਿਚ ਘੁਲੇ ਜ਼ਹਿਰ ਸਿਹਤ ਲਈ ਖਤਰਾ ਵਧਾ ਰਹੇ ਹਨ।
8. ਉਜ਼ੋਂਨ ਪਰਤ ਲਗਾਤਾਰ ਘਟ ਰਹੀ ਹੈ ਜਿਸ ਨਾਲ Global Warming) ਜਿਹੇ ਖਤਰੇ ਸਾਡੇ ਸਾਹਮਣੇ ਹਨ।
9. ਵਾਤਾਵਰਣ ਦੀ ਸੰਤੁਲਨਾ ਵਿਗੜਨ ਕਾਰਨ ਗਰੀਬੀ, ਅੰਨ ਸੰਕਟ ਅਤੇ ਭਿਆਨਕ ਬਿਮਾਰੀਆਂ ਨੇ ਮਨੁੱਖ ਨੂੰ ਘੇਰ ਲਿਆ ਹੈ।
10. ਪਾਣੀ ਦੀ ਵੰਡ ਦੇ ਮੁੱਦਿਆਂ ਨੂੰ ਲੈ ਕੇ ਵਿਸ਼ਵ ਯੁੱਧ ਹੋਣ ਦਾ ਖਦਸ਼ਾ ਹੈ।

### 1.7.5 ਸਾਰ

ਸੋ ਧਾਰਮਿਕ ਸਾਹਿਤ ਵਿਚੋਂ ਸਰਵਸ਼੍ਰੇਸਠ ਮੰਨਿਆ ਜਾਣ ਵਾਲਾ ਗੁਰੂ ਨਾਨਕ ਦਾ ਫਲਸਫਾ ਜਿਸ ਵਿਚੋਂ ਸਾਨੂੰ ਬ੍ਰਹਿਮੰਡ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਸੇਧ ਮਿਲਦੀ ਹੈ, ਉਸ ਵਿਚ ਅਨੇਕਾਂ ਦ੍ਰਿਸ਼ਟਾਂਤ ਐਸੇ ਹਨ ਜੋ ਮਨੁੱਖ ਨੂੰ ਕੁਦਰਤ ਦੇ ਨਾਲ ਇਕਮਿੱਕ ਹੋ ਜਾਣ ਲਈ ਪ੍ਰੇਰਨਾ ਦੇਂਦੇ ਹਨ ਗੁਰਮਤਿ ਵਿਚਲਾ ਵਿਸਮਾਦ ਅਤੇ ਪ੍ਰੇਮ ਦਾ ਜਜਬਾ ਮਨੁੱਖ ਨੂੰ ਨਿਸ਼ਕਪਟ ਅਤੇ ਮਾਸੂਮ ਭਾਵਨਾ ਨਾਲ ਭਰਦਾ ਹੈ ਜਿਸ ਵਿਚ ਉਹ ਬ੍ਰਹਿਮੰਡ ਦੀ ਵਿਸ਼ਾਲਤਾ ਅਤੇ ਭਿੰਨਤਾ ਵਿਚ ਐਸਾ ਗੁਆਚਦਾ ਹੈ ਕਿ ਆਪਣੇ ਸਰਵਸ਼੍ਰੇਸਠ ਹੋਣ ਦਾ ਹੰਕਾਰ ਉਸਦੇ ਕਿਤੇ ਨੇੜੇ ਨਹੀਂ ਭਾਸਦਾ।
ਉਦਾਹਰਣ ਦੇ ਤੌਰ ਤੇ ਜਗਨਨਾਥ ਪੁਰੀ ਵਿਖੇ ਉਚਾਰਿਆਂ ਗਿਆ 'ਆਰਤੀ' ਦਾ ਸ਼ਬਦ ਵਿਸਮਾਦ ਵਿਚ ਡੁੱਬਿਆ ਹੋਇਆ ਅਜਿਹਾ ਸ਼ਾਨਦਾਰ ਦ੍ਰਿਸ਼ਟਾਂਤ ਅੱਖਾਂ ਸਾਹਮਣੇ ਲਿਆਉਂਦਾ ਹੈ ਕਿ ਜਿਸ ਨੂੰ ਪੜ੍ਹ ਸੁਣ ਕੇ ਸ਼ਰਧਾਵਾਨ ਕੁਦਰਤ ਨਾਲ ਇਕਮਿਕ ਹੋ ਜਾਂਦਾ ਹੈ। ਜਿਥੇ ਭੋਗਵਾਦ ਨੇ ਇਨਸਾਨ ਨੂੰ ਮਸ਼ੀਨ ਬਣਾ ਦਿੱਤਾ ਹੈ, ਉਸਨੂੰ ਉਲਝਣ ਚੋਂ ਕੱਢ ਕੇ ਇਕ ਸਰਵਉਚ ਬ੍ਰਹਿਮੰਡੀ ਚੇਤਨਾ ਦਾ ਅਹਿਸਾਸ ਹੁੰਦਾ ਹੈ ਅਤੇ ਇਹ ਅਹਿਸਾਸ ਵੀ ਨਾਲ ਹੀ ਉਪਜਦਾ ਹੈ ਕਿ ਇਹ ਮਾਨਵਤਾ ਦੀ ਸਾਂਝੀ ਜ਼ਿੰਮੇਵਾਰੀ ਹੈ ਕਿ ਉਹ ਇਸ ਕੁਦਰਤ ਦੀ ਸਾਂਭ ਸੰਭਾਲ ਕਰੇ, ਤਿਆਗ ਅਤੇ ਨਿਰਲੇਪ ਦੀ ਭਾਵਨਾ ਦਾ ਇਜਹਾਰ ਕਰੇ ਤਾਂ ਕਿ ਆਉਣ ਵਾਲੀਆਂ ਨਸਲਾਂ ਪ੍ਰਤੀ ਅਸੀਂ ਜਵਾਬਦੇਹ ਵੀ ਹੋ ਸਕੀਏ ਅਤੇ ਨਾਲ ਹੀ ਨਾਲ ਆਪਣਾ ਵਿਅਕਤੀਗਤ ਵਿਕਾਸ ਕਰਕੇ ਉਸ ਬ੍ਰਹਿਮੰਡੀ ਚੇਤਨਾ ਵਿਚ ਇਕ ਮਿਕ ਹੋ ਸਕੀਏ।

### 1.7.6 ਸਹਾਇਕ ਪੁਸਤਕਾਂ

Santokh Singh : Philosophical Foundations of Sikh Way of Life
T. Swaran Raju : Eco-Ecological Concerns in Indian Religious Traditions

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.